# ਲੌਕਡਾਊਨ
(ਕਾਵਿ ਸੰਗ੍ਰਹਿ)

# ਸੁਖਿੰਦਰ ਰਚਿਤ ਪੁਸਤਕਾਂ :

## ☐ ਵਿਗਿਆਨ :

- ■ ਪੁਲਾੜ, ਸਮਾਂ ਤੇ ਪਦਾਰਥ (1972)
- ■ ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ■ ਵਿਸ਼ਵ ਚਰਚਾ (1975)

## ☐ ਕਵਿਤਾ :

- ■ ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ■ ਤਿੰਨ ਕੋਣ (ਤਿੰਨ ਕਵੀ) (1979)
- ■ ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ■ ਇਹ ਖ਼ਤ ਕਿਸਨੂੰ ਲਿਖਾਂ (1998)
- ■ ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ■ ਸਮੋਸਾ ਪਾਲਿਟਿਕਸ (2012)
- ■ ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ■ ਡਾਇਰੀ ਦੇ ਪੰਨੇ (2016)
- ■ ਸਾਜ਼ਿਸ਼ੀ ਮੌਸਮ (2018)
- ■ ਬਾਂਦਰ ਨਾਲ ਬਹਿਸ ਕੌਣ ਕਰੇ (2019)
- ■ ਲੱਕੜ ਦੀਆਂ ਮੱਛੀਆਂ (1979)
- ■ ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ■ ਸ਼ਕਿਜ਼ੋਫ਼ਰੇਨੀਆਂ (1993)
- ■ ਕੁੱਤਿਆਂ ਬਾਰੇ ਕਵਿਤਾਵਾਂ (2006)
- ■ ਗਲੋਬਲੀਕਰਨ (2008)
- ■ ਕਵਿਤਾ ਦੀ ਤਲਾਸ਼ ਵਿੱਚ (2013)
- ■ ਆਮ ਆਦਮੀ ਦਾ ਇਨਕਲਾਬ (2015)
- ■ ਲਹੂ ਦਾ ਰੰਗ (ਦੋ ਕਵੀ) (2017)
- ■ ਕਵਿਤਾ ਕੇ ਸਾਥ ਸਾਥ (ਹਿੰਦੀ) (2018)

## ☐ ਆਲੋਚਨਾ :

- ■ ਕੈਨੇਡੀਅਨ ਪੰਜਾਬੀ ਸਾਹਿਤ (2010)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ■ ਕ੍ਰਾਂਤੀ ਦੀ ਕਵਿਤਾ (2017)

## ☐ ਵਾਰਤਕ :

- ■ ਸਿੱਧੀਆਂ ਸਪੱਸ਼ਟ ਗੱਲਾਂ (2010)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)
- ■ ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)
- ■ ਗੱਲਾਂ ਪਾਕਿਸਤਾਨ ਦੀਆਂ (2019) (ਗੁਰਮੁਖੀ)

## ☐ ਸੰਪਾਦਨਾ :

- ■ ਮਕਤਲ (ਪ੍ਰਗਤੀਵਾਦੀ ਕਵਿਤਾ- ਸਹਿ ਸੰਪਾਦਨਾ) (1982)
- ■ ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ■ ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)

## ☐ ਨਾਵਲ :

- ■ ਅਲਾਰਮ ਕਲਾਕ (2003)

## ☐ ਬੱਚਿਆਂ ਲਈ :

- ■ ਅਨੀਤਾ ਆਂਟੀ ਅਤੇ ਬੱਚੇ (2004)

## ☐ English :

- ■ Children Are Not Hamburger Meat (Poetry) (2005)

# ਲੌਕਡਾਊਨ

(ਕਾਵਿ-ਸੰਗ੍ਰਹਿ)

-ਸੁਖਿੰਦਰ

2020

ਤਰਕਭਾਰਤੀ ਪ੍ਰਕਾਸ਼ਨ
ਬਰਨਾਲਾ, ਇੰਡੀਆ

Copyright © 2020 Sukhinder

# Lockdown

(Poetry)

- by Sukhinder

Sukhinder
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

Price : $10 (In Canada & U.S.A.)
: Rs. 100 (In India)

Typeset, Printed & Published by :

Published in India by :
Tark Bharti Parkashan
St. 8, K.C. Road
Barnala-148101, Punjab, India
Phone : 01679-233244, 241744
tarksheel@gmail.com; www.thepunjabi.com

In Canada :
Knowledge Eye
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

# ਸਮਰਪਨ :

ਡਾਕਟਰਾਂ, ਨਰਸਾਂ, ਸਿਹਤ ਵਿਗਿਆਨੀਆਂ, ਸਫਾਈ ਕਰਮਚਾਰੀਆਂ,
ਹਸਪਤਾਲਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ, ਟੈਕਨੀਸ਼ਨਾਂ
ਜਿਨ੍ਹਾਂ ਨੇ ਆਪਣੀਆਂ ਜਾਨਾਂ ਤਲੀਆਂ ਉੱਤੇ ਰੱਖ ਕੇ
ਕਰੋਨਾ ਮਹਾਵਾਰੀ ਸੰਕਟ ਦੌਰਾਨ ਕਰੋਨਾ ਵਾਇਰਸ ਨਾਲ
ਪੀੜਤ ਲੋਕਾਂ ਦਾ ਇਲਾਜ ਕੀਤਾ ਅਤੇ ਉਨ੍ਹਾਂ ਮਜ਼ਦੂਰਾਂ, ਗਰੀਬਾਂ, ਬੇਘਰ
ਲੋਕਾਂ ਲਈ ਜਿਨ੍ਹਾਂ ਨੂੰ ਹਕੂਮਤਾਂ ਦੀਆਂ ਗਲਤੀਆਂ ਅਤੇ ਨਾਕਾਮੀਆਂ ਕਾਰਨ
ਇੰਤਹਾ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਦੁੱਖ ਝੱਲਣੇ ਪਏ

# ਸੁਖਿੰਦਰ ਦਾ ਕਾਵਿ-ਸੰਗ੍ਰਹਿ ਲੌਕਡਾਊਨ : ਮਹਾਮਾਰੀ ਦਾ ਕਾਵਿਕ-ਚਿੱਤਰ

ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਸੁਖਿੰਦਰ ਦਾ ਸਫ਼ਰ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਵਿੱਚ ਸ਼ੁਰੂ ਹੋ ਗਿਆ ਸੀ. ਉਸ ਦੀ ਕਵਿਤਾ ਦੀ ਪਹਿਲੀ ਕਿਤਾਬ "ਸ਼ਹਿਰ ਧੁੰਦ ਅਤੇ ਰੌਸ਼ਨੀਆਂ" 1974 ਵਿੱਚ ਛਪ ਗਈ ਸੀ. ਉਦੋਂ ਤੋਂ ਲੈ ਕੇ ਹੁਣ ਤੱਕ ਉਸ ਦੀ ਕਵਿਤਾ ਦਾ ਸਫ਼ਰ ਨਿਰੰਤਰ ਜਾਰੀ ਹੈ. ਹੁਣ ਤੱਕ ਉਹ ਇਸ ਸੰਗ੍ਰਹਿ ਤੋਂ ਪਹਿਲਾਂ ਸਤਾਰਾਂ ਕਿਤਾਬਾਂ ਕਵਿਤਾ ਦੀਆਂ ਲਿਖ ਚੁੱਕਾ ਹੈ. ਪਿਛਲੇ ਕੁਝ ਸਮੇਂ ਤੋਂ ਸੁਖਿੰਦਰ ਦੀ ਕਵਿਤਾ ਲਿਖਣ ਦੀ ਰਫਤਾਰ ਵੀ ਵਧੀ ਹੈ ਅਤੇ ਕਾਵਿ-ਭਾਸ਼ਾ ਵੀ ਬਦਲੀ ਹੈ. "ਸ਼ਕਿਜ਼ੋਫਰੇਨੀਆ" (1993) ਤੋਂ ਬਾਅਦ ਦੇ ਕਾਵਿ-ਸੰਗ੍ਰਹਿਆਂ ਦੀ ਕਵਿਤਾ ਦੀ ਕਾਵਿ-ਭਾਸ਼ਾ ਲਗਾਤਾਰ ਵਿਸਫੋਟਕ, ਸਿਆਸੀ ਅਤੇ ਤਤਕਾਲੀ ਸੁਭਾ ਦੀ ਹੋ ਰਹੀ ਹੈ. ਮਸਲਾ ਇਹ ਨਹੀਂ ਕਿ ਇਹ ਤੱਤ ਪਹਿਲਾਂ ਦੀ ਪੰਜਾਬੀ ਕਵਿਤਾ ਵਿੱਚ ਜਾਂ ਸੁਖਿੰਦਰ ਦੀ ਕਵਿਤਾ ਵਿੱਚ ਨਹੀਂ ਸਨ ਮੈਂ ਜੋ ਕਹਿਣਾ ਚਾਹ ਰਿਹਾਂ ਉਹ ਇਹ ਹੈ ਕਿ ਪਿਛਲੇ ਲੱਗਭੱਗ ਤਿੰਨ ਦਹਾਕਿਆਂ ਤੋਂ ਸੁਖਿੰਦਰ ਆਪਣੀ ਕਵਿਤਾ ਲਈ ਪਹਿਲਾਂ ਦੇ ਸਿੱਕੇਬੰਦ ਅਤੇ ਸਨਾਤਨੀ ਸੋਹਜਾਤਮਿਕ ਵਿਚੋਲਿਆਂ ਦੀ ਵਿਚੋਲਗੀ ਤੋਂ ਬਾਗੀ ਹੋ ਰਿਹਾ ਹੈ. ਇਸ ਨੂੰ ਉਹ ਡਾਇਰੈਕਟ ਕਵਿਤਾ ਦਾ ਨਵਾਂ ਰੂਪ ਕਹਿੰਦਾ ਹੈ. ਕੁਝ ਵਿਦਵਾਨ ਕਹਿੰਦੇ ਹਨ ਕਿ ਇਸ ਵਿੱਚ ਕਵਿਤਾ ਨਹੀਂ ਹੈ ਇਹ ਸਿਆਸੀ ਪ੍ਰਵਚਨ ਹੈ. ਪਰ ਸਿਆਸੀ ਪ੍ਰਵਚਨ ਤਾਂ ਪੰਜਾਬੀ ਕਵਿਤਾ ਦੀ ਧਰੋਹਰ ਰਹੀ ਹੈ.

ਅਸਲ ਵਿੱਚ ਸੁਖਿੰਦਰ ਜਿਸ ਨੂੰ ਡਾਇਰੈਕਟ ਕਵਿਤਾ ਕਹਿ ਰਿਹਾ ਹੈ ਉਸ ਵਿੱਚ ਕਵਿਤਾ ਦੇ ਪਰੰਪਰਾਗਤ ਅਤੇ ਹੁਣ ਤੋਂ ਪਹਿਲਾਂ ਦੇ ਆਧੁਨਿਕ ਪੰਜਾਬੀ ਕਵਿਤਾ ਦੇ ਸੋਹਜ ਮਾਧਿਅਮਾਂ ਤੋਂ ਅਲਵਿਦਾ ਹੈ. ਇਹ ਵੀ ਸਵਾਲ ਹੋ ਸਕਦਾ ਹੈ ਕਿ ਕੀ ਉਸ ਨੇ ਸਮਕਾਲੀ ਕਵਿਤਾ ਲਈ ਕੋਈ ਨਵਾਂ ਸੋਹਜ-ਸ਼ਾਸਤਰ ਤਲਾਸ਼ ਲਿਆ ਹੈ ਜਾਂ ਤਲਾਸ਼ਣ ਦਾ ਯਤਨ ਹੈ. ਮੈਂ ਸਮਝਦਾ ਹਾਂ ਕਿ ਤਲਾਸ਼ਣ ਦਾ ਯਤਨ ਜ਼ਰੂਰ ਹੈ ਭਾਵੇਂ ਕਿ ਇਸ ਦੇ ਵਿਸਫੋਟਕ ਰੂਪ ਵਿੱਚ ਕੁਝ ਜਿਆਦਾ ਹੀ ਸਿੱਧਾਪਣ ਹੈ. ਇਹ ਕਵਿਤਾ ਤਿਖੀ ਪੱਤਰਕਾਰੀ ਵਰਗੀ ਹੈ. ਸੱਤਾ ਵਰਤਾਰਿਆਂ ਪ੍ਰਤਿ ਗੁੱਸੇ ਅਤੇ ਰੋਹ ਦਾ ਭਖਵਾਂ ਪ੍ਰਵਚਨ. ਇਸੇ ਕਾਰਨ ਵਰਤਮਾਨ ਸਿਆਸੀ ਪ੍ਰਪੰਚਾਂ ਦਾ ਵਿਰੋਧ ਕਰਨ ਵਾਲੇ ਨਾਗਰਿਕ ਇਸ ਦੇ ਚੰਗੇ ਪਾਠਕ ਹਨ.

ਸੁਖਿੰਦਰ ਦਾ ਇਹ ਨਵਾਂ ਕਾਵਿ-ਸੰਗ੍ਰਹਿ "ਲੌਕਡਾਊਨ" ਕਈ ਮਾਇਨਿਆਂ ਵਿੱਚ ਇਤਿਹਾਸਕ ਅਤੇ ਵਿਸ਼ੇਸ਼ ਹੈ. ਇਹ ਕਵਿਤਾਵਾਂ ਕੋਰੋਨਾ

ਮਹਾਮਾਰੀ ਬਾਰੇ ਹਨ ਜਿਸ ਦੀ ਖ਼ਬਰ ਦੁਨੀਆਂ ਨੂੰ ਦਸੰਬਰ 2019 ਵਿੱਚ ਲੱਗੀ. ਭਾਰਤ ਵਿੱਚ ਇਸ ਬਿਮਾਰੀ ਦਾ ਪਹਿਲਾ ਮਰੀਜ਼ ਜਨਵਰੀ 20 ਵਿੱਚ ਸਾਹਮਣੇ ਆਇਆ. ਅੱਜ ਤੱਕ ਨਾਂ ਇਸ ਬਿਮਾਰੀ ਦੀ ਰੋਕਥਾਮ ਲਈ ਕੋਈ ਪੱਕਾ ਇਲਾਜ ਸਾਹਮਣੇ ਆਇਆ ਨਾਂ ਹੀ ਇਸ ਦੇ ਫੈਲਣ ਦੀ ਰਫ਼ਤਾਰ ਘੱਟ ਰਹੀ ਹੈ. ਸਗੋਂ ਭਾਰਤ ਵਿੱਚ ਤਾਂ ਹੁਣ ਇਹ ਇਨ੍ਹਾਂ ਕਵਿਤਾਵਾਂ ਲਿਖੇ ਜਾਣ ਤੋਂ ਬਾਅਦ ਭਿਆਨਕ ਰੂਪ ਵਿੱਚ ਫੈਲ ਰਹੀ ਹੈ. ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਕੋਰੋਨਾ ਦੇ ਭਾਰਤ ਵਿੱਚ ਸ਼ਿਕਾਰ ਲੋਕ ਉਨੱਤੀ ਲੱਖ ਹਨ ਕੱਲ੍ਹ ਨੂੰ ਸੱਤਰ ਹਜ਼ਾਰ ਹੋਰ ਵੱਧ ਜਾਣਗੇ. ਸੰਸਾਰ ਵਿੱਚ ਮਹਾਮਾਰੀਆਂ ਪਹਿਲਾਂ ਵੀ ਆਉਂਦੀਆਂ ਰਹੀਆਂ ਹਨ ਪਰ ਐਨੀ ਚਰਚਾ ਮੀਡਿਆ ਅਤੇ ਸਿਆਸੀ ਹਲਕਿਆਂ ਵਿੱਚ ਕਦੇ ਵੀ ਹੋਈ ਨਹੀਂ ਮਿਲਦੀ. ਇਸਦੇ ਕਾਰਨ ਵੀ ਸਾਡੇ ਸਮਿਆਂ ਦੇ ਮੰਡੀ ਯੁਗ ਵਿੱਚ ਪਏ ਹਨ ਜਿਸ ਵਿੱਚ ਮਹਾਮਾਰੀ ਨੂੰ ਵੀ ਮੰਡੀ ਦੀ ਦ੍ਰਿਸ਼ਟੀ ਤੋਂ ਲਾਭ-ਹਾਨੀ ਵਜੋਂ ਲਿਆ ਜਾ ਰਿਹਾ ਹੈ. ਸਭਿਅਤਾ ਨੂੰ ਕਿਵੇਂ ਇਸ ਮਹਾਮਾਰੀ ਤੋਂ ਬਚਾਇਆ ਜਾਵੇ ਨਾਲੋਂ ਪ੍ਰਤੀਯੋਗਤਾ ਦੀ ਹੋੜ ਵਧੇਰੇ ਹੈ ਕਿ ਇਸ ਤੋਂ ਲਾਹਾ ਕਿਵੇਂ ਲਿਆ ਜਾਵੇ. ਸੈਂਕੜੇ ਹਜ਼ਾਰ ਕਰੋੜ ਲੋਕ ਇਸ ਦੀ ਮਾਰ ਕਾਰਨ ਬੇਰੋਜ਼ਗਾਰ ਹੋ ਰਹੇ ਹਨ, ਲੱਖਾਂ ਹੀ ਮਰ ਰਹੇ ਹਨ ਵਿਸ਼ਵ ਦੇ ਚੌਧਰੀ ਮੁਲਕ ਨਫ਼ਾ ਖੱਟਣ ਦੀ ਰੇਸ ਲਾ ਰਹੇ ਹਨ. ਮੀਡਿਆ ਦਾ ਨਵਾਂ ਹੀ ਬਜਾਰੂ ਰੂਪ ਸਾਹਮਣੇ ਆ ਰਿਹਾ ਹੈ.

ਸੁਖਿੰਦਰ ਦੇ ਇਸ ਸੰਗ੍ਰਹਿ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਜਦੋਂ ਉਸ ਨੇ ਇਹ ਕਵਿਤਾਵਾਂ ਲਿਖੀਆਂ ਉਹ ਭਾਰਤ ਵਿੱਚ ਫਸਿਆ ਹੋਇਆ ਸੀ. ਭਾਰਤੀ ਰਾਜਨੀਤੀ ਅਤੇ ਮੀਡਿਆ ਦੇ ਵਿਕਰਾਲ ਰੂਪ ਨੂੰ ਨੇੜਿਓਂ ਦੇਖ ਰਿਹਾ ਸੀ. ਇਨਾਂ ਕਵਿਤਾਵਾਂ ਦਾ ਥਿਮੈਟਿਕ ਸੰਸਾਰ ਇਸੇ ਕਾਰਨ ਭਾਰਤ ਦੀ ਸਿਆਸਤ ਅਤੇ ਮੀਡਿਆ ਨਾਲ ਮੁੱਖ ਰੂਪ ਵਿੱਚ ਸੰਬੰਧਿਤ ਹੈ. ਸੁਖਿੰਦਰ ਨੂੰ ਆਪਣੀ ਸਿਆਸੀ ਸਮਝ ਅਨੁਸਾਰ ਭਾਵੇਂ ਇਹ ਲੱਗਦਾ ਹੈ ਕਿ ਇਸ ਮਹਾਮਾਰੀ ਨੂੰ ਰੋਕਣ ਲਈ ਵਿਗਿਆਨਕ ਸੋਚ ਕਾਰਨ ਚੀਨ ਵਧੇਰੇ ਸਫਲ ਰਿਹਾ ਹੈ ਜਦ ਕਿ ਅਮਰੀਕਾ ਇਸ ਨੂੰ ਚੀਨ ਵੱਲੋਂ ਹੀ ਫੈਲਾਇਆ ਹੋਇਆ ਵਾਇਰਸ ਜੰਗ ਦਾ ਰੂਪ ਗਰਦਾਨ ਰਿਹਾ ਹੈ. ਪਰ ਵਿਸ਼ਵ ਦੀ ਨਵੀਂ ਕੋਲਡ ਵਾਰ ਵਿੱਚ ਹਿੰਦੁਸਤਾਨ ਇਸ ਦੀ ਰੋਕਥਾਮ ਲਈ ਜਦੋਂ ਲੌਕਡਾਊਨ ਦਾ ਐਲਾਨ ਕਰਦਾ ਹੈ ਤਾਂ ਕਈ ਸਵਾਲ ਵੀ ਖੜੇ ਹੁੰਦੇ ਹਨ.

ਸੁਖਿੰਦਰ ਇੱਕ ਚੇਤਨ ਸਿਆਸੀ ਕਵੀ ਦੇ ਤੌਰ ਤੇ ਲੌਕਡਾਊਨ ਦੀ ਭਾਰਤੀ ਪ੍ਰਣਾਲੀ ਤੇ ਤਿੱਖਾ ਵਿਅੰਗ ਕਰਦਾ ਹੈ. ਸਥਿਤੀ ਦਾ ਵਿਅੰਗ ਦੇਖੋ ਕਿ ਹਿੰਦੁਸਤਾਨ ਨੂੰ ਬੰਦ ਕਰਨ ਦਾ ਫ਼ੈਸਲਾ ਇੱਕ ਵਿਗਿਆਨਕ ਫ਼ੈਸਲਾ ਸੀ ਪਰ ਕੀਤਾ ਕੀ ਜਾ ਰਿਹਾ. ਸੁਖਿੰਦਰ ਦੇ ਇਸ ਉਪਹਾਸ ਵਿਅੰਗ ਨੂੰ ਦੇਖੋ :

ਇੱਕ, ਦੇਸ਼ ਦੇ ਹੁਕਮਰਾਨ ਨੇ
ਰੇਡੀਓ, ਟੀਵੀ, ਅਖਬਾਰਾਂ ਵਿੱਚ
ਮੁਨਾਦੀ ਕਰਵਾਈ

"ਕਰੋਨਾਵਾਇਰਸ ਦੇਵਤਾ ਪਧਾਰ ਰਿਹਾ ਹੈ
ਦੇਸਵਾਸੀਆਂ ਨੂੰ ਹੁਕਮ ਹੈ
ਭਰਵਾਂ, ਸੁਆਗਤ
ਕੀਤਾ ਜਾਵੇ"
ਅੰਧ-ਭਗਤਾਂ ਨੇ, ਢੋਲ ਦੇ ਡੱਗੇ ਉੱਤੇ
ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਪੂਰੇ ਜੋਸ਼ ਨਾਲ ਭੰਗੜਾ ਪਾਇਆ

ਇਸੇ ਕਵਿਤਾ ਵਿੱਚ, ਅਗਲੇ ਵਿਸਥਾਰ ਵਿੱਚ ਸੁਖਿੰਦਰ ਕਵਿਤਾ ਦੀ ਭਾਸ਼ਾ ਨੂੰ ਹੋਰ ਵਿਸਫੋਟਕ ਬਣਾ ਕੇ, ਭਾਰਤ ਦੇ ਅੰਧ-ਭਗਤਾਂ ਦਾ ਮੋਜੂ ਉਡਾਉਂਦਾ ਹੈ. ਸੁਖਿੰਦਰ ਦੀ ਪ੍ਰਾਪਤੀ ਹੀ ਕਹਿਣੀ ਚਾਹੀਦੀ ਹੈ ਕਿ ਉਹ ਗੋਦੀ ਮੀਡਿਆ ਦੀ ਸੱਤਾ ਨਾਲ ਸਾਂਝ ਅਤੇ ਵਪਾਰੀ ਸੋਚ ਨੂੰ ਵੀ ਕਵਿਤਾ ਦਾ ਪ੍ਰਮੁੱਖ ਥੀਮ ਬਣਾਉਂਦਾ ਹੈ. ਇਹ ਗੋਦੀ ਮੀਡਿਆ ਸੱਤਾ ਦੇ ਜਮੂਰੇ ਹਨ, ਉਨ੍ਹਾਂ ਦੇ ਡਮਰੂ ਤੇ ਨੱਚਦੇ ਹਨ. ਇਹ ਕੋਰੋਨਾ ਦੀ ਮਹਾਮਾਰੀ ਦੀ ਭਿਆਨਕ ਮਾਰ ਦੇ ਕਾਰਨਾਂ ਅਤੇ ਬਚਾਅ ਬਾਰੇ ਗੱਲ ਨਹੀਂ ਕਰ ਰਹੇ, ਆਪਣੇ ਸਿਆਸੀ ਚੌਧਰੀਆਂ ਸਾਹਮਣੇ ਨੱਚਦੇ ਨਜ਼ਰ ਆਉਂਦੇ ਹਨ. ਕੋਰੋਨਾ ਦੀ ਇਸ ਮਹਾਮਾਰੀ ਵਿੱਚ ਅਸੀਂ ਦੇਖਿਆ ਹੈ ਕਿ ਕਿਵੇਂ ਭਾਰਤ ਦੀ 'ਰਾਸ਼ਟਰਵਾਦੀ' ਸੱਤਾ ਨੇ ਬਿਮਾਰੀ ਨੂੰ ਵੀ ਹਿੰਦੂ ਕਰੋਨਾ ਅਤੇ ਮੁਸਲਿਮ ਕਰੋਨਾ ਵਿੱਚ ਵੰਡ ਲਿਆ ਸੀ. ਜਦੋਂ ਸੁਖਿੰਦਰ ਨੇ ਅਪਰੈਲ 2020 ਵਿੱਚ 'ਹਿੰਦੂ ਕਰੋਨਾ, ਮੁਸਲਿਮ ਕਰੋਨਾ' ਨਾਂ ਦੀ ਕਵਿਤਾ ਲਿਖੀ ਸੀ ਉਦੋਂ ਇਨਾਂ 'ਰਾਸ਼ਟਰਵਾਦੀਆਂ' ਦਾ ਸਾਰਾ ਜੋਰ ਇਸ ਵਿੱਚ ਲੱਗਿਆ ਹੋਇਆ ਸੀ ਕਿ ਪ੍ਰਧਾਨ ਮੰਤਰੀ ਜੀ ਨੇ ਤਾਂ ਕਰੋਨਾ ਕੰਟ੍ਰੋਲ ਕਰ ਲਿਆ ਸੀ ਪਰ ਤਬਲੀਗੀਆਂ ਨੇ ਫਿਰ ਫੈਲਾ ਦਿੱਤਾ. ਅੱਜ ਜਦੋਂ ਮੈਂ ਇਹ ਭੂਮਿਕਾ ਲਿਖ ਰਿਹਾਂ ਤਾਂ ਭਾਰਤ ਕਰੋਨਾ ਦੇ ਅੰਕੜਿਆਂ ਵਿੱਚ ਨੰਬਰ ਦੋ ਤੇ ਹੈ, ਛੇਤੀ ਹੀ ਨੰਬਰ ਇੱਕ ਤੇ ਪਹੁੰਚਣ ਦੀ ਸੰਭਾਵਨਾ ਹੈ. ਉਸ ਸਮੇਂ ਵੱਡੇ ਵੱਡੇ ਸਨਮਾਨ ਯੋਗ ਟੀ.ਵੀ. ਐਂਕਰ ਇਹੀ ਚਿੰਘਾੜ ਰਹੇ ਸਨ ਕਿ ਇਹ ਤਾਂ ਤਬਲੀਗੀਆਂ ਦਾ ਕਾਰਾ ਹੈ. ਹੁਣ ਜਾ ਕੇ ਕੋਰਟ ਨੇ ਵੀ ਕੁਝ ਉਨ੍ਹਾਂ ਮੁਸਲਮਾਨਾਂ ਨੂੰ ਛੱਡਣ ਦੇ ਹੁਕਮ ਦਿੱਤੇ ਹਨ ਜਿਨ੍ਹਾਂ ਨੂੰ ਐਵੇਂ ਜੇਲ੍ਹ ਵਿੱਚ ਡੱਕਿਆ ਹੋਇਆ ਸੀ. ਸੁਖਿੰਦਰ ਨੇ ਇਹ ਕਵਿਤਾ ਲਿਖ ਕੇ ਉਦੋਂ ਬੋਲਡ ਸੋਚ ਦਾ ਸਬੂਤ ਦਿੱਤਾ ਸੀ. ਫਿਰਕੂ ਨੇਤਾ, ਗੋਦੀ ਮੀਡਿਆ, ਮੌਕਾਪ੍ਰਸਤ ਪੱਤਰਕਾਰ, ਸੱਤਾ ਦੇ ਭਾਈਵਾਲ ਧਾਰਮਿਕ ਗੁਰੂ ਇੱਕੋ ਰਾਗ ਅਲਾਪ ਰਹੇ ਸਨ ਮੁਸਲਮਾਨਾਂ ਨੇ, ਤਬਲੀਗੀਆਂ ਨੇ ਕਰੋਨਾ ਦੀ ਮੁਹਿੰਮ ਅਸਫਲ ਕਰ ਦਿੱਤੀ :

ਫਨੀਅਰ ਸੱਪਾਂ ਵਾਂਗੂੰ
ਫਨ ਫੈਲਾਈ ਬੈਠੇ, ਟੀ.ਵੀ. ਐਂਕਰ
ਹਿੰਦੂ ਕਰੋਨਾ, ਮੁਸਲਿਮ ਕਰੋਨਾ
ਦੀ ਹਾਲ ਦੁਹਾਈ ਪਾ ਕੇ
ਲੋਕ-ਮਾਨਸਿਕਤਾ ਵਿੱਚ, ਨਿੱਤ

ਜ਼ਹਿਰ ਦਾ ਧੂੜਾ ਮਾਰ ਰਹੇ ਹਨ

ਜਦੋਂ ਸੁਖਿੰਦਰ ਇਹ ਕਵਿਤਾ ਲਿਖ ਰਿਹਾ ਸੀ ਤਾਂ ਪਰਵਾਸੀ ਮਜ਼ਦੂਰਾਂ ਦੀ ਦੁਰਗਤੀ ਦੇ ਅੰਕੜੇ ਮੀਡਿਆ ਵਿੱਚ ਨੱਬੇ ਹਜ਼ਾਰ ਦੇ ਸਨ. ਸੁਖਿੰਦਰ ਨੇ ਇਨ੍ਹਾਂ ਨੱਬੇ ਹਜ਼ਾਰ ਪਰਵਾਸੀਆਂ ਦੀ ਹੋ ਰਹੀ ਦੁਰਗਤੀ ਜਿਸ ਨੂੰ ਮੈਂ ਕਹਿਨਾ ਕਿ ਸਰਕਾਰ ਦੇ ਗਲਤ ਫੈਸਲਿਆਂ ਕਾਰਨ ਹੋਈ ਦੁਰਗਤੀ ਨੂੰ ਵੀ ਆਪਣੀ ਕਵਿਤਾ ਦਾ ਵਿਸ਼ੇਸ਼ ਵਿਸ਼ਾ ਬਣਾਇਆ. ਹੁਣ ਇਹ ਅੰਕੜੇ ਵੀ ਕਰੋੜਾਂ ਵਿੱਚ ਨਜ਼ਰ ਆਉਂਦੇ ਹਨ. ਸੁਖਿੰਦਰ ਆਪਣੀ ਕਵਿਤਾ ਦਾ ਵਿਚਾਰਧਾਰਕ ਪ੍ਰਵਚਨ ਸਿਰਜਦਾ ਹੈ. ਇਸ ਵਿਚਾਰਧਾਰਾ ਵਿੱਚ ਉਹ ਪੂੰਜੀਵਾਦ ਦੇ ਵਿਕਾਸ ਮਾਡਲ ਨੂੰ ਵੀ ਨੰਗਿਆਂ ਕਰਦਾ ਹੈ. ਇਸ  ਵਿਕਾਸ ਮਾਡਲ ਨੂੰ ਉਹ ਅਮਰੀਕੀ ਮਾਡਲ ਵਜੋਂ ਪਛਾਣਦਾ ਹੈ ਅਤੇ ਚੀਨੀ ਮਾਡਲ ਨੂੰ ਵਿਗਿਆਨਕ ਮੰਨਦਾ ਹੈ. ਵਿਚਾਰਧਾਰਕ ਬਾਰੇ ਕਿੰਤੂ ਪ੍ਰੰਤੂ ਹੋ ਸਕਦਾ ਹੈ ਪਰ ਸੁਖਿੰਦਰ ਪ੍ਰਤੱਖ ਵਾਪਰ ਰਹੇ ਵਰਤਾਰੇ ਵਰਤਾਰ ਵਿੱਚੋਂ ਚੀਨ ਨੂੰ ਇਸ ਲਈ ਆਦਰਸ਼ਕ ਮੰਨ ਰਿਹਾ ਹੈ ਕਿ ਅਖਬਾਰਾਂ ਅਤੇ ਮੀਡਿਆ ਦੀਆਂ ਇਹੀ ਖਬਰਾਂ ਸਨ ਕਿ ਕਰੋਨਾ ਨੂੰ ਕੰਟ੍ਰੋਲ ਕਰਨ ਵਿੱਚ ਅੰਕੜਿਆਂ ਦੇ ਹਿਸਾਬ ਨਾਲ ਚੀਨ ਸਫਲ ਨਜ਼ਰ ਆ ਰਿਹਾ ਸੀ ਅਤੇ ਅਜੇ ਤੀਕ ਵੀ ਇਹੀ ਨਜ਼ਰ ਆ ਰਿਹਾ ਹੈ. ਚੀਨੀ ਵਿਦੇਸ਼ ਸਪੋਕਸਮੈਨ ਇਸ ਨੂੰ ਚੀਨ ਦੀ ਵਿਗਿਆਨਕ ਸੋਚ ਦੀ ਸਫ਼ਲਤਾ ਕਹਿੰਦਾ ਹੈ ਜਦ ਕਿ ਅਮਰੀਕਾ ਚੀਨ ਤੇ ਤਰਕਹੀਨ ਦੋਸ਼ ਲਾ ਰਿਹਾ ਹੈ. ਸੁਖਿੰਦਰ ਚੀਨ ਦੀ ਸੋਚ ਨੂੰ ਵਿਗਿਆਨਕ ਮੰਨ ਕੇ ਕਵਿਤਾ ਦਾ ਥੀਮ ਉਸਾਰਦਾ ਹੈ. ਚੀਨ ਦਾ ਡਿਕਟੇਟਰ ਤੰਤਰ ਕਿਹੜੀਆਂ ਖਬਰਾਂ ਨਸ਼ਰ ਕਰਦਾ ਹੈ ਕਿਹੜੀਆਂ ਸੈਂਸਰ ਕਰ ਦਿੰਦਾ ਹੈ, ਬਾਰੇ ਸੁਖਿੰਦਰ ਚੁੱਪ ਹੀ ਰਹਿੰਦਾ ਹੈ. ਅਸਲ ਵਿੱਚ ਉਸ ਦੀ ਕਵਿਤਾ ਦਾ ਗਿਆਨ-ਸ਼ਾਸਤਰ ਨਸ਼ਰ ਹੋਣ ਵਾਲੀਆਂ ਖ਼ਬਰਾਂ ਤੇ ਹੀ ਟੇਕ ਰਖਦਾ ਹੈ. ਉਦੋਂ ਇਹ ਲੱਗ ਵੀ ਰਿਹਾ ਸੀ ਕਿ ਅਮਰੀਕਾ ਹੀ ਸਭ ਤੋਂ ਵੱਧ ਕਰੋਨਾ ਦੀ ਮਾਰ ਹੇਠ ਹੈ ਅਤੇ ਇਹ ਉਸ ਦੀਆਂ ਹਉਮੈ ਵਾਦੀ ਨੀਤੀਆਂ ਕਾਰਨ ਹੋ ਰਿਹਾ ਹੈ. ਸ਼ਾਇਦ ਇਸੇ ਲਈ ਸੁਖਿੰਦਰ ਲਈ ਵਿਸ਼ਵ ਰਾਜਨੀਤੀ ਵਿੱਚ ਚੀਨ ਦੀਆਂ ਨੀਤੀਆਂ ਮਾਡਲ ਬਣ ਜਾਂਦੀਆਂ ਹਨ. ਸੁਖਿੰਦਰ ਆਪਣੀ ਖਿਝ ਲੇਖਕਾਂ, ਬੁਧੀਜੀਵੀਆਂ, ਕਲਾਕਾਰਾਂ ਤੇ ਵੀ ਕੱਢਦਾ ਹੈ ਜਿਹੜੇ ਮੌਕਾਪ੍ਰਸਤ ਹਨ

ਖੁੰਭਾਂ ਵਾਂਗ ਉੱਗ ਆਉਣਗੇ, ਫਿਰ
ਸ਼ਬਦਾਂ ਦੇ ਵਿਓਪਾਰੀ, ਮੌਸਮੀ
ਲੇਖਕ, ਬੁੱਧੀਜੀਵੀ, ਪੱਤਰਕਾਰ, ਨਾਟਕਕਾਰ, ਕਲਾਕਾਰ
‘ਵਿਸ਼ਵ ਪੰਜਾਬੀ ਕਰੋਨਾਵਾਇਰਸ ਸੰਕਟ ਸੰਮੇਲਨਾਂ’ ਦੀਆਂ
ਬਾਂਗਾਂ ਦਿੰਦੇ, ਸ਼ਹਿਰ ਸ਼ਹਿਰ, ਦੇਸ਼ ਦੇਸ਼

ਸੁਖਿੰਦਰ ਦੇ ਇਸ ਸੰਗ੍ਰਹਿ ਵਿੱਚ ਪੰਜਾਬੀ ਬੁੱਧੀਜੀਵੀ, ਗੋਦੀ ਮੀਡਿਆ, ਸਿਆਸਤਦਾਨ, ਪੱਤਰਕਾਰ, ਟੀ.ਵੀ. ਐਂਕਰ, ਦਰਬਾਰੀ, ਲੇਖਕ, ਕਲਾਕਾਰ ਸਭ ਆੜੇ ਹੇਠ ਨੇ. ਪਰ ਨਹੀਂ, ਸਭ ਨਹੀਂ, ਉਹ ਸਭ ਜਿਹੜੇ ਸੱਤਾ ਦੀ ਸੋਚ ਵਰ ਮੇਚ ਕੇ ਚੱਲ ਰਹੇ ਹਨ. ਸੁਖਿੰਦਰ ਬਹੁਤ ਹੀ ਵਿਸਥਾਰ ਨਾਲ ਇਨ੍ਹਾਂ ਦੀ ਭੂਮਿਕਾ

ਦਾ ਇੱਕ ਨੈਰੇਟਿਵ ਬਣਾ ਕੇ ਪੇਸ਼ ਕਰਦਾ ਹੈ. ਇਸ ਨੈਰੇਟਿਵ ਵਿੱਚ ਵਰਤਮਾਨ ਵਿੱਚੋਂ ਇੱਕ ਪਰਸਥਿਤੀ ਚੁਣੀ ਜਾਂਦੀ ਹੈ; ਇਸ ਪਰਸਥਿਤੀ ਵਿੱਚ ਉਸ ਭੂਮਿਕਾ ਨੂੰ ਨਸ਼ਰ ਕੀਤਾ ਜਾਂਦਾ ਜਿਹੜੀ ਸੱਤਵਾਦੀ ਹੈ, ਫਿਰਕੂ ਹੈ, ਤੰਗ ਰਾਸ਼ਟਰਵਾਦੀ ਹੈ, ਦਲਾਲ  ਬੁਰਜੁਆਜ਼ੀ ਵਾਲੀ ਹੈ, ਅੰਧ-ਵਿਸ਼ਵਾਸੀ ਹੈ, ਝੋਲੀ-ਚੁੱਕ ਹੈ, ਸਨਮਾਨਾਂ ਦੀ ਰੇਸ ਵਿੱਚ ਹੈ. ਵਰਤਮਾਨ ਵਿੱਚ ਕਵਿਤਾ ਦਾ ਅਜਿਹਾ ਨੈਰੇਟਿਵ ਖਿਝ ਦੀ ਭਾਸ਼ਾ ਵਿੱਚ ਹੁੰਦਾ ਹੋਇਆ ਵੀ, ਸਮਕਾਲੀ ਕਵਿਤਾ ਵਿੱਚ ਆਪਣੀ ਵਿਲੱਖਣ ਪਛਾਣ ਬਣਾ ਰਿਹਾ ਹੈ. ਕਵਿਤਾ ਦੇ ਪਾਠਕਾਂ ਦਾ ਇੱਕ ਚੰਗਾ-ਖਾਸਾ ਵਰਗ ਇਸ ਕਵਿਤਾ ਨੂੰ ਪੜ੍ਹ ਵੀ ਰਿਹਾ ਹੈ ਅਤੇ ਆਪਣਾ ਵੀ ਰਿਹਾ ਹੈ. ਇਸ ਕਵਿਤਾ ਦੇ ਰੂਪ ਬਾਰੇ ਸੁਖਿੰਦਰ ਚੇਤਨ ਹੈ. ਮਸਲਾ ਇਹ ਨਹੀਂ ਕਿ ਉਸਨੂੰ ਅਲੰਕਾਰ, ਬਿੰਬ, ਪ੍ਰਤੀਕ, ਚਿਹਨ-ਸਿਰਜਣ ਬਾਰੇ ਗਿਆਨ ਨਹੀਂ ਜਾਂ ਕਹਿ ਲਵੋ ਕਿ ਕਵਿਤਾ ਦੇ ਪਰੰਪਰਾ ਵਿੱਚ ਪਏ ਸੋਹਜ-ਮਾਧਿਅਮਾਂ ਦਾ ਇਲਮ ਨਹੀਂ, ਅਸਲ ਵਿੱਚ ਉਹ ਸੁਚੇਤ ਰੂਪ ਵਿੱਚ ਇਨ੍ਹਾਂ ਨੂੰ ਤਿਆਗ ਰਿਹਾ ਹੈ. ਉਸ ਦੀ ਪਹਿਲਾਂ ਦੀ ਕਵਿਤਾ ਵਿੱਚ ਇਨ੍ਹਾਂ ਸੋਹਜ-ਯੁਕਤਾਂ ਦਾ ਪ੍ਰਯੋਗ ਦੇਖਿਆ ਜਾ ਸਕਦਾ ਹੈ.

ਅਸਲ ਵਿੱਚ ਸੁਖਿੰਦਰ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਆਪਣੀ ਕਵਿਤਾ ਦੇ ਰੂਪ ਦਾ ਇੱਕ ਮਾਡਲ ਤਿਆਰ ਕਰ ਰਿਹਾ ਹੈ. ਇਸ ਮਾਡਲ ਲਈ ਉਹ ਆਪਣੀ ਵਿਚਾਰਧਾਰਾ ਨੂੰ ਆਧਾਰ ਬਣਾ ਰਿਹਾ ਹੈ. ਇਹ ਕਵਿਤਾ ਪੱਤਰਕਾਰੀ ਦੀ ਸ਼ੈਲੀ ਤੇ ਆਧਾਰਿਤ ਹੈ. ਸੁਖਿੰਦਰ ਦੀ ਖਿਝ ਕਈ ਮਾਨਿਆਂ ਵਿੱਚ ਮੈਨੂੰ ਦਰੁਸਤ ਵੀ ਲਗਦੀ ਹੈ ਕਿ ਅੱਜ ਹਰ ਮਾਨਵੀ ਵਰਤਾਰਾ ਮੰਡੀ ਦੀ ਭੇਟ ਚੜ੍ਹ ਰਿਹਾ ਹੈ ਅਤੇ ਭਾਰਤ ਵਿੱਚ ਤੰਗ ਰਾਸ਼ਟਰ ਵਾਦ ਪੈਰ ਪਸਾਰ ਰਿਹਾ ਹੈ. ਅਜਿਹੇ ਵਰਤਾਰਿਆਂ ਨੂੰ ਨਸ਼ਰ ਕਰਨ ਲਈ ਅਗਨ-ਭਾਸ਼ਾ ਦੀ ਜ਼ਰੂਰਤ ਹੈ.

ਸੁਖਿੰਦਰ ਆਪਣੀ ਸਾਂਝ ਪਾਸ਼, ਦਿਲ, ਉਦਾਸੀ ਦੀ ਕਾਵਿ-ਪਰੰਪਰਾ ਨਾਲ ਜੋੜਨਾ ਪਸੰਦ ਕਰਦਾ ਹੈ ਅਤੇ ਉਸ ਤੋਂ ਅਗਾਂਹ ਜਾਣ ਦਾ ਐਲਾਨ ਕਰਦਾ ਹੈ. ਪਰ ਮੇਰੀ ਜਾਚੇ ਸੁਖਿੰਦਰ ਦੀ ਆਪਣੀ ਹੀ ਪਰੰਪਰਾ ਹੈ ਅਤੇ ਆਪਣਾ ਹੀ ਕਾਵਿ-ਮੁਹਾਵਰਾ ਜਿਸ ਨੂੰ ਉਹ ਡਾਇਰੈਕਟ ਕਵਿਤਾ ਕਹਿੰਦਾ ਹੈ. ਇਹ ਮਾਡਲ ਸੋਹਜ ਵਿਚੋਲਿਆਂ ਤੋਂ ਦੂਰੀ ਬਣਾ ਕੇ ਆਪਣਾ ਰੂਪ ਘੜ ਰਿਹਾ ਹੈ. ਸੁਖਿੰਦਰ ਦਾ ਇਹ ਕਵਿਤਾ ਦਾ ਮਾਡਲ ਤਿੱਖੀ ਪੱਤਰਕਾਰੀ ਵਾਂਗ ਹੈ. ਜਿਸ ਨੂੰ ਪਾਠਕਾਂ ਦਾ ਵਿਸ਼ੇਸ਼ ਵਰਗ ਪੜ੍ਹਦਾ ਹੈ ਅਤੇ ਸਵੀਕਾਰ ਵੀ ਕਰਦਾ ਹੈ. ਇਹ ਕਵਿਤਾ ਵਿਚਾਰ ਤੇ ਟਿਕੀ ਹੋਈ ਹੈ ਇਸ ਲਈ ਇਸ ਨੂੰ ਲਿਖਣ ਲਈ ਵਿਚਾਰਧਾਰਕ ਪ੍ਰੋੜ੍ਹਤਾ ਇੱਕ ਵੱਡੀ ਵੰਗਾਰ ਹੈ ਜਿਸ ਨੂੰ ਸ਼ਾਇਦ ਸੁਖਿੰਦਰ ਜ਼ਰੂਰ ਸਮਝਦਾ ਹੋਵੇਗਾ ਨਹੀਂ ਤਾਂ ਇੱਕਪਾਸੜ ਅਤੇ ਇਕਹਿਰਾ ਵਿਚਾਰ ਡਿਕਟੇਟਰ-ਤੰਤਰ ਨੂੰ ਹੀ ਉਸਾਰ ਦਿੰਦਾ ਹੈ.

ਵਰਤਮਾਨ ਸਮਿਆਂ ਵਿੱਚ ਕਰੋਨਾ ਦੀ ਸਮੱਸਿਆ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਇਹ ਕਵਿਤਾ ਇੱਕ ਇਤਿਹਾਸਕ ਦਸਤਾਵੇਜ਼ ਬਣ ਜਾਵੇਗਾ, ਇਸ

ਦੀਆਂ ਕਵਿਤਾਵਾਂ ਹੇਠ ਉੱਕਰੀਆਂ ਮਿਤੀਆਂ ਵੀ ਇਸ ਦਸਤਾਵੇਜ਼ ਦਾ ਗਵਾਹ ਬਣਨਗੀਆਂ, ਮੈਨੂੰ ਇਹ ਜ਼ਰੂਰ ਲਗਦਾ ਹੈ.

■

-ਪ੍ਰੋ. ਯੋਗ ਰਾਜ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

# ਵਿਕਰਾਲ ਪ੍ਰਸਥਿਤੀਆਂ ਵਿੱਚ ਪ੍ਰਤੀਰੋਧੀ ਸੁਰ ਉਭਾਰਦੀ ਸ਼ਾਇਰੀ : ਲੌਕਡਾਊਨ

ਸੁਖਿੰਦਰ ਪੰਜਾਬੀ ਸ਼ਾਇਰੀ 'ਚ 50 ਸਾਲਾਂ ਤੋਂ ਕਾਰਜਸ਼ੀਲ ਹੈ. ਉਸਦੀ ਕਵਿਤਾ ਕਰੂਰ ਪ੍ਰਸਥਿਤੀਆਂ ਨਾਲ ਦਸਤਪੰਜਾ ਲੈਂਦੀ ਸਿੱਧੇ ਤੇ ਸਪਾਟ ਸ਼ਬਦਾਂ ਵਿੱਚ ਆਪਣਾ ਵਿਚਾਰਧਾਰਕ ਪ੍ਰਵਚਨ ਉਸਾਰਦੀ ਸਾਹਮਣੇ ਆਉਂਦੀ ਹੈ. ਉਸ ਦਾ ਸਮੁੱਚਾ ਕਾਵਿ ਪ੍ਰਵਾਹ ਉੱਚੀ ਸੁਰ 'ਚ ਤਿੱਖੇ ਸ਼ਬਦਾਂ ਦੀ ਅਜ਼ਮਤ ਨੂੰ ਵਿਸਥਾਰਨ ਦੀ ਸਮਰੱਥਾ ਰੱਖਦਾ ਹੈ. ਇਹ ਕਵਿਤਾ ਦਿਸਦੇ ਅਮਾਨਵੀ ਵਰਤਾਰੇ 'ਤੇ ਤਿੱਖੇ ਕਟਾਖ਼ਸ਼ ਕਰਦੀ ਆਪਣੀ ਸਪੇਸ ਧਾਰਨ ਕਰਦੀ ਹੈ ਜੋ ਇਸ ਰਾਜਸੀ ਪ੍ਰਬੰਧ ਵਿਚਲੀ ਬੇਤਰਤੀਬੀ ਵਿਰੁੱਧ ਆਵਾਜ਼ ਬਣਦੀ ਹੈ. ਸੁਖਿੰਦਰ ਦੀ ਕਵਿਤਾ ਵਿਚਲੀ ਧੁਨੀ ਮਾਨਵ ਵਿਰੋਧੀ ਸ਼ਕਤੀਆਂ ਨਾਲ ਸੰਵਾਦ ਰਚਾਉਂਦੀ ਹੋਈ ਆਪਣਾ ਤਿੱਖਾ ਰੋਸ ਦਾਖਲ ਕਰਵਾਉਂਦੀ ਨਜ਼ਰ ਆਉਂਦੀ ਹੈ. ਸੁਖਿੰਦਰ ਦੀ ਕਾਵਿ ਸਿਰਜਣਾ ਦਾ ਆਪਣਾ ਹੀ ਤਰੀਕਾ ਹੈ ਜੋ ਤਤਕਾਲ ਬਾਰੇ ਆਪਣਾ ਪ੍ਰਤੀਕਰਮ ਦਰਜ਼ ਕਰਵਾਉਣ ਲਈ ਤੱਤਪਰ ਹੈ. ਅਜਿਹੀ ਕਵਿਤਾ ਵਿਚਲੀ ਵਸਤੂ ਸਮੱਗਰੀ ਸੂਚਨਾਮੂਲਕ ਵਿਧੀ ਰਾਹੀਂ ਵੱਖਰਤਾ ਹਾਸਿਲ ਕਰ ਲੈਂਦੀ ਹੈ. ਸੁਖਿੰਦਰ ਦੀ ਕਵਿਤਾ ਦਾ ਮੁਹਾਂਦਰਾ ਵੀ ਏਸੇ ਵਿੱਚੋਂ ਉਘੜਦਾ ਹੈ. ਏਥੇ  ਕਵੀ ਪ੍ਰਬੰਧ ਪ੍ਰਤੀ ਰੋਹ ਦਾ ਪ੍ਰਗਟਾਵਾ ਕਰਨ ਲਈ ਕਵਿਤਾ ਨੂੰ ਮਾਧਿਅਮ ਦੇ ਤੌਰ ਤੇ ਵਰਤਦਾ ਹੈ. ਸੁਖਿੰਦਰ ਇਸ ਵਿਚਾਰ ਨੂੰ ਨਕਾਰਦਾ ਹੈ ਕਿ ਕਵੀ ਨੂੰ ਨਿਰਪੱਖ ਹੋ ਕੇ ਲਿਖਣਾ ਚਾਹੀਦਾ ਹੈ. ਉਹ ਰੂਜ਼ਵੈਲਟ ਦੇ ਨਾਲ ਸਹਿਮਤ ਹੁੰਦਾ ਹੈ 'ਨਿਆਂ ਸਿਰਫ ਸਹੀ ਅਤੇ ਗਲਤ ਦੇ ਵਿਚਕਾਰ ਨਿਰਪੱਖ ਖੜ੍ਹੇ ਹੋਣਾ ਨਹੀਂ ਹੈ ਸਗੋਂ ਸਹੀ ਦੇ ਪੱਖ ਵਿੱਚ ਅਤੇ ਗਲਤ ਦੇ ਵਿਰੋਧ ਵਿੱਚ ਖੜ੍ਹੇ ਹੋਣਾ ਹੈ.' ਇਸ ਲਈ ਸੁਖਿੰਦਰ ਅਨਿਆਂ ਭਰਪੂਰ ਸਥਿਤੀਆਂ ਵਿੱਚ ਨਿਰਪੱਖ ਨਾ ਰਹਿ ਕੇ ਸੋਸ਼ਿਤ ਧਿਰ ਦਾ ਪੱਖ ਪੂਰਦਾ ਹੈ. ਉਸ ਦੀ ਨਵੀਂ ਪੁਸਤਕ 'ਲੌਕਡਾਊਨ' ਵਿੱਚੋਂ ਗੁਜ਼ਰਦਿਆਂ ਵੀ ਏਹੀ ਕਲਾਈਮੈਕਸ ਸਾਹਮਣੇ ਆਉਂਦਾ ਹੈ. ਇਸ ਪੁਸਤਕ ਦੀਆਂ ਕਵਿਤਾਵਾਂ ਦੀ ਬਹੁਤਾਤ ਕਰੋਨਾ ਸੰਕਟ ਨੂੰ ਚਿਤਰਮਾਨ ਕਰਦੀ ਹੋਈ ਕਈ ਸਵਾਲ ਖੜ੍ਹੇ ਕਰਦੀ ਹੈ. ਇਸ ਕਵਿਤਾ ਦੀ ਕੇਂਦਰੀ ਧੁਨੀ ਮਨੁੱਖ ਅੱਗੇ ਆਈਆਂ ਚੁਣੌਤੀਆਂ ਤੇ ਵੰਗਾਰਾਂ ਲਈ ਜ਼ਿੰਮੇਵਾਰ ਕਾਰਕਾਂ ਨੂੰ ਦੋਸ਼ੀ ਠਹਿਰਾਉਂਦੀ ਹੋਈ ਅਸਲ ਜੜ੍ਹ ਪਕੜਨ ਲਈ ਯਤਨਸ਼ੀਲ ਹੁੰਦੀ ਹੈ. ਇਸ ਪੁਸਤਕ ਦੀ ਸ਼ੁਰੂਆਤ ਸੁਖਿੰਦਰ 'ਕਰੋਨਾ ਮਹਾਂਮਾਰੀ

ਵਰਤਾਰਾ ਅਤੇ ਮੇਰੀ ਸ਼ਾਇਰੀ' ਨਿਬੰਧ ਵਿੱਚ ਕਰੋਨਾ ਸੰਕਟ ਵਿਚਲੀ ਸਥਿਤੀ, ਪ੍ਰਭਾਵ, ਕਾਰਨ ਤੇ ਸਿਸਟਮ ਦੀਆਂ ਅਸਫਲਤਾਵਾਂ ਬਾਰੇ ਆਪਣੀ ਦ੍ਰਿਸ਼ਟੀ ਤੋਂ ਮੁਲਾਂਕਣ ਕਰਦਾ ਹੈ. ਇਨ੍ਹਾਂ ਵਿਚਾਰਾਂ ਨੂੰ ਕਾਵਿ ਰੂਪ ਵਿੱਚ ਸਕਾਰਿਤ ਕਰਨ ਸਮੇਂ ਕਾਲ, ਕਾਰਜ ਤੇ ਕਾਰਨ ਵਿੱਚ ਸੁਮੇਲਤਾ ਕਾਇਮ ਰੱਖਦਾ ਹੈ. ਕਰੋਨਾ ਸੰਕਟ ਨੇ ਮਨੁੱਖ ਨੂੰ ਅੰਦਰੋਂ ਤੇ ਬਾਹਰੋਂ ਝੰਜੋੜਿਆ ਜਿਸ ਦੇ ਵਿੱਚ ਸੰਵੇਦਨਸ਼ੀਲਤਾ ਕਈ ਕੋਣਾਂ ਤੋਂ ਪਛਾਣੀ ਗਈ ਹੈ ਉੱਥੇ ਨਾਲੋ ਨਾਲ ਸੰਵੇਦਨਹੀਣਤਾ ਦੇ ਗੂੜੇ ਪਰਛਾਵੇਂ ਵੀ ਤੁਰਦੇ ਰਹੇ. ਅਜਿਹੇ ਸਮੇਂ ਆਪਣੇ ਅੰਤਰੀਵ ਭਾਵਾਂ ਵਿਚਲੇ ਉਬਾਲ਼ਾਂ ਨੂੰ ਪੇਸ਼ ਕਰਨ ਦੇ ਲਈ ਸੁਖਿੰਦਰ ਕਵਿਤਾ ਦਾ ਸਹਾਰਾ ਲੈਂਦਾ ਹੈ. ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਰੋਨਾ ਸੰਕਟ ਦੇ ਬਹੁਪਰਤੀ ਆਯਾਮ ਹਨ ਜਿਸ ਦੀ ਪ੍ਰਭਾਵਿਕਤਾ ਹੇਠ ਸਾਰਾ ਵਿਸ਼ਵ ਆਇਆ ਹੋਇਆ ਹੈ. ਇਸ ਸੰਕਟ ਦੀਆਂ ਬਹੁਪਰਤੀ ਚੁਣੌਤੀਆਂ ਨਾ ਸਿਰਫ਼ ਬਾਹਰੀ ਤੌਰ ਤੇ ਸਾਹਮਣੇ ਆ ਰਹੀਆਂ ਹਨ ਬਲਕਿ ਇਨ੍ਹਾਂ ਨਾਲ ਦਸਤਪੰਜਾ ਲੈਂਦਿਆਂ ਅੰਦਰੂਨੀ ਤੌਰ ਤੇ ਵੀ ਮਨੁੱਖ ਦੀ ਮਾਨਸਿਕਤਾ ਤੇ ਪਏ ਅਸਰ ਦਿੱਖ ਰਹੇ ਹਨ. ਇਸ ਤਰ੍ਹਾਂ ਦੇ ਮੁਸ਼ਕਿਲਾਂ ਭਰੇ ਹਾਲਾਤ ਸਮਾਜਿਕ ਜੀਵਨ ਵਿੱਚ ਵਿਚਰਦੇ ਮਨੁੱਖ ਦੇ ਅਸਲ ਖਾਸੇ ਨੂੰ ਹੀ ਨਹੀਂ ਬਲਕਿ ਪੂਰੇ ਸਮਾਜਿਕ ਪ੍ਰਬੰਧ ਦੇ ਗੁਣਾਂ/ਔਗੁਣਾਂ ਨੂੰ ਉਭਾਰ ਕੇ ਸਾਹਮਣੇ ਲਿਆਉਂਦੇ ਹਨ. ਅਜਿਹੇ ਵਕਤ ਹੀ ਸੰਸਾਰ/ਦੇਸ਼ ਵਿਚਲੇ ਵਿਕਾਸਕ ਪੱਧਰ ਦੇ ਹਕੀਕੀ ਦਰਸ਼ਨ ਕਰਵਾ ਦਿੰਦੇ ਹਨ. ਭਾਰਤ 'ਚ ਬੀਤੇ ਸਮੇਂ ਤੋਂ ਸਿਰਜੇ ਜਾ ਰਹੇ 'ਸੰਸਾਰ ਤਾਕਤ' ਦੇ ਭਰਮ ਨੂੰ ਤਾਲਾਬੰਦੀ ਦੇ ਦਿਨਾਂ ਨੇ ਖਾਲਸ ਰੂਪ ਵਿੱਚ ਬੇਪਰਦ ਕਰ ਦਿੱਤਾ ਹੈ. ਸਾਮਰਾਜੀ ਮੁਲਕਾਂ ਦੇ ਹੱਥਾਂ ਵਿੱਚ ਕਠਪੁਤਲੀ ਬਣਿਆ ਭਾਰਤ ਅੱਜ ਡਾਵਾਂਡੋਲ ਸਥਿਤੀ 'ਚੋਂ ਲੰਘ ਰਿਹਾ ਹੈ. ਸੁਖਿੰਦਰ ਅਜਿਹੇ ਹਾਲਤਾਂ ਦੀ ਤਸਵੀਰਕਸ਼ੀ ਕਰਦਾ ਹੋਇਆ ਕਾਰਪੋਰੇਟ ਜਗਤ ਦੀ ਅੰਨ੍ਹੀ ਲੁੱਟ ਉੱਪਰ ਵੀ ਉਂਗਲ ਰੱਖਦਾ ਹੈ. ਵਿਸ਼ਵ ਮੰਡੀ 'ਚ ਵੱਧ ਤੋਂ ਵੱਧ ਮੰਡੀਆਂ ਹਥਿਆਉਣ ਲਈ ਹੋ ਰਹੀ ਖਹਿਬਾਜ਼ੀ ਸਾਮਰਾਜੀ ਮੁਲਕਾਂ ਅੰਦਰ ਮੁਨਾਫ਼ੇ ਦੀ ਲਾਲਸਾ ਨੂੰ ਹੋਰ ਬੜਾਵਾ ਦੇ ਰਹੀ ਹੈ. ਉਹ ਆਪੋ ਆਪਣੀ ਮੰਡੀ ਤੇ ਕਬਜ਼ਾ ਰੱਖਦਿਆਂ ਨਵੇਂ ਨਵੇਂ ਫਾਰਮੂਲੇ ਘੜ ਰਹੇ ਹਨ. 'ਇਹ ਤੀਸਰਾ ਮਹਾਂਯੁੱਧ ਕਿਉਂ ਛੇੜਿਆ' ਕਵਿਤਾ ਦਾ ਕੇਂਦਰੀ ਭਾਵ ਇਹ ਸਾਬਤ ਕਰਦਾ ਹੈ ਕਿ ਸਾਮਰਾਜੀ ਲੁੱਟ ਦੀ ਅੰਦਰੂਨੀ ਵਿਰੋਧਤਾਈ ਨੂੰ ਹੁਣ ਕੋਵਿਡ-19 ਦੇ ਬਹਾਨੇ ਅੰਦਰ ਚਲ ਰਹੇ ਸੀਤ ਯੁੱਧ ਦੀ ਕਸ਼ਮਕਸ ਨੂੰ ਸਵੈਬਚਨੀ ਨੁਹਾਰ ਦੇਣ ਲਈ ਵਰਤਿਆ ਜਾ ਰਿਹਾ ਹੈ. ਕਰੋਨਾ ਸੰਕਟ ਨੇ ਕਰੋਨਾ ਵਾਇਰਸ ਦੀ ਪੈਦਾਇਸ਼ ਨੂੰ ਲੈਕੇ ਸਾਮਰਾਜੀ ਕੈਂਪਾਂ ਅੰਦਰ ਇੱਕ ਦੂਜੇ ਦੇ ਵਿਰੁੱਧ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ. 'ਵੂਹਾਨ ਤੋਂ ਨਿਊਯਾਰਕ ਤੱਕ' ਕਵਿਤਾ ਵਿੱਚ ਉੱਭਰੇ ਅਨੇਕਾਂ ਸੁਆਲ ਇਸੇ ਅੰਤਰ-ਵਿਰੋਧਾਂ ਦਾ ਨਤੀਜਾ ਹੀ ਹਨ. ਸੁਖਿੰਦਰ ਅਜਿਹੇ ਅਨੇਕਾਂ ਅੰਤਰ ਦਵੰਦ ਆਪਣੀ ਕਵਿਤਾ ਰਾਹੀਂ ਸੁਣਾਉਂਦਾ ਨਜ਼ਰ ਆਉਂਦਾ ਹੈ.

ਕਿਸੇ ਕੋਲ, ਕੋਈ ਸਬੂਤ ਨਹੀਂ

ਚੀਨ ਨੇ ਬਲਿਸਟਿਕ ਮਿਜ਼ਾਈਲ ਨਾਲ
ਬੰਨ੍ਹ ਕੇ ਕਰੋਨਾ ਵਾਇਰਸ, ਵੂਹਾਨ ਤੋਂ
ਨਿਊਯਾਰਕ ਉੱਤੇ ਨਹੀਂ ਸੁੱਟਿਆ, ਤਾਂ
ਪ੍ਰਧਾਨ ਡੋਨਲਡ ਟਰੰਪ ਚੀਨ ਉੱਤੇ
ਇਨ੍ਹਾਂ ਖ਼ਫਾ ਕਿਉਂ ਹੈ

...................
ਪਰ ਵੂਹਾਨ 'ਚ ਜਨਮੇ
ਇੱਕ ਨਿੱਕੇ ਜਿਹੇ ਕੀਟਾਣੂੰ ਨੇ
ਏਨੀ ਤਬਾਹੀ ਮਚਾਉਣ ਲਈ
ਨਿਊਯਾਰਕ ਨੂੰ ਹੀ ਆਪਣਾ
ਨਿਸ਼ਾਨਾ, ਕਿਉਂ, ਕਿਵੇਂ ਬਣਾਇਆ

ਪ੍ਰਸਿੱਧ ਕਥਨ ਹੈ ਕਿ ਮਨੁੱਖ ਦੀ ਸਮਾਜਿਕ ਹੋਂਦ ਉਸਦੀ ਚੇਤਨਾ ਨੂੰ ਨਿਰਧਾਰਤ ਕਰਦੀ ਹੈ. ਸਾਡੇ ਸਮਾਜ ਦਾ ਆਧੁਨਿਕਤਾ ਤੋਂ ਉਰਾਂ ਦਾ ਜਮਾਤੀ ਸਰੂਪ ਅਤੇ ਗ਼ੈਰ ਵਿਗਿਆਨਕ ਸੋਚ ਪ੍ਰਬੰਧ ਸਾਡੇ ਵਿਕਾਸ ਦੀ ਆਰਥਿਕ, ਸਮਾਜਿਕ ਅਤੇ ਮਾਨਸਿਕ ਸਥਿਤੀ ਦੇ ਪਰਤ ਦਰ ਪਰਤ ਛਿਲਕੇ ਲਾ ਰਿਹਾ ਹੈ. ਪਰ ਸਵਾਲ ਇਹ ਹੈ ਕਿ ਅਸੀਂ ਕਿੱਥੇ ਖੜ੍ਹੇ ਹਾਂ ? ਆਪਣੀਆਂ ਸਿਹਤ ਪ੍ਰਬੰਧ ਦੀਆਂ ਕਮਜ਼ੋਰੀਆਂ ਨੂੰ ਲੁਕਾਉਣ ਲਈ ਬਿਨਾਂ ਕਿਸੇ ਠੋਸ ਯੋਜਨਾ ਤੋਂ ਲਾਗੂ ਤਾਲਾਬੰਦੀ ਨੇ ਆਮ ਮਨੁੱਖ, ਮਜ਼ਦੂਰ, ਕਾਮੇ, ਛੋਟੇ ਦੁਕਾਨਦਾਰ ਆਦਿ ਨੂੰ ਕਿਵੇਂ ਝੰਜੋੜ ਕੇ ਰੱਖ ਦਿੱਤਾ ਹੈ . ਹਸਪਤਾਲਾਂ ਵਿੱਚ ਕਰੋਨਾ ਦੇ ਮਰੀਜ਼ ਵੈਂਟੀਲੇਟਰਾਂ ਤੇ ਹੋਰ ਸਹੂਲਤਾਂ ਦੀ ਘਾਟ ਕਾਰਨ ਕਿਵੇਂ ਦਮ ਤੋੜ ਗਏ. ਸਿਹਤ ਕਰਮੀ ਸੁਰੱਖਿਆ ਕਿੱਟਾਂ ਨਾ ਹੋਣ ਕਾਰਨ ਹੋਰਾਂ ਦਾ ਇਲਾਜ ਕਰਨ ਤੋਂ ਅਸਮਰੱਥ ਹਨ. ਲੋਕਾਂ ਅੰਦਰ ਉੱਠ ਰਹੀ ਹਾਕਮਾਂ ਪ੍ਰਤੀ ਰੋਸ ਆਵਾਜ਼ ਨੂੰ ਮੱਠਾ ਕਰਨ ਲਈ ਫ਼ਿਰਕੂ ਫ਼ਾਸੀਵਾਦ ਏਜੰਡੇ ਦੇ ਤਹਿਤ ਕਰੋਨਾ ਵਾਇਰਸਾਂ ਦਾ ਧਰਮ ਲੱਭਿਆ ਗਿਆ ਹੈ. ਜਿਸ ਤਹਿਤ ਚੀਨੀ ਵਾਇਰਸ, ਐੱਨਆਰਆਈ ਪੰਜਾਬੀ ਵਾਇਰਸ, ਨਿਜ਼ਾਮੂਦੀਨ ਮਰਕਜ਼ ਵਾਇਰਸ ਆਦਿ ਵਾਇਰਸ ਦੇ ਨਾਮ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ. 'ਹਿੰਦੂ ਕਰੋਨਾ, ਮੁਸਲਿਮ ਕਰੋਨਾ', 'ਬਲੀ ਦੇ ਬੱਕਰੇ' ਕਵਿਤਾਵਾਂ ਵਿੱਚ ਸਥਾਪਤੀ ਦੁਆਰਾ ਘੜੇ ਗਏ ਵਾਇਰਸ ਤੇ ਉਸੇ ਦੇ ਪ੍ਰਤੀਕਰਮ ਦੇ ਵਿੱਚ ਕਵਿਤਾ 'ਵਾਇਰਸ' ਵਿੱਚ ਸਮਾਜ ਨੂੰ ਬੀਮਾਰ ਕਰਨ ਵਾਲੇ ਕੀਟਾਣੂਆਂ ਦਾ ਵੀ ਬਾਖ਼ੂਬੀ ਨਾਲ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨੇ ਧਰਮ, ਜਾਤ 'ਫਿਰਕਿਆਂ', ਭਾਸ਼ਾਵਾਂ, ਖੇਤਰਾਂ ਆਦਿ ਵਿੱਚ ਵੰਡੀਆਂ ਪਾਈਆਂ.

ਸੁਖਿੰਦਰ ਦੀ ਕਵਿਤਾ ਵਿਚਲੀਆਂ ਅਨੇਕਾਂ ਪਰਤਾਂ ਰਾਜਸੀ, ਸਮਾਜਿਕ, ਆਰਥਿਕ, ਸੱਭਿਆਚਾਰ ਤੇ ਧਾਰਮਿਕ ਅੰਸ਼ਾਂ ਨੂੰ ਪ੍ਰਗਟਾਉਂਦੀਆਂ ਹਨ ਜਿਸ ਦਾ ਸਮੁੱਚਾ ਆਧਾਰ ਆਰਥਿਕ ਸਮਾਜਿਕ ਪ੍ਰਬੰਧ ਵਿੱਚ ਸਿਰਜਦੀਆਂ ਹਨ. ਕਾਰਪੋਰੇਟੀ ਮੁਨਾਫ਼ੇ ਦੇ ਆਧਾਰਤ ਪ੍ਰਾਈਵੇਟ ਸਿਹਤ ਮਾਡਲ , ਹਰੇ ਇਨਕਲਾਬ ਦਾ ਸਾਮਰਾਜੀ

ਮਾਡਲ ਤੇ ਸੰਸਾਰੀਕਰਨ ਦੀਆਂ ਨੀਤੀਆਂ ਆਦਿ ਦੀ ਸਮੁੱਚਤਾ ਵਿੱਚ ਪ੍ਰਭਾਵਿਕਤਾ ਇਸ ਕਰੋਨਾ  ਦੌਰ ਦੇ ਵਿੱਚ ਸਪੱਸ਼ਟ ਰੂਪ ਵਿੱਚ ਸਾਹਮਣੇ ਆਈ. ਮੁਲਕ ਦੀਆਂ ਹਕੀਕਤਾਂ ਤੇ ਠੋਸ ਯੋਜਨਾ ਨੂੰ ਸਮਝੇ ਬਿਨਾ ਲੌਕਡਾਊਨ ਰਾਜਸੀ ਪ੍ਰਬੰਧ ਦੇ ਅਸਫਲ ਹੋ ਜਾਣ ਦਾ ਸਿੱਟਾ ਹੈ. ਇਹ ਬਿਮਾਰੀ ਤੋਂ ਛੁਟਕਾਰਾ ਪਾਉਣ ਦਾ ਇਕ ਕਾਰਗਰ ਤਰੀਕਾ ਨਹੀਂ ਸੀ ਬਲਕਿ ਇਸ ਨੇ ਅਰਥ ਵਿਵਸਥਾ ਦਾ ਹੀ ਲੌਕਡਾਊਨ ਕਰ ਦਿੱਤਾ. ਇਸ ਸੰਕਟ ਵੇਲੇ ਜਮਾਤੀ ਪ੍ਰਬੰਧ ਦਾ ਅਮਾਨਵੀ ਚਿਹਰਾ ਕਈ ਪਾਸੇ ਤੋਂ ਉੱਘੜ ਰਿਹਾ ਹੈ. ਕਰੋਨਾ ਵਾਇਰਸ ਦੇ ਖ਼ਤਰੇ ਤੋਂ ਪੈਦਾ ਹੋਏ ਸੰਕਟ ਦੀਆਂ ਬਹੁ-ਪਰਤੀ ਡਾਇਮੈਨਸ਼ਨ ਸੁਖਿੰਦਰ ਨੇ ਆਪਣੀ ਕਵਿਤਾ ਰਾਹੀਂ ਪੇਸ਼ ਕੀਤੀਆਂ ਹਨ. 'ਲੌਕਡਾਊਨ' ਇਸ ਪੁਸਤਕ ਦੀ ਮਹੱਤਵਪੂਰਨ ਕਵਿਤਾ ਹੈ. ਇਸ ਸਮੇਂ ਗੋਦੀ ਮੀਡੀਆ ਨੇ ਜਿੱਥੇ ਭਰਮ ਮੂਲਕ ਸੂਚਨਾਵਾਂ ਦਿੱਤੀਆਂ ਜਿਸ ਨਾਲ ਸੱਤਾਧਾਰੀ ਜਮਾਤ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਭਰਮ ਜਾਲ ਫੈਲਾਇਆ. ਸੁਖਿੰਦਰ ਦੇ ਕੋਲ ਘਟਨਾ ਨੂੰ ਲੈਕੇ ਚੋਟ ਲਗਾਉਣ ਦਾ ਇੱਕ ਚੰਗਾ ਵ.ਲ ਹੈ ਇਸੇ ਲਈ ਸੱਤਾਧਾਰੀ ਜਮਾਤ ਦੀ ਸਨਾਤਨੀ ਸੋਚ ਉੱਪਰ ਇੱਕ ਪਾਸੇ ਵਿਅੰਗ ਕਰਦਾ ਹੈ ਤੇ ਦੂਸਰੇ ਪਾਸੇ ਆਪਣੀ ਫਿਕਰਮੰਦੀ ਵੀ ਜ਼ਾਹਿਰ ਕਰਦਾ ਹੈ.

ਟੀ.ਵੀ ਪਰਦਿਆਂ 'ਤੇ ਆ
ਚਿਹਰਿਆਂ 'ਤੇ ਪਹਿਣ ਰੇਸ਼ਮੀ ਮੁਸਕਰਾਹਟਾਂ
ਕਿੰਨੀ ਸਹਿਜ ਨਾਲ
ਇਹ ਨੇਤਾ ਬੋਲਦੇ ਹਨ
'ਲੌਕਡਾਊਨ'
ਪਰ ਕਿਵੇਂ, ਸੁਨਾਮੀ ਬਣ ਕੇ
ਡਿੱਗਦਾ ਹੈ, ਇਹ ਸ਼ਬਦ
ਮਜ਼ਦੂਰਾਂ, ਕਿਸਾਨਾਂ, ਬੇਘਰਾਂ, ਦੱਬੇ ਕੁਚਲਿਆਂ ਦੇ
ਵਿਹੜਿਆਂ ਵਿੱਚ, ਉਹ
ਕਦੀ ਨਹੀਂ ਜਾਣ ਸਕਦੇ
ਕਿਉਂ ਜੁ, ਉਹ
ਨੇਤਾ, ਆਪਣੇ ਸਭ ਫੈਸਲੇ
ਪੱਥਰ ਦੀਆਂ ਮੂਰਤੀਆਂ ਤੋਂ
ਪੁੱਛ ਕੇ ਕਰਦੇ ਹਨ
ਜਿਉਂਦੇ ਜਾਗਦੇ
ਇਨਸਾਨਾਂ ਨਾਲ
ਗੱਲਾਂ ਕਰਕੇ ਨਹੀਂ

ਇਸ ਕਵਿਤਾ ਵਿਚਲੇ ਪਾਤਰ ਦੇ ਅੰਦਰ ਵੀ ਯੁੱਧ ਚਲਦਾ ਹੈ ਪਰ ਉਹ ਬਾਹਰੀ ਟਕਰਾਓ ਨਾਲ ਦਸਤਪੰਜਾ ਲੈਣ ਲਈ ਤੱਤਪਰ ਹੈ. ਇਸੇ ਲਈ ਉਹ ਸੱਤਾਰੂੜ ਜਮਾਤ ਦੇ ਪਾਖੰਡ, ਅੰਧਵਿਸ਼ਵਾਸ ਤੇ ਮਿਥਿਹਾਸ ਨੂੰ ਜੀਵੰਤ ਅੰਸ਼

ਬਣਾਉਣ ਦੀਆਂ ਕੋਸ਼ਿਸ਼ਾਂ ਦੇ ਘਟਨਾਕ੍ਰਮ ਨੂੰ ਵੀ ਪ੍ਰਤੱਖ ਰੂਪ ਵਿੱਚ ਜਾਹਿਰ ਕਰਦਾ ਹੈ. ਮੌਜੂਦਾ ਸਥਿਤੀ 'ਚ ਵੀ ਕਰੋਨਾ ਦੀ ਆੜ ਵਿੱਚ ਧਾਰਮਿਕ ਕਠਮੁੱਲਾਵਾਦ ਤੇ ਧਾਰਮਿਕ ਅਡੰਬਰਵਾਦ ਦੇ ਕਈ ਰੂਪ ਸਾਹਮਣੇ ਆਏ ਜਿਵੇਂ ਥਾਲੀਆਂ ਖੜਕਾਉਣਾ, ਮੋਮਬੱਤੀਆਂ-ਦੀਵੇ ਬਾਲਣਾ, ਸੰਖ ਵਜਾਉਣਾ ਆਦਿ. ਸੁਖਿੰਦਰ ਦੀ ਕਵਿਤਾ ਵਿਚਲਾ ਪਾਤਰ ਅਜਿਹੇ ਨਾਟ ਦੀ ਖਿੱਲੀ ਉਡਾਉਂਦਾ ਹੈ ਜੋ ਤਰਕਸ਼ੀਲ ਤੇ ਵਿਗਿਆਨਕ ਲੀਹਾਂ ਦੀ ਥਾਂ ਲੋਕਾਂ ਅੰਦਰ ਡਰ ਅਤੇ ਸਹਿਮ ਪੈਦਾ ਕਰ ਕੇ ਸਿਆਸੀ ਮਨੋਰਥ ਸੱਧ ਕਰ ਰਿਹਾ. ਦੂਜੇ ਪਾਸੇ ਸੁਖਿੰਦਰ ਦੀ ਕਵਿਤਾ ਠੱਗ, ਪੰਡਿਤ, ਜੋਤਸ਼ੀ, ਮੰਗਲ, ਸ਼ਨੀ ਦਾ ਉਪਾਅ ਕਰਨ ਵਾਲਿਆਂ ਲਈ ਵੀ ਵੰਗਾਰ ਬਣਦੀ ਹੈ ਜੋ ਹਾਲਾਤ ਨੂੰ ਕਾਰਗਰ ਕਰਨ ਲਈ ਮੰਤਰ-ਤੰਤਰ ਰਾਹੀਂ ਝੂਠਾ ਪ੍ਰਚਾਰ ਕਰ ਚੇਤੰਨਹੀਣ ਲੋਕਾਂ ਨੂੰ ਭਰਮਾਉਂਦੇ ਰਹੇ. 'ਰੱਬ ਦੇ ਏਜੰਟ', 'ਕਰੋਨਾਵਾਇਰਸ ਦੇਵਤਾ', 'ਕਰੋਨਾ ਵਾਇਰਸ ਦੀ ਦਹਿਸ਼ਤ', 'ਲਛਮਣ ਰੇਖਾ ਦਾ ਆਰ ਪਾਰ' ਇਸੇ ਸੰਦਰਭ ਵਿੱਚ ਵਾਚੀਆਂ ਜਾ ਸਕਦੀਆਂ ਨੇ . ਕਵਿਤਾ ਵਿਚਲਾ ਪਾਤਰ ਭਾਸ਼ਾਈ ਦਾਇਰਿਆਂ ਦੀ ਸੀਮਾ ਲੰਘ ਕੇ ਧੌਂਸ ਪਾਉਣ ਵਾਲੀਆਂ ਸ਼ਕਤੀਆਂ ਨਾਲ ਟੱਕਰਦਾ ਜਿਨਾਂ ਨੇ ਲੋਕਾਂ ਦੀ ਮਾਨਸਿਕਤਾ ਅੰਦਰ ਕਰੋਨਾ ਦਾ ਗਹਿਰਾ ਭੈਅ ਪੈਦਾ ਕੀਤਾ. ਸੁਖਿੰਦਰ ਬਹੁਤ ਸਾਰੀਆਂ ਘਟਨਾਵਾਂ ਨੂੰ ਇਤਿਹਾਸਕ ਪ੍ਰਕਿਰਿਆ 'ਚੋਂ ਵਾਚਦਾ ਹੋਇਆ ਸੱਤਾਧਾਰੀ ਜਮਾਤ ਦੇ ਕਿਰਦਾਰ ਦਾ ਭੇਤ ਖੋਲਦਾ ਹੋਇਆ ਦਹਿਸ਼ਤ ਦੇ ਮਾਹੌਲ ਦੀ ਕਾਰਨਤਾ ਨੂੰ ਕੇਂਦਰਤ ਕਰਨਾ ਚਾਹੁੰਦਾ ਹੈ. ਜਿਵੇਂ ਬਲੂ ਸਟਾਰ ਓਪ੍ਰੇਸ਼ਨ, ਦਿੱਲੀ ਵਿੱਚ ਦੰਗੇ, ਗੁਜਰਾਤ ਵਿੱਚ ਫਿਰਕੂ ਫ਼ਸਾਦ, ਬਾਬਰੀ ਮਸਜਿਦਾਂ ਦਾ ਵਿਵਾਦ, ਕਸ਼ਮੀਰ ਵਿੱਚ 370, 35ੳ ਧਾਰਾ ਖਤਮ ਕਰਨਾ, ਨਾਗਰਿਕਤਾ ਸੋਧ ਕਾਨੂੰਨ ਆਦਿ ਦਾ ਸੁਆਲ ਖੜਾ ਕਰਨਾ. ਕਵੀ ਕੁਰਸੀ ਦੀ ਤਾਕ ਨੂੰ ਬਿੰਬਾਤਮਕ ਰੂਪ ਦੇ ਵਿੱਚ ਪੇਸ਼ ਕਰਦਾ ਹੈ .

ਹਨੂੰਮਾਨ ਕੁਝ ਵੀ
ਕਰ ਸਕਦਾ ਹੈ -
ਅਜੋਕੇ ਸਮਿਆਂ ਦੀ
-ਸਿਆਸਤ
-ਸੱਭਿਆਚਾਰ
-ਕਾਨੂੰਨ
-ਧਰਮ
ਹਰ ਖੇਤਰ ਵਿੱਚ
ਆਪਣੀ ਸ਼ਕਤੀ ਦਾ
ਪ੍ਰਦਰਸ਼ਨ ਕਰ ਸਕਦਾ ਹੈ
ਹਨੂੰਮਾਨ ਮਹਾਂਬਲੀ ਹੈ

ਸੁਖਿੰਦਰ ਦੀ ਕਵਿਤਾ ਨੇ ਸੰਕਟ ਕਾਲ ਵਿੱਚ ਵੱਖ ਵੱਖ ਵਰਗਾਂ ਦੀ ਤ੍ਰਾਸਦੀ ਨੂੰ 'ਡਾਇਰੀ ਦੇ ਪੰਨੇ' ਵਿੱਚ ਬਾਖੂਬੀ ਚਿੱਤਰਿਆ ਹੈ. ਪਰਵਾਸੀ ਮਜ਼ਦੂਰਾਂ

ਦੀ ਜੋ ਦੁਰਦਸ਼ਾ ਹੋਈ ਉਹ ਹਰ ਸੰਵੇਦਨਸ਼ੀਲ ਮਨੁੱਖ ਨੂੰ ਝੰਜੋੜਨ ਵਾਲੀ ਹੈ. 'ਨੱਬੇ ਹਜ਼ਾਰ ਪ੍ਰਵਾਸੀ', 'ਘਰਾਂ ਨੂੰ ਪਰਤਣ ਦੀ ਉਡੀਕ' ਕਵਿਤਾਵਾਂ ਵਿੱਚ ਜਿੱਥੇ ਯਥਾਰਥ ਦੀ ਤਸਵੀਰ ਨੂੰ ਪੇਸ਼ ਕੀਤਾ ਗਿਆ ਉੱਥੇ ਰਾਜਸੀ ਪ੍ਰਬੰਧ ਅੱਗੇ ਸਵਾਲੀਆ ਨਿਸ਼ਾਨ ਵੀ ਲੱਗਦਾ ਹੈ. ਭਾਰਤ ਵਿੱਚ ਹਰ ਸਾਲ ਗ਼ਰੀਬੀ ਅਤੇ ਭੈੜੀਆਂ ਜੀਵਨ ਹਾਲਤਾਂ ਕਰਕੇ ਲੱਖਾਂ ਲੋਕ ਕੈਂਸਰ, ਟੀਬੀ, ਕੁਪੋਸ਼ਣ ਵਰਗੀਆਂ ਬਿਮਾਰੀਆਂ ਨਾਲ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ-ਕੋਈ ਕੁਰਹਾਮ ਨਹੀਂ ਮੱਚਦਾ- ਕਿਉਂ ? ਇਸੇ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਹਨ. ਇਸ ਸਮੇਂ ਵਰਤਾਰੇ ਦਾ ਇਹ ਕਰੂਰ ਰੂਪ ਵੀ ਸਾਹਮਣੇ ਆਇਆ ਕਿ ਨਿੱਤ ਦੀਆਂ ਲੋੜਾਂ ਦੀ ਪੂਰਤੀ ਹਿੱਤ ਮਜ਼ਦੂਰੀ ਵੱਸ ਘਰੋਂ ਬਾਹਰ ਨਿਕਲੇ ਤਾਂ ਬੇਦਰਦੀ ਨਾਲ ਕੁੱਟਮਾਰ ਅਪਮਾਨਤ ਕਰਨ ਦੀਆਂ ਅਨੇਕਾਂ ਕਾਰਵਾਈਆਂ ਕੀਤੀਆਂ ਗਈਆਂ. 'ਕੌਣ ਚਾਹੇਗਾ', 'ਲਛਮਣ ਰੇਖਾ ਦੇ ਆਰ ਪਾਰ' ਕਵਿਤਾਵਾਂ ਵਿੱਚ ਅਜਿਹਾ ਇਹ ਦ੍ਰਿਸ਼ ਉਸਾਰਿਆ ਗਿਆ ਹੈ. ਲੋਕਾਂ ਦੀਆਂ ਬੁਨਿਆਦੀ ਲੋੜਾਂ ਕਿਸ ਤਰ੍ਹਾਂ ਪੂਰੀਆਂ ਹੋਣਗੀਆਂ ਇਸ ਸਵਾਲ ਨੂੰ ਸਿੱਝਣ ਦੇ ਲਈ ਸੱਤਾਧਾਰੀ ਜਮਾਤ ਨੇ ਕਿਉਂ ਚੁੱਪ ਧਾਰੀ 'ਬਾਪੂ ਗਾਂਧੀ ਦੇ ਤਿੰਨ ਬਾਂਦਰ' ਕਵਿਤਾ ਇਸੇ ਗੱਲ ਦੀ ਪੈਰਵੀ ਕਰਦੀ ਹੈ.

ਕਰੋਨਾ ਕਾਲ ਨੇ ਆਮ ਵਿਅਕਤੀ, ਦਲਿਤ, ਪ੍ਰਵਾਸੀ ਮਜਦੂਰ, ਦਿਹਾੜੀਦਾਰ ਕਾਮੇ, ਛੋਟੇ ਦੁਕਾਨਦਾਰ, ਛੋਟੇ ਕਿਸਾਨ, ਔਰਤਾਂ ਆਦਿ ਦੀ ਤ੍ਰਾਸਦਿਕ ਹਾਲਤ ਦੇ ਨਾਲ ਨਾਲ ਹਾਸ਼ੀਆਗਤ ਸਥਿਤੀ ਨੇ ਅਤੇ ਧਨ ਕੁਬੇਰਾਂ ਅਤੇ ਉਪਰਲੇ ਮੱਧ ਵਰਗ ਦੀ ਅਸਲ ਤੱਕ ਦਾ ਸਥਿਤੀ ਨੂੰ ਵੀ ਸਾਹਮਣੇ ਲਿਆਂਦਾ. ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਕਿਤੇ ਮਨੁੱਖ ਦੀ ਮਾਨਸਿਕ ਸਥਿਤੀ ਤੋਂ ਉਪਜੀਆਂ ਪ੍ਰਤੀਤ ਹੁੰਦੀਆਂ ਹਨ ਤੇ ਕਿਤੇ ਪ੍ਰਬੰਧ ਦੇ ਵਿਤਕਰੇ ਭਰੇ ਰਵੱਈਏ ਕਾਰਨ ਸਾਹਮਣੇ ਆ ਰਹੀਆਂ ਹਨ. ਅਸਲ ਵਿੱਚ ਸਮੱਸਿਆ ਨੂੰ ਵੇਖਣ ਦੇ ਲਈ ਵਿਗਿਆਨਿਕ ਨਜ਼ਰੀਏ ਦੀ ਘਾਟ ਹੈ. ਸੁਖਿੰਦਰ ਉਨ੍ਹਾਂ ਮੁਲਕਾਂ ਦੀ ਸ਼ਲਾਘਾ ਕਰਦਾ ਹੈ ਕਿ ਜਿਨ੍ਹਾਂ ਨੇ ਵਿਗਿਆਨਿਕ ਨਜ਼ਰੀਏ ਦੇ ਨਾਲ ਕਰੋਨਾ ਦੀ ਬਿਮਾਰੀ ਨੂੰ ਨਜਿੱਠਿਆ. ਇਸ ਪੁਸਤਕ ਦੇ ਵਿੱਚ ਸਿਆਸਦਾਨਾਂ, ਗੋਦੀ ਮੀਡੀਆ, ਟੀਵੀ ਐਂਕਰਾਂ, ਮੌਕਾ ਪ੍ਰਸਤ ਬੁੱਧੀਜੀਵੀਆਂ, ਦਰਬਾਰੀ ਕਵੀਆਂ ਆਦਿ ਦੀ ਕਾਰਜ ਸ਼ੈਲੀ ਉੱਪਰ ਵੀ ਕਈ ਸੁਆਲ ਉਠਾਏ ਗਏ ਹਨ.  ਕਵੀ ਸਿਰਫ ਭਾਰਤ ਦੀ ਸਥਿਤੀ ਦਾ ਜਾਇਜ਼ਾ ਹੀ ਨਹੀਂ ਲੈਂਦਾ ਬਲਕਿ ਅਮਰੀਕਾ ਅੰਦਰਲੀ ਸਥਿਤੀ ਤੋਂ ਵੀ ਪੂਰੀ ਤਰ੍ਹਾਂ ਜਾਣੂ ਕਰਵਾਉਂਦਾ ਹੈ. ਅਮਰੀਕਾ ਵਿੱਚ ਹੁੰਦੀਆਂ ਜ਼ਿਆਦਤੀਆਂ, ਜ਼ੁਲਮ, ਨਸਲੀ ਵਿਤਕਰਿਆਂ ਨੂੰ ਜਵਾਬ ਦੇਣ ਲਈ ਕਿਵੇਂ ਚੁੱਪ ਟੁੱਟਦੀ ਹੈ ਕਿਸ ਤਰ੍ਹਾਂ ਲੌਕਡਾਊਨ ਨੂੰ ਤੋੜਦੇ ਹੋਏ ਲੋਕ ਸੜਕਾਂ ਤੇ ਆ ਕੇ ਮੁਜ਼ਾਹਰੇ ਕਰਦੇ ਹਨ ਇਸ ਬਾਰੇ 'ਅੱਗ ਦੇ ਭਾਂਬੜ' ਤੇ 'ਬੜ੍ਹਕਾਂ' ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ. ਭਾਰਤ ਵਿਚ ਵੀ ਬੇਸਹਾਰੇ ਲੋਕਾਂ ਅੰਦਰ ਹਾਕਮਾਂ ਦੇ ਰਵੱਈਏ ਪ੍ਰਤੀ ਰੋਸ ਜਾਗਿਆ ਤੇ ਉਹ ਆਪਣੀ ਬਗਾਵਤੀ ਸੁਰ ਅਲਾਪਣ ਲੱਗੇ ਜਿਵੇਂ

ਡਾਕਟਰ, ਨਰਸਾਂ, ਸਿਹਤ ਕਾਮੇ

ਚੀਖ, ਚੀਖ, ਕਹਿ ਰਹੇ ਹਨ:
ਸਾਨੂੰ ਸੁਰੱਖਿਅਤ ਕੰਮ ਕਰਨ ਲਈ ਔਜ਼ਾਰ ਦਿਓ
-ਭੁੱਖੇ, ਪਿਆਸੇ, ਲੋਕ
ਪਿੰਡ, ਪਿੰਡ, ਸ਼ਹਿਰ, ਸ਼ਹਿਰ ਕਹਿ ਰਹੇ ਹਨ
ਸਾਨੂੰ ਢਿੱਡ ਭਰਨ ਲਈ ਰੋਟੀ ਦਿਓ
- ਮਜ਼ਦੂਰ, ਬੇਰੁਜ਼ਗਾਰ, ਬੇਉਮੀਦ
ਚੀਖ, ਚੀਖ, ਕਹਿ ਰਹੇ ਹਨ
ਸਾਨੂੰ, ਸਾਡਾ ਰੁਜ਼ਗਾਰ ਵਾਪਸ ਦਿਓ
ਕਿਸਾਨ ਕਰਜ਼ਿਆਂ ਦੇ ਭਾਰ ਥੱਲੇ ਡੁੱਬੇ ਚੀਖ ਚੀਖ, ਕਹਿ ਰਹੇ:
ਫੁੱਲਾਂ, ਸਬਜ਼ੀਆਂ ਦੀਆਂ ਫਸਲਾਂ ਹੁਣ
ਕਿੰਝ, ਕੂੜੇ ਦੇ ਢੇਰਾਂ 'ਚ ਸੁੱਟ ਦੇਈਏ

ਇਸ ਪੁਸਤਕ ਵਿੱਚ ਲੌਕਡਾਊਨ ਤੋਂ ਪਹਿਲਾਂ ਦੀਆਂ ਕੁਝ ਕਵਿਤਾਵਾਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਵਿੱਚ ਸ਼ਹੀਨ ਬਾਗ ਦੀ ਘਟਨਾ, ਦੇਵੀਆਂ ਦੇ ਦੇਸ਼ ਵਿੱਚ ਬਲਾਤਕਾਰ ਹੋਣਾ, ਨੇਤਾ ਜੀ ਦੇ ਭਾਸ਼ਣ ਤੇ ਸਹਿਤਕ ਸਮਾਗਮਾਂ ਦੇ ਅਲੁਕਵੇਂ ਪੱਖਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ.

ਸਮੁੱਚੇ ਰੂਪ ਦੇ ਵਿੱਚ ਸੁਖਿੰਦਰ ਦੀ ਕਵਿਤਾ ਸਮੁੱਚੀ ਸਥਿਤੀ ਦਾ ਵਿਸ਼ਲੇਸ਼ਣ ਕਰਦੀ ਹੋਈ ਸਮਕਾਲੀਨ ਪ੍ਰਸੰਗਾਂ ਦੀ ਉਸਾਰੀ ਕਰਦੀ ਹੈ. ਜਿਸ ਵਿੱਚਲਾ ਤਨਜ਼ੀ ਰਵੱਈਆ ਸੰਬੋਧਨੀ ਰੂਪ ਵਿੱਚ ਪ੍ਰਗਟ ਹੁੰਦਾ ਹੈ. ਇਸ ਕਵਿਤਾ ਦੀ ਵੱਖਰਤਾ ਇਸ ਵਿਚਲੀ ਨਿੱਜੀ ਸ਼ੈਲੀ ਕਰਕੇ ਹੈ ਜਿਸ ਵਿਚਲੇ ਸ਼ਬਦ ਆਜ਼ਾਦ ਰੂਪ ਵਿੱਚ ਬੇਬਾਕੀ ਦਾ ਕੈਨਵਸ ਉਸਾਰਦੇ ਹੋਏ ਜੁਗਾੜਤੰਤਰ, ਵਿਗਾੜਤੰਤਰ, ਜਨੂੰਨਵਾਦੀ, ਧਾਰਮਿਕ ਕੱਟੜਤਾ, ਫ਼ਿਰਕਾਪ੍ਰਸਤੀ, ਖੁਸ਼ਾਮਦੀ, ਭ੍ਰਿਸ਼ਟਾਚਾਰੀ ਦਾ ਵਿਰੋਧ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਕਰਦੇ ਹਨ. ਇਹ ਕਵਿਤਾ ਪਾਠਕ ਦੀਆਂ ਸੁਹਜਾਤਮਕ ਲੋੜਾਂ ਦੀ ਪੂਰਤੀ ਕਰਨ ਦੀ ਥਾਂ ਤੇ ਸੁਚੇਤਨਾ ਦਾ ਪ੍ਰਸਾਰ ਕਰਨ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ. ਸੁਖਿੰਦਰ ਦੀ ਕਵਿਤਾ ਪ੍ਰਚਲਿਤ ਕਾਵਿ ਸ਼ਾਸਤਰ ਦੀ ਵਿਆਕਰਣ ਤੋਂ ਵਿੱਥ ਸਿਰਜਦੀ ਹੋਈ ਵਿਆਖਿਆਤਮਕ ਸ਼ੈਲੀ ਨੂੰ ਜ਼ਿਆਦਾ ਤਰਜੀਹ ਦਿੰਦੀ ਹੈ. ਇਸ ਵਿੱਚ ਯਥਾਰਥ ਦੀ ਕੀਤੀ ਫ਼ੋਟੋਗਰਾਫ਼ੀ ਤਹਿਤ ਵੀ ਲੋਕਪੱਖੀ ਦ੍ਰਿਸ਼ਟੀਕੋਣ ਮਾਪਿਆ ਜਾ ਸਕਦਾ ਹੈ. ਸਾਹਿਤ ਇਤਿਹਾਸ ਦੇ ਵਿੱਚ ਕਰੋਨਾ ਕਾਲ ਨੂੰ ਦ੍ਰਿਸ਼ਟਮਾਨ ਕਰਦੇ ਕਾਵਿ ਵਿੱਚ ਇਹ ਪੁਸਤਕ ਅਹਿਮ ਸਪੇਸ ਵਿੱਚ ਧਾਰਨ ਕਰੇਗੀ.

■

-ਅਰਵਿੰਦਰ ਕੌਰ ਕਾਕੜਾ
ਪਟਿਆਲਾ
9463615536

# ਕਿੱਥੇ ਕੀ ?


1. ਲੌਕਡਾਊਨ 37
2. ਕਰੋਨਾਵਾਇਰਸ ਦੇਵਤਾ 40
3. ਕਰੋਨਾਵਾਇਰਸ ਦੀ ਦਹਿਸ਼ਤ 43
4. ਕੁੱਕੜ ਖੁੱਡੇ 46
5. ਫ਼ਾਸਲਾ 48
6. ਵਾਇਰਸ 50
7. 21 ਤੋਪਾਂ ਦੀ ਸਲਾਮੀ 51
8. ਯੁੱਧ 53
9. ਨੱਬੇ ਹਜ਼ਾਰ ਪ੍ਰਵਾਸੀ 56
10. ਮਿਸ਼ਾਲਾਂ 58
11. ਕਰਫਿਊ 60
12. ਚਾਮਚੜਿੱਕਾਂ 62
13. ਹਿੰਦੂ ਕਰੋਨਾ, ਮੁਸਲਿਮ ਕਰੋਨਾ 65
14. ਬਲੀ ਦੇ ਬੱਕਰੇ 67
15. ਬੜ੍ਹਕਾਂ 71
16. ਖੁੰਭਾਂ ਵਰਗੇ ਲੋਕ 73
17. ਦਰਬਾਰੀ 75
18. ਜਮੂਰਾ 77
19. ਕਰੋਨਾ ਦਾ ਡਰ 79
20. ਕਵਿਤਾ ਦਾ ਵਿਸਫੋਟ 81
21. ਅੰਦਾਜ਼ 83
22. ਜਿਉਣ ਦਾ ਸਲੀਕਾ ਸਿੱਖ ਰਹੀ ਕਵਿਤਾ 85
23. ਡਾਇਰੀ ਦੇ ਪੰਨੇ 90
24. ਤੀਸਰਾ ਮਹਾਂ-ਯੁੱਧ 92
25. ਅਸ਼ੀਰਵਾਦ 95
26. ਲਛਮਣ ਰੇਖਾ ਦਾ ਆਰ-ਪਾਰ 97
27. ਟੈਲੀਵੀਜ਼ਨ 101
28. ਘਰਾਂ ਨੂੰ ਪਰਤਣ ਦੀ ਉਡੀਕ 104
29. ਬੋਲਿਆ ਬਨ੍ਹੇਰੇ ਉੱਤੇ ਕਾਂ 108
30. ਭ੍ਰਿਸ਼ਟ ਰਾਜਨੀਤੀ ਦੇ ਵਾਇਰਸ 111
31. ਤ੍ਰਾਸਦੀ 113

32. ਕੌਣ ਚਾਹੇਗਾ 115
33. ਵੂਹਾਨ ਤੋਂ ਨਿਊਯਾਰਕ ਤੱਕ 117
34. ਅੱਗ ਦੇ ਭਾਂਬੜ 120
35. ਬਾਪੂ ਗਾਂਧੀ ਦੇ ਤਿੰਨ ਬਾਂਦਰ 123
36. ਅਨਲੌਕਡਾਊਨ 125
37. ਸੰਸਥਾਵਾਂ 127
38. ਕਸੂਰ 129
39. ਸ਼ਾਇਰੀ 131
40. ਰੱਬ ਦੇ ਏਜੰਟ 133
41. ਦੇਸ਼ ਦੀ ਮਾਨਸਿਕਤਾ 135
42. ਕਰੋਨਾ ਮਾਫ਼ੀਆ 137
43. ਦੇਸ ਵਾਪਸੀ 140
44. ਲੋਕ ਬੋਲੀਆਂ 142
45. ਚਾਅ 143
46. ਨੀ ਜਿੰਦੇ 146
47. ਹਨੂੰਮਾਨ 148
48. ਤਰੰਨਮ ਸ਼ਾਇਰੀ 150
49. ਕਾਵਿ-ਉਤਸਵ 152
50. ਸੀਤਾ ਤੇ ਰਾਧਾ 154
51. ਸੰਭਾਵਨਾਵਾਂ 156
52. ਨੇਤਾ 159
53. ਨਕਾਬਪੋਸ਼ ਹਤਿਆਰੇ 161
54. ਡਰੋਨ 163
55. ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ 165
56. ਲਾਲ ਮਿਰਚਾਂ ਦੀ ਧੂਣੀ 167
57. ਗੋਡਸੇ ਦੀ ਵਾਪਸੀ 169
58. ਦਿੱਲੀ, ਜਲ ਰਹੀ ਹੈ 171
59. ਦੇਵੀਆਂ ਦੇ ਬਲਾਤਕਾਰ 173
60. ਤੁਸੀਂ, ਕਿੰਝ ਸੋਚਦੇ ਹੋ 175
61. ਸੋਨੇ ਦੀਆਂ ਪਾਲਕੀਆਂ 177
62. ਜਸਵੰਤ ਸਿੰਘ ਕੰਵਲ 179
63. ਦਿੱਲੀ ਦੀਆਂ ਚੋਣਾਂ 181
64. ਡਾਇਰੀ ਦੇ ਪੰਨੇ 183

# ਕਰੋਨਾ ਮਹਾਮਾਰੀ ਵਰਤਾਰਾ ਅਤੇ ਮੇਰੀ ਸ਼ਾਇਰੀ

ਮਨੁੱਖੀ ਇਤਿਹਾਸ ਵਿੱਚ ਅਨੇਕਾਂ ਮਹਾਮਾਰੀਆਂ ਆਉਂਦੀਆਂ-ਜਾਂਦੀਆਂ ਰਹੀਆਂ ਹਨ; ਪਰ ਕਰੋਨਾ ਮਹਾਮਾਰੀ, ਕਈ ਕਾਰਨਾਂ ਕਰਕੇ, ਇੱਕ ਵੱਖਰੀ ਤਰ੍ਹਾਂ ਦਾ ਹੀ ਵਰਤਾਰਾ ਸਮਝਿਆ ਜਾ ਰਿਹਾ ਹੈ.

ਇਸ ਵਰਤਾਰੇ ਬਾਰੇ ਇੱਕ ਵਿਸ਼ੇਸ਼ ਗੱਲ ਇਹ ਹੈ ਕਿ ਅਜੇ ਤੀਕ ਕੋਈ ਵਿਅਕਤੀ ਵੀ ਇਹ ਗੱਲ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਇਸ ਮਹਾਮਾਰੀ ਲਈ ਜ਼ਿੰਮੇਵਾਰ ਕਰੋਨਾ ਵਾਇਰਸ ਕੁਦਰਤੀ ਹੈ ਜਾਂ ਕਿ ਇਹ ਵਾਇਰਸ ਮਨੁੱਖ ਦੁਆਰਾ, ਕਿਸੇ ਪ੍ਰਯੋਗਸ਼ਾਲਾ ਵਿੱਚ, ਤਿਆਰ ਕੀਤਾ ਗਿਆ ਹੈ? ਅਜੇ ਤੱਕ ਤਾਂ ਕੋਈ ਇਹ ਗੱਲ ਵੀ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਇਹ ਵਾਇਰਸ ਆਖਿਰ ਆਇਆ ਕਿੱਥੋਂ ਹੈ ? ਇਸ ਮਹਾਮਾਰੀ ਦੀ ਇੱਕ ਵਿਸ਼ੇਸ਼ ਗੱਲ ਇਹ ਵੀ ਹੈ ਕਿ ਇਸ ਮਹਾਮਾਰੀ ਨੇ, ਦੁਨੀਆਂ ਦੇ ਕੋਨੇ ਕੋਨੇ ਵਿੱਚ, ਲੱਗਪੱਗ 180 ਤੋਂ ਵੀ ਵੱਧ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਹੈ.

ਭਾਵੇਂ ਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਸ ਮਹਾਮਾਰੀ ਦੀ ਸ਼ੁਰੂਆਤ ਚੀਨ ਦੇ ਵੂਹਾਨ ਸ਼ਹਿਰ ਤੋਂ ਹੋਈ ਹੈ ਅਤੇ ਕਰੋਨਾ ਵਾਇਰਸ ਚਮਗਿੱਦੜਾਂ ਤੋਂ ਆਇਆ ਹੈ; ਪਰ ਕੋਈ ਵੀ ਇਸ ਵਿਚਾਰ ਦੀ ਪੁਸ਼ਟੀ ਕਰਨ ਲਈ ਅਜੇ ਤੀਕ ਕੋਈ ਤਸੱਲੀਬਖਸ਼ ਤੱਥ ਪੇਸ਼ ਨਹੀਂ ਕਰ ਸਕਿਆ ; ਅਜਿਹੇ ਤੱਥ ਜਿਨ੍ਹਾਂ ਦੀ ਪੁਸ਼ਟੀ ਵੱਖੋ ਵੱਖ ਦੇਸ਼ਾਂ ਦੇ ਵਿਗਿਆਨੀ ਅਤੇ ਪ੍ਰਯੋਗਸ਼ਾਲਾਵਾਂ ਕਰ ਸਕਦੀਆਂ ਹੋਣ.

'ਵਿਸ਼ਵ ਸਿਹਤ ਸੰਸਥਾ' ਦੇ ਚੀਨ ਸਥਿਤ ਦਫ਼ਤਰ ਦਾ ਕਹਿਣਾ ਹੈ ਕਿ ਦਸੰਬਰ 2019 ਵਿੱਚ ਵੂਹਾਨ ਸ਼ਹਿਰ ਵਿੱਚੋਂ ਇਹ ਖਬਰਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਕਿ ਇੱਕ ਅਗਿਆਤ ਕਿਸਮ ਦੇ ਵਾਇਰਸ ਕਾਰਨ ਲੋਕਾਂ ਨੂੰ ਨਮੂਨੀਆ ਹੋ ਰਿਹਾ ਹੈ. ਪੂਰਬੀ ਚੀਨ ਦੇ ਇਸ ਸ਼ਹਿਰ ਵਿੱਚ ਤਕਰੀਬਨ 11 ਲੱਖ ਲੋਕ ਵੱਸਦੇ ਹਨ. ਕੁਝ ਖੋਜੀਆਂ ਦਾ ਕਹਿਣਾ ਹੈ ਕਿ ਇਹ ਵਾਇਰਸ ਵੂਹਾਨ ਸ਼ਹਿਰ ਦੀ ਇੱਕ ਸੀਫੂਡ ਮਾਰਕਿਟ ਤੋਂ ਸ਼ੁਰੂ ਹੋਇਆ ਹੈ; ਜਿੱਥੇ ਕਿ ਜੰਗਲੀ ਜਾਨਵਰ, ਪੰਛੀ, ਸਹੇ, ਸੱਪ ਅਤੇ ਚਮਗਿੱਦੜ ਵਿੱਕਦੇ ਹਨ.

ਭਾਵੇਂ ਕਿ ਵੂਹਾਨ ਦੀ ਇਹ ਸੀਫੂਡ ਮਾਰਕਿਟ ਜਨਵਰੀ 1,2020 ਨੂੰ ਬੰਦ ਕਰ ਦਿੱਤੀ ਗਈ ਸੀ; ਪਰ ਉਦੋਂ ਤੱਕ ਇਹ ਵਾਇਰਸ ਫੈਲ ਚੁੱਕਾ ਸੀ ਅਤੇ ਮਨੁੱਖਾਂ ਨੂੰ ਪ੍ਰਭਾਵਿਤ ਕਰ ਰਿਹਾ ਸੀ.

ਸ਼ੁਰੂ ਸ਼ੁਰੂ ਵਿੱਚ ਇਹ ਮੰਨਿਆ ਜਾ ਰਿਹਾ ਸੀ ਕਿ ਕਰੋਨਾਵਾਇਰਸ ਸੱਪਾਂ ਤੋਂ ਆਇਆ ਹੈ; ਪਰ ਵੂਹਾਨ ਇੰਸਟੀਚੀਊਟ ਆਫ ਵਾਰਾਲੋਜੀ ਦੇ ਖੋਜੀਆਂ ਦਾ ਕਹਿਣਾ ਹੈ ਕਿ ਕਰੋਨਾ ਵਾਇਰਸ (ਬੈਟਸ) ਚਮਗਿੱਦੜਾਂ ਤੋਂ ਹੀ ਆਇਆ ਲੱਗਦਾ ਹੈ. ਕਿਉਂਕਿ, 'ਸਾਰਸ' ਦੀ ਬੀਮਾਰੀ ਵੀ ਚਮਗਿੱਦੜਾਂ ਤੋਂ ਹੀ ਫੈਲੀ ਸੀ.

'ਨਿਊ ਯਾਰਕ ਟਾਈਮਜ਼' ਦਾ ਕਹਿਣਾ ਹੈ ਕਿ 'ਬੈਟਸ' (ਚਮਗਿੱਦੜ) ਹਮੇਸ਼ਾ ਅਨੇਕਾਂ ਤਰ੍ਹਾਂ ਦੇ ਵਾਇਰਸ ਆਪਣੇ ਨਾਲ ਲੈ ਕੇ ਰਹਿੰਦੇ ਹਨ; ਪਰ ਉਨ੍ਹਾਂ ਵਾਇਰਸਸ ਦਾ ਚਮਗਿੱਦੜਾਂ ਉੱਤੇ ਕੋਈ ਅਸਰ ਨਹੀਂ ਹੁੰਦਾ. ਜਿਸ ਕਾਰਨ ਮਨੁੱਖਾਂ ਨੂੰ ਅਫਰੀਕਾ, ਮਲੇਸ਼ੀਆ, ਬੰਗਲਾ ਦੇਸ਼ ਅਤੇ ਅਸਟਰੇਲੀਆ ਵਿੱਚ ਅਨੇਕਾਂ ਬੀਮਾਰੀਆਂ ਹੋਈਆਂ ਹਨ.

'ਈਬੋਲਾ' ਦੀ ਬੀਮਾਰੀ ਵੀ ਚਮਗਿੱਦੜਾਂ ਤੋਂ ਹੀ ਫੈਲੀ ਸੀ.

ਜਨਵਰੀ 12 ਨੂੰ ਚੀਨ ਦੇ ਸਿਹਤ ਵਿਭਾਗ ਨੇ ਹੋਰਨਾਂ ਦੇਸ਼ਾਂ ਨਾਲ ਵੀ ਕਰੋਨਾ ਵਾਇਰਸ ਬਾਰੇ ਜਾਣਕਾਰੀ ਸਾਂਝੀ ਕਰ ਦਿੱਤੀ ਸੀ; ਤਾਂ ਕਿ ਕਰੋਨਾ ਵਾਇਰਸ ਤੋਂ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਢੰਗ/ਤਰੀਕੇ ਲੱਭੇ ਜਾ ਸਕਣ.

ਚੀਨ ਵਿੱਚ ਸਭ ਤੋਂ ਪਹਿਲਾਂ ਕਰੋਨਾ ਵਾਇਰਸ ਮਹਾਮਾਰੀ ਦਾ ਪਾਸਾਰ ਹੋਇਆ ਅਤੇ ਚੀਨ ਨੇ ਹੀ ਸਭ ਤੋਂ ਪਹਿਲਾਂ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਇਆ.

ਚੀਨ ਨੇ ਕਰੋਨਾ ਮਹਾਮਾਰੀ ਦੇ ਪਾਸਾਰ ਨੂੰ ਰੋਕਣ ਅਤੇ ਇਸ ਉੱਤੇ ਕਾਬੂ ਪਾਣ ਵਿੱਚ ਵੱਡੀ ਸਫਲਤਾ ਇਸ ਕਰਕੇ ਪ੍ਰਾਪਤ ਕੀਤੀ ਕਿਉਂਕਿ ਚੀਨ ਨੇ ਮਹਾਮਾਰੀ ਰੋਕਣ ਲਈ ਸਿਹਤ ਵਿਗਿਆਨ ਦੇ ਵਿਗਿਆਨਕ ਨਿਯਮਾਂ ਅਨੁਸਾਰ ਸਾਰੇ ਕਦਮ ਚੁੱਕੇ; ਨ ਕਿ ਅਗਿਆਨਤਾ ਅਤੇ ਵਹਿਮਾਂ-ਭਰਮਾਂ ਦਾ ਪ੍ਰਚਾਰ ਕਰਕੇ ਜਨਤਾ ਨੂੰ ਭੰਬਲਭੂਸੇ ਵਿੱਚ ਪਾਇਆ. ਉਸ ਦੇਸ਼ ਦੀ ਸਰਕਾਰ ਨੇ ਇਸ ਦਿਸ਼ਾ ਵਿੱਚ ਇੱਕ ਹੋਰ ਵੱਡਾ ਕਦਮ ਇਹ ਚੁੱਕਿਆ ਕਿ ਉਨ੍ਹਾਂ ਨੇ ਆਮ ਲੋਕਾਂ ਨੂੰ ਸਰਗਰਮ ਕਰਕੇ ਇਸ ਕੰਮ ਵਿੱਚ ਆਪਣੇ ਨਾਲ ਤੋਰਿਆ. ਉਨ੍ਹਾਂ ਨੇ ਮੈਡੀਕਲ ਸਾਜ਼ੋ-ਸਮਾਨ ਦਾ ਬਹੁਤ ਤੇਜ਼ੀ ਨਾਲ ਉਤਪਾਦਨ ਕਰਨ ਅਤੇ ਥਾਂ ਥਾਂ ਪਹੁੰਚਾਉਣ ਦਾ ਯੋਗ ਪ੍ਰਬੰਧ ਕੀਤਾ. ਇਸ ਦੇ ਨਾਲ ਨਾਲ ਚੀਨ ਸਰਕਾਰ ਨੇ ਨੀਤੀਗਤ, ਆਰਥਿਕ, ਤਕਨੀਕੀ ਅਤੇ ਪ੍ਰਬੰਧਕੀ ਫੈਸਲੇ ਸਮੇਂ ਸਿਰ ਅਤੇ ਜੰਗੀ ਪੱਧਰ ਉੱਤੇ ਕੀਤੇ.

ਚੀਨ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਉਣ ਵਾਸਤੇ ਸਿਆਸੀ, ਪ੍ਰਬੰਧਕੀ ਅਤੇ ਕਿੱਤਾ-ਮੁਖੀ ਫੈਸਲੇ ਠੀਕ ਸਮੇਂ ਉੱਤੇ ਅਤੇ ਸਹੀ ਤਰ੍ਹਾਂ ਚੁੱਕੇ ਗਏ. ਜਿਨ੍ਹਾਂ ਫੈਸਲਿਆਂ ਕਾਰਨ ਕਰੋਨਾ ਮਹਾਮਾਰੀ ਵੂਹਾਨ ਸ਼ਹਿਰ ਤੋਂ ਬਾਹਰ ਫੈਲਣ ਉੱਤੇ ਰੋਕ ਲਗਾਉਣ ਵਿੱਚ ਸਰਕਾਰ ਨੂੰ ਭਾਰੀ ਸਫਲਤਾ ਮਿਲੀ.

ਭਾਵੇਂ ਕਿ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਉਣ ਲਈ ਚੀਨ ਨੇ ਵੀ ਵੂਹਾਨ ਸ਼ਹਿਰ ਵਿੱਚ ਲੌਕਡਾਊਨ ਦੀ ਵਰਤੋਂ ਕੀਤੀ; ਪਰ ਚੀਨ ਸਰਕਾਰ ਨੇ ਇਹ ਯਕੀਨੀ ਬਣਾਇਆ ਕਿ ਲੌਕਡਾਊਨ ਦੌਰਾਨ ਵੂਹਾਨ ਸ਼ਹਿਰਵਾਸੀਆਂ ਨੂੰ

ਹਰ ਲੋੜੀਂਦੀ ਚੀਜ਼ ਘਰ ਬੈਠਿਆਂ ਹੀ ਆਸਾਨੀ ਨਾਲ ਮਿਲ ਸਕੇ.

ਚੀਨ ਸਰਕਾਰ ਨੇ ਕਰੋਨਾਵਾਇਰਸ ਮਹਾਮਾਰੀ ਬਾਰੇ, ਵਿਗਿਆਨਕ ਤੱਥਾਂ ਉੱਤੇ ਆਧਾਰਿਤ, ਹਰ ਤਰ੍ਹਾਂ ਦੀ ਜਾਣਕਾਰੀ ਆਪਣੇ ਦੇਸ਼ਵਾਸੀਆਂ ਤੱਕ ਪਹੁੰਚਾਈ; ਨ ਕਿ ਅਫਵਾਹਾਂ ਉੱਤੇ ਉੱਸਰੀ ਜਾਣਕਾਰੀ ਲੋਕਾਂ ਤੱਕ ਪਹੁੰਚਾਈ.

ਚੀਨ ਸਰਕਾਰ ਦੀ ਭਾਰੀ ਕਾਮਿਯਾਬੀ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੇ ਇਹ ਫੈਸਲਾ ਕਰ ਲਿਆ ਸੀ ਕਿ ਆਰਥਿਕ ਹਿਤਾਂ ਨਾਲੋਂ ਲੋਕਾਂ ਦੀ ਤੰਦਰੁਸਤੀ ਅਤੇ ਜਨ-ਕਲਿਆਣ ਜ਼ਿਆਦਾ ਜ਼ਰੂਰੀ ਹੈ. ਉਸ ਦੇਸ਼ ਦੀ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਸੀ ਕਿ ਕਰੋਨਾ ਵਾਇਰਸ ਨਾਲ ਪੀੜਤ ਲੋਕਾਂ ਦੇ ਮੈਡੀਕਲ ਟੈਸਟ ਵੀ ਮੁਫਤ ਹੋਣਗੇ ਅਤੇ ਉਨ੍ਹਾਂ ਦੀ ਬੀਮਾਰੀ ਦਾ ਸਾਰਾ ਖਰਚਾ ਵੀ ਸਰਕਾਰ ਦੇਵੇਗੀ.

ਉਨ੍ਹਾਂ ਦੀ ਕਾਮਿਯਾਬੀ ਦਾ ਇਹ ਵੀ ਇੱਕ ਕਾਰਨ ਹੈ ਕਿ ਲੋਕਾਂ ਨੇ ਆਪੋ ਆਪਣੇ ਗਲੀ-ਗੁਆਂਢ ਵਿੱਚ ਆਪਣੀ ਸੁਰੱਖਿਆ ਤੇ ਸਹਾਇਤਾ ਕਮੇਟੀਆਂ ਬਣਾਈਆਂ. ਵੂਹਾਨ ਦੇ ਲੌਕਡਾਊਨ ਦੌਰਾਨ ਇਨ੍ਹਾਂ ਕਮੇਟੀਆਂ ਦੇ ਮੈਂਬਰ ਹੀ ਤਾਪਮਾਨ ਚੈੱਕ ਕਰਨ, ਭੋਜਨ ਤੇ ਦਵਾਈਆਂ ਆਦਿ ਮੈਡੀਕਲ ਸਮਾਨ ਘਰ ਘਰ ਪਹੁੰਚਾਉਣ ਵਾਸਤੇ ਜਾਂਦੇ. ਬਾਕੀ ਥਾਵਾਂ ਤੇ ਇਨ੍ਹਾਂ ਕਮੇਟੀਆਂ ਨੇ ਗਲੀਆਂ ਦੇ ਪ੍ਰਵੇਸ਼ ਤੇ ਕੈਂਪ ਲਾ ਕੇ ਤਾਪਮਾਨ ਚੈੱਕ ਕਰਨਾ, ਅੰਦਰ ਜਾਣ ਤੇ ਬਾਹਰ ਆਉਣ ਵਾਲਿਆਂ ਦਾ ਰਿਕਾਰਡ ਰੱਖਣਾ: ਸ਼ੁਰੂ ਕਰਕੇ ਜਨ-ਸਿਹਤ ਦਾ ਬਹੁਤ ਹੀ ਵਧੀਆ ਨਮੂਨਾ ਪੇਸ਼ ਕੀਤਾ.

ਮਾਮੂਲੀ ਲੱਛਣਾਂ ਵਾਲੇ ਮਰੀਜ਼ਾਂ ਦਾ ਆਰਜ਼ੀ ਇਲਾਜ ਕੇਂਦਰਾਂ ਅਤੇ ਗੰਭੀਰ ਮਰੀਜ਼ਾਂ ਦਾ ਹਸਪਤਾਲਾਂ ਵਿੱਚ ਇਲਾਜ ਕੀਤਾ ਗਿਆ. ਸੁਰੱਖਿਆ ਕਵਚ, ਟੈਸਟ ਕਿੱਟ, ਵੈਂਟੀਲੇਟਰ ਤੇ ਹੋਰ ਸਾਜ਼ੋ-ਸਮਾਨ ਤੁਰੰਤ ਪਹੁੰਚ ਗਿਆ. ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਕਿ ਕਿਸੇ ਵੀ ਮੈਡੀਕਲ ਸਾਜ਼ੋ-ਸਮਾਨ ਦੀ ਥੁੜ੍ਹ ਨਾ ਰਹੇ.

ਚੀਨ ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਕਿ ਆਮ ਲੋਕਾਂ ਨੂੰ ਆਮ ਜ਼ਿੰਦਗੀ ਦੀਆਂ ਸਭ ਚੀਜ਼ਾਂ ਆਸਾਨੀ ਨਾਲ ਮਿਲ ਸਕਣ ਅਤੇ ਜੇਕਰ ਕੋਈ ਵਿਉਪਾਰੀ ਕੀਮਤਾਂ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ ਵਿਰੁੱਧ ਸਖਤ ਐਕਸ਼ਨ ਲਿਆ ਜਾਵੇ.

ਇਨ੍ਹਾਂ ਸਾਰੇ ਕਾਰਨਾਂ ਕਰਕੇ ਹੀ ਚੀਨ ਨੇ ਕਰੋਨਾ ਵਾਇਰਸ ਉੱਤੇ ਆਸਾਨੀ ਨਾਲ ਕਾਬੂ ਪਾ ਲਿਆ ਅਤੇ ਇਨ੍ਹਾਂ ਕਾਰਨਾਂ ਕਰਕੇ ਹੀ ਚੀਨ ਅੱਜ ਵਿਸ਼ਵ ਵਿੱਚ ਸੁਪਰਪਾਵਰ ਬਣਕੇ ਉੱਭਰਿਆ ਹੈ.

ਚੀਨ ਤੋਂ ਬਾਹਦ ਕਰੋਨਾਵਾਇਰਸ ਮਹਾਮਾਰੀ ਨੇ ਯੋਰਪ ਉੱਤੇ ਵੱਡਾ ਹੱਲਾ ਬੋਲਿਆ.

ਭਾਵੇਂ ਕਿ ਜਿਸ ਵੇਲੇ ਚੀਨ ਆਪਣੇ ਦੇਸ਼ਵਾਸੀਆਂ ਉੱਤੇ ਕਰੋਨਾਵਇਰਸ ਮਹਾਮਾਰੀ ਵੱਲੋਂ ਕੀਤੇ ਗਏ ਖਤਰਨਾਕ ਹਮਲੇ ਦਾ ਬਹੁਤ ਹੀ ਦ੍ਰਿੜਤਾ ਨਾਲ

ਮੁਕਾਬਲਾ ਕਰ ਰਿਹਾ ਸੀ ਤਾਂ ਉਸ ਘੜੀ ਦੁਨੀਆਂ ਦੇ ਵਧੇਰੇ ਦੇਸ਼ਾਂ ਦੀਆਂ ਸਰਕਾਰਾਂ ਨੇ ਕਰੋਨਾਵਾਇਰਸ ਮਹਾਮਾਰੀ ਦੇ ਖਤਰਿਆਂ ਵੱਲ ਕੋਈ ਬਹੁਤਾ ਧਿਆਨ ਨ ਦਿੱਤਾ.

ਪਰ ਜਦੋਂ ਕਰੋਨਾਵਾਇਰਸ ਮਹਾਮਾਰੀ ਨੇ ਯੋਰਪ ਦੇ ਵੱਡੇ ਦੇਸ਼ਾਂ ਸਪੇਨ, ਇਟਲੀ, ਫਰਾਂਸ, ਯੂ.ਕੇ., ਜਰਮਨੀ, ਹਾਲੈਂਡ ਉੱਤੇ ਹੱਲਾ ਬੋਲਿਆ ਤਾਂ ਸਾਰੀ ਦੁਨੀਆਂ ਨੂੰ ਕਰੋਨਾ ਮਹਾਮਾਰੀ ਬਾਰੇ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਕਿ ਉਨ੍ਹਾਂ ਦਾ ਵਾਹ ਇੱਕ ਖਤਰਨਾਕ ਅਤੇ ਮਾਰੂ ਮਹਾਮਾਰੀ ਨਾਲ ਪੈ ਗਿਆ ਹੈ.

ਜਦੋਂ ਕਰੋਨਾਵਾਇਰਸ ਮਹਾਮਾਰੀ ਨੇ ਸਪੇਨ, ਇਟਲੀ, ਫਰਾਂਸ, ਯੂ.ਕੇ. ਵਰਗੇ ਦੇਸ਼ਾਂ ਵਿੱਚ ਲਾਸ਼ਾਂ ਦੇ ਢੇਰ ਲਗਾਣੇ ਸ਼ੁਰੂ ਕਰ ਦਿੱਤੇ; ਤਾਂ, ਸਾਰੀ ਦੁਨੀਆਂ ਵਿੱਚ ਹੀ ਕਰੋਨਾਵਾਇਰਸ ਮਹਾਮਾਰੀ ਦੀ ਦਹਿਸ਼ਤ ਫੈਲ ਗਈ. ਪਰ ਕਰੋਨਾਵਾਇਰਸ ਮਹਾਮਾਰੀ ਦੇ ਘਾਤਕ ਹੋਣ ਦਾ ਅਸਲ ਅੰਦਾਜ਼ਾ ਉਦੋਂ ਹੀ ਲੱਗਾ ਜਦੋਂ ਇਹ ਵਾਇਰਸ ਉੱਤਰੀ ਅਮਰੀਕਾ ਵਿੱਚ ਵੀ ਆਣ ਪਹੁੰਚਿਆ ਅਤੇ ਅਮਰੀਕਾ ਵਿੱਚ 20 ਲੱਖ ਤੋਂ ਵੀ ਵੱਧ ਕਰੋਨਾਵਾਇਰਸ ਨਾਲ ਪੀੜਤ ਲੋਕ ਹਸਪਤਾਲਾਂ ਵਿੱਚ ਆਉਣ ਲੱਗੇ. ਅਮਰੀਕਾ ਵਿੱਚ ਹੁਣ ਤੱਕ 1 ਲੱਖ ਤੋ ਵੀਂ ਵੱਧ ਲੋਕ ਕਰੋਨਾਵਾਇਰਸ ਮਹਾਮਾਰੀ ਕਾਰਨ ਮਾਰੇ ਜਾ ਚੁੱਕੇ ਹਨ.

ਚੀਨ, ਯੋਰਪ ਅਤੇ ਉੱਤਰੀ ਅਮਰੀਕਾ ਵਿੱਚ ਤਬਾਹੀ ਮਚਾਉਣ ਤੋਂ ਬਾਹਦ ਕਰੋਨਾਵਾਇਰਸ ਮਹਾਮਾਰੀ ਨੇ 30 ਜਨਵਰੀ, 2020 ਨੂੰ ਇੰਡੀਆ ਵਿੱਚ ਵੀ ਪ੍ਰਵੇਸ਼ ਕਰ ਲਿਆ.

ਕਰੋਨਾਵਾਇਰਸ ਪੀੜਤ ਇਹ ਵਿਅਕਤੀ ਵੂਹਾਨ, ਚੀਨ, ਤੋਂ ਕੈਰਲਾ, ਇੰਡੀਆ ਆਇਆ ਸੀ.

3 ਫਰਵਰੀ ਤੱਕ ਇੰਡੀਆ ਵਿੱਚ ਕਰੋਨਾਵਾਇਰਸ ਮਹਾਮਾਰੀ ਦਾ ਸ਼ਿਕਾਰ ਮਰੀਜਾਂ ਦੀ ਗਿਣਤੀ ਕੇਵਲ 3 ਸੀ.

4 ਮਾਰਚ ਨੂੰ ਂ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ 22 ਹੋਰ ਵਿਅਕਤੀਆਂ ਬਾਰੇ ਪਤਾ ਲੱਗਿਆ. ਇਨ੍ਹਾਂ ਵਿੱਚੋਂ 16 ਵਿਅਕਤੀ ਇੱਕੋ ਹੀ ਪ੍ਰਵਾਰ ਦੇ ਮੈਂਬਰ ਸਨ ਜੋ ਕਿ ਇਟਲੀ ਤੋਂ ਵਾਪਿਸ ਮੁੜੇ ਸਨ.

21 ਮਾਰਚ ਤੱਕ ਇੰਡੀਆ ਵਿੱਚ ਕਰੋਨਾਵਾਇਰਸ ਦੇ ਸ਼ਿਕਾਰ ਵਿਅਕਤੀਆਂ ਦੀ ਗਿਣਤੀ 315 ਹੋ ਗਈ.

22 ਮਾਰਚ ਨੂੰ ਇੰਡੀਆ ਦੇ ਪ੍ਰਧਾਨ ਮੰਤਰੀ ਨੇ ਸਮੁੱਚੇ ਦੇਸ਼ ਵਿੱਚ 14 ਘੰਟਿਆਂ ਦਾ ਜਨਤਕ ਕਰਫੀਊ ਲਗਾ ਦਿੱਤਾ.

24 ਮਾਰਚ ਨੂੰ ਨਰਿੰਦਰ ਮੋਦੀ ਨੇ ਸਮੁੱਚੇ ਦੇਸ਼, ਇੰਡੀਆ, ਵਿੱਚ 21 ਦਿਨ ਦਾ ਲੌਕਡਾਊਨ ਲਾਗੂ ਕਰ ਦਿੱਤਾ.

ਵਿਸ਼ਵ ਭਰ ਵਿੱਚ, ਅਜੇ ਤੀਕ, ਕਿਸੀ ਵੀ ਦੇਸ਼ ਕੋਲ ਕਰੋਨਾਵਾਇਰਸ ਨਾਲ ਪੀੜਤ ਲੋਕਾਂ ਦਾ ਸ਼ਰਤੀਆ ਇਲਾਜ ਕਰਨ ਲਈ ਕੋਈ ਅਸਰਦਾਇਕ ਦਵਾਈ ਜਾਂ ਵੈਕਸੀਨ ਨ ਹੋਣ ਕਾਰਨ, ਵਧੇਰੇ ਦੇਸ਼ਾਂ ਨੇ, ਕਰੋਨਾ ਮਹਾਮਾਰੀ ਤੋ

ਂ ਬਚਾਅ ਲਈ 'ਲੌਕਡਾਉਨ' ਨੂੰ ਹੀ ਸਭ ਤੋਂ ਵਧੀਆ ਤਰੀਕਾ ਮਿਥਿਆ ਹੈ.

ਜਿਸ ਦਾ ਮਤਲਬ ਹੈ ਕਿ ਦੇਸ਼ ਭਰ ਵਿੱਚ ਸਭ ਵਿਉਪਾਰ, ਸਭ ਆਵਾਜਾਈ ਦੇ ਸਭ ਸਾਧਨ ਠੱਪ ਕਰ ਦਿੱਤੇ ਜਾਣ. ਸਭ ਸਕੂਲ, ਕਾਲਿਜ, ਯੂਨੀਵਰਸਿਟੀਆਂ, ਸਭ ਸਰਕਾਰੀ/ਪਰਾਈਵੇਟ ਦਫਤਰ, ਅਦਾਲਤਾਂ, ਸਿਨਮੇ, ਬੈਂਕੁਟ ਹਾਲ, ਜਿੰਮ ਆਦਿ- ਸਭ ਕੁਝ ਬੰਦ ਕਰ ਦਿੱਤਾ ਜਾਵੇ. ਤਾਂ ਕਿ ਲੋਕ ਇੱਕ ਦੂਜੇ ਦੇ ਨੇੜੇ ਨ ਆ ਸਕਣ.

ਹੋਰਨਾਂ ਦੇਸ਼ਾਂ ਦੀ ਰੀਸੋ ਰੀਸ, ਇੰਡੀਆ ਦੀ ਹਕੂਮਤ ਨੇ ਵੀ ਸਮੁੱਚੇ ਦੇਸ਼ ਵਿੱਚ ਲੌਕਡਾਊਨ ਲਗਾ ਦਿੱਤਾ.

ਜਦੋਂ ਕਿ ਹੋਰਨਾਂ ਦੇਸ਼ਾਂ ਦੀਆਂ ਹਕੂਮਤਾਂ ਨੇ ਆਪਣੇ ਦੇਸ਼ਵਾਸੀਆਂ ਨੂੰ ਲੌਕਡਾਊਨ ਲਗਾਉਣ ਤੋਂ ਕਈ ਕਈ ਦਿਨ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ; ਤਾਂ ਕਿ ਲੋਕ ਇਸ ਸਬੰਧੀ ਆਪਣੀ ਲੋੜੀਂਦੀ ਤਿਆਰੀ ਕਰ ਸਕਣ. ਪਰ ਇਸਦੇ ਉਲਟ ਇੰਡੀਆ ਦੀ ਹਕੂਮਤ ਨੇ ਬਿਨ੍ਹਾਂ ਕਿਸੀ ਸਰਕਾਰੀ ਪੱਧਰ ਉੱਤੇ ਤਿਆਰੀ ਕਰਨ ਦੇ ਅਤੇ ਬਿਨ੍ਹਾਂ ਦੇਸ਼ ਵਾਸੀਆਂ ਨੂੰ ਤਿਆਰੀ ਕਰਨ ਦਾ ਸਮਾਂ ਦੇਣ ਦੇ ਸਮੁੱਚੇ ਦੇਸ਼ ਵਿੱਚ ਕਰਫਿਊ ਲਗਾ ਦਿੱਤਾ. ਜਿਸਦਾ ਸਮੁੱਚੇ ਦੇਸ਼ਵਾਸੀਆਂ ਨੂੰ, ਅਨੇਕਾਂ ਪੱਖਾਂ ਤੋਂ, ਭਾਰੀ ਨੁਕਸਾਨ ਹੋਇਆ ਅਤੇ ਸਮੁੱਚੇ ਦੇਸ਼ ਦੀ ਆਰਥਿਕਤਾ ਵੀ ਪੂਰੀ ਤਰ੍ਹਾਂ ਤਬਾਹ ਹੋ ਗਈ.

ਲੌਕਡਾਊਨ ਕਾਰਨ ਸਮੁੱਚੇ ਦੇਸ਼ਵਾਸੀ, ਬਿਨ੍ਹਾਂ ਕਿਸੀ ਜੁਰਮ ਦੇ, ਘਰਾਂ ਵਿੱਚ ਕੈਦ ਕਰ ਦਿੱਤੇ ਗਏ.

ਦੇਸ਼ ਦੇ ਪ੍ਰਧਾਨ ਮੰਤਰੀ ਨੇ, ਮਹਿਜ਼, ਚਾਰ ਘੰਟੇ ਦਾ ਨੋਟਿਸ ਦੇ ਕੇ ਸਮੁੱਚੇ ਦੇਸ਼ ਵਿੱਚ ਲੌਕਡਾਊਂ ਲਾਗੂ ਕਰ ਦਿੱਤਾ.

ਉਸ ਤੋ ਬਾਹਦ ਦੇਸ਼ ਦੀਆਂ ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ ਜੋ ਬੀਤਣ ਲੱਗਾ, ਉਸ ਬਾਰੇ ਕਿਸੀ ਨੇ ਕਦੀ ਸੋਚਿਆ ਤੱਕ ਵੀ ਨਹੀਂ ਸੀ.

ਕੋਈ ਵਿਅਕਤੀ ਆਪਣੇ ਬੱਚੇ ਲਈ ਦੁੱਧ ਲੈਣ ਲਈ ਵੀ ਘਰ ਤੋਂ ਬਾਹਰ ਨਿਕਲਦਾ ਤਾਂ ਬਾਹਰ ਗਸ਼ਤ ਲਗਾ ਰਹੀ ਪੁਲਿਸ ਉਸ ਵਿਅਕਤੀ ਨੂੰ ਮਾਰ ਮਾਰ ਅੱਧਮੋਇਆ ਕਰ ਦਿੰਦੀ; ਕੋਈ ਵਿਅਕਤੀ ਆਪਣੇ ਬੀਮਾਰ ਮਾਪਿਆਂ ਲਈ ਦਵਾਈ ਲੈਣ ਲਈ ਵੀ ਘਰ ਤੋਂ ਨਿਕਲਦਾ ਤਾਂ ਪੁਲਿਸ ਡਾਂਗਾਂ ਮਾਰ ਮਾਰ ਉਸ ਦੀਆਂ ਹੱਡੀਆਂ ਚੂਰ ਚੂਰ ਕਰ ਦਿੰਦੀ.

ਦੇਸ਼ ਵਿੱਚ, ਹਰ ਤਰਫ਼, ਕਬਰਸਤਾਨਾਂ ਵਰਗੀ ਚੁੱਪ ਪੱਸਰੀ ਹੋਈ ਸੀ.

ਕਈ ਵੇਰ ਇਸ ਤਰ੍ਹਾਂ ਲੱਗਦਾ ਜਿਵੇਂ, ਸ਼ਹਿਰ ਵਿੱਚ, ਹਿਟਲਰ ਦੀਆਂ ਨਾਜ਼ੀ ਫੌਜਾਂ ਦਾ ਪਹਿਰਾ ਹੋਵੇ. ਜਿਵੇਂ, ਕਿਤੇ, ਡਾਇਰ ਨੇ ਸਾਰੇ ਇੰਡੀਆ ਨੂੰ ਹੀ ਜਲ੍ਹਿਆਂਵਾਲਾ ਬਾਗ ਬਨਾਉਣ ਦਾ ਹੁਕਮ ਦੇ ਦਿੱਤਾ ਹੋਵੇ.

ਦੇਸ਼ ਵਿੱਚ ਸਭ ਤੋਂ ਮੰਦਾ ਹਾਲ ਦੇਸ਼ ਦੇ ਪ੍ਰਵਾਸੀ ਮਜ਼ਦੂਰਾਂ ਦਾ ਸੀ.

ਇਹ ਪ੍ਰਵਾਸੀ ਮਜ਼ਦੂਰ ਉਹ ਮਜ਼ਦੂਰ ਸਨ ਜੋ ਇੰਡੀਆ ਦੇ ਹੀ ਪ੍ਰਾਂਤਾਂ

ਤੋਂ ਦੇਸ਼ ਦੇ ਹੋਰ ਵੱਖੋ ਵੱਖ ਹਿੱਸਿਆਂ ਵਿਚ ਮਿਹਨਤ/ਮਜ਼ਦੂਰੀ ਕਰਨ ਲਈ ਆਏ ਹੋਏ ਸਨ. ਇਨ੍ਹਾਂ ਵਿੱਚੋਂ ਵਧੇਰੇ ਉਹ ਮਜ਼ਦੂਰ ਸਨ ਜੋ ਕਿ ਖੇਤਾਂ/ਫੈਕਟਰੀਆਂ/ਛੋਟੇ ਵਿਉਪਾਰਾਂ/ਘਰਾਂ ਵਿੱਚ ਦਿਹਾੜੀ ਕਰਕੇ ਆਪਣਾ ਪੇਟ ਪਾਲਦੇ ਸਨ.

ਇਨ੍ਹਾਂ ਦਿਹਾੜੀਦਾਰ ਮਜ਼ਦੂਰਾਂ ਦੀ ਗਿਣਤੀ ਹਿੰਦੁਸਤਾਨ ਵਿੱਚ ਲੱਖਾਂ/ਕਰੋੜਾਂ ਵਿੱਚ ਸੀ; ਪਰ ਉਨ੍ਹਾਂ ਦੀ ਤਰਸਨਾਕ ਹਾਲਤ ਬਾਰੇ ਨ ਤਾਂ ਇੰਡੀਆ ਦੀ ਕਿਸੀ ਪ੍ਰਾਂਤਕ ਸਰਕਾਰ ਨੇ ਹੀ ਸੋਚਿਆ, ਨ ਹੀ ਇੰਡੀਆ ਦੀ ਕੇਂਦਰੀ ਸਰਕਾਰ ਨੇ ਹੀ ਸੋਚਿਆ ਅਤੇ ਨ ਹੀ ਇੰਡੀਆ ਦੇ ਪ੍ਰਧਾਨ ਮੰਤਰੀ ਨੇ ਹੀ ਆਪਣੀ ਕਿਸੀ ਤਕਰੀਰ ਵਿੱਚ ਹੀ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਇੱਕ ਵੀ ਸ਼ਬਦ ਹੀ ਬੋਲਿਆ. ਕਿਸੀ ਨੂੰ ਇਹ ਫਿਕਰ ਹੀ ਨਹੀਂ ਸੀ ਕਿ ਦੇਸ਼ ਦੇ ਇਹ ਕਰੋੜਾਂ ਗਰੀਬ ਮਜ਼ਦੂਰ ਅਤੇ ਉਨ੍ਹਾਂ ਦੇ ਪ੍ਰਵਾਰ ਆਪਣੇ ਮਕਾਨਾਂ ਦੇ ਕਿਰਾਏ ਕਿੱਥੋਂ ਦੇਣਗੇ, ਇਹ ਗਰੀਬ ਅਤੇ ਉਨ੍ਹਾਂ ਦੇ ਪ੍ਰਵਾਰ ਰੋਟੀ ਕਿੱਥੋਂ ਖਾਣਗੇ? ਇਨ੍ਹਾਂ ਮਿਹਨਤ-ਮਜ਼ਦੂਰੀ ਕਰਨ ਵਾਲੇ ਕਰੋੜਾਂ ਮਜ਼ਦੂਰਾਂ ਨੂੰ ਸਰਕਾਰ ਨੇ ਪਲਾਂ ਵਿੱਚ ਹੀ ਭਿਖਾਰੀ ਬਣਾ ਦਿੱਤਾ ਸੀ. ਹਕੂਮਤਾਂ ਅਤੇ ਉਨ੍ਹਾਂ ਦੇ ਕਰਿੰਦਿਆਂ ਦੀਆਂ ਨਜ਼ਰਾਂ ਵਿੱਚ ਇਨ੍ਹਾਂ ਮਜ਼ਦੂਰਾਂ ਦੀ ਕੀੜਿਆਂ/ਮਕੌੜਿਆਂ ਤੋਂ ਵੱਧ ਕੋਈ ਔਕਾਤ ਨਹੀਂ ਸੀ.

ਭੁੱਖੇ, ਪਿਆਸੇ, ਬੇਆਸਰਾ ਇਨ੍ਹਾਂ ਮਜ਼ਦੂਰਾਂ ਦੇ ਸਬਰ ਦੀ ਜਦੋਂ ਇੰਤਹਾ ਹੋ ਗਈ ਤਾਂ ਉਹ ਬਿਨ੍ਹਾਂ ਕਿਸੇ ਦੇ ਡਰ ਜਾਂ ਮੌਤ ਦੀ ਪ੍ਰਵਾਹ ਕੀਤੇ ਹੋਏ ਆਪਣਾ ਨਿੱਕਾ-ਮੋਟਾ ਘਰਾਂ ਦਾ ਸਾਮਾਨ ਗੱਠੜੀਆਂ ਵਿੱਚ ਬੰਨ੍ਹ ਸੜਕਾਂ, ਬਾਜ਼ਾਰਾਂ ਵਿੱਚ ਨਿਕਲ ਪਏ. ਉਹ ਹਜ਼ਾਰਾਂ ਮੀਲ ਦੂਰ ਸਥਿਤ ਆਪਣੇ ਘਰਾਂ ਵਿੱਚ ਪਹੁੰਚਣ ਲਈ ਦੇਸ਼ ਦੀਆਂ ਸੜਕਾਂ ਉੱਤੇ ਕਾਫਲੇ ਬਣਾ ਕੇ ਤੁਰ ਪਏ.

ਇੰਡੀਆ ਦੇ ਲੋਕਾਂ ਨੇ ਹਿੰਦੁਸਤਾਨ-ਪਾਕਿਸਤਾਨ ਦੀ ਵੰਡ ਵੇਲੇ 1947 ਵਿੱਚ ਸੜਕਾਂ ਉੱਤੇ ਤੁਰੇ ਜਾਂਦੇ ਕਾਫਲਿਆਂ ਦੀਆਂ ਤਸਵੀਰਾਂ ਸਿਰਫ ਫਿਲਮਾਂ ਵਿੱਚ ਹੀ ਦੇਖੀਆਂ ਸਨ; ਪਰ, ਹੁਣ, ਉਹ ਆਪਣੀਆਂ ਅੱਖਾਂ ਨਾਲ ਦੇਖ ਰਹੇ ਸਨ. ਦੇਸ਼ ਦੇ ਕਰੋੜਾਂ ਭੁੱਖੇ-ਪਿਆਸੇ, ਬੇਘਰ, ਲੋਕ ਦੇਸ਼ ਦੀਆਂ ਮੁੱਖ ਸੜਕਾਂ ਉੱਤੇ ਲਹੂ-ਲੁਹਾਨ ਪੈਰਾਂ ਨਾਲ ਤੁਰੇ ਜਾ ਰਹੇ ਸਨ, ਆਪਣੀਆਂ ਅੱਖਾਂ 'ਚੋਂ ਹੰਝੂ ਵਹਾਂਦੇ ਹੋਏ. ਪਰ ਕੋਈ ਵੀ ਉਨ੍ਹਾਂ ਦੇ ਜ਼ਖਮੀ ਪੈਰਾਂ ਉੱਤੇ ਮੱਲ੍ਹਮ ਲਗਾਉਣ ਲਈ ਅੱਗੇ ਨ ਆਇਆ, ਕੋਈ ਵੀ ਉਨ੍ਹਾਂ ਦੇ ਹੰਝੂ ਪੂੰਝਣ ਨ ਆਇਆ. ਦੇਸ਼ ਦੀਆਂ ਸਭ ਰਾਜਨੀਤਕ ਪਾਰਟੀਆਂ, ਦੇਸ਼ ਦੇ ਸਭ ਰਾਜਨੀਤਕ ਆਗੂ, ਸਿਵਾਏ ਟੈਲੀਵੀਜ਼ਨ ਚੈਨਲਾਂ ਉੱਤੇ ਧੂੰਆਂਧਾਰ ਭਾਸ਼ਨ ਦੇਣ ਦੇ ਹੋਰ ਕੁਝ ਨਹੀਂ ਸਨ ਕਰ ਰਹੇ.

ਇੰਡੀਆ ਵਿੱਚ ਜਦੋਂ ਕਰੋਨਾ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਗਿਣਤੀ ਅਜੇ, ਮਹਿਜ਼, 315 ਹੀ ਸੀ ਤਾਂ ਇੰਡੀਆ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰੇ ਦੇਸ਼ ਵਿੱਚ ਲੌਕਡਾਊਨ ਦਾ ਐਲਾਨ ਕਰ ਦਿੱਤਾ. ਪਰ ਹੁਣ ਜਦੋਂ ਕਿ ਇੰਡੀਆ ਵਿੱਚ ਕਰੋਨਾ ਵਾਇਰਸ ਪੀੜਤਾਂ ਦੀ ਗਿਣਤੀ 4 ਲੱਖ ਤੱਕ ਪਹੁੰਚ ਚੁੱਕੀ ਹੈ ਤਾਂ ਲੌਕਡਾਊਨ ਖਤਮ ਕਰ ਦਿੱਤਾ ਗਿਆ ਹੈ. ਕਈ ਸਿਹਤ ਵਿਗਿਆਨੀਆਂ

ਦਾ ਤਾਂ ਇੱਥੋਂ ਤੱਕ ਵੀ ਕਹਿਣਾ ਹੈ ਕਿ ਇੰਡੀਆ ਵਿੱਚ ਲੌਕਡਾਊਨ ਲਗਾਇਆ ਵੀ ਬਿਨ੍ਹਾਂ ਕੋਈ ਸੋਚ-ਵਿਚਾਰ ਦੇ ਗਿਆ ਸੀ ਅਤੇ ਲੌਕਡਾਊਨ ਹਟਾਇਆ ਵੀ ਬਿਨ੍ਹਾਂ ਕਿਸੀ ਸੋਚ ਵਿਚਾਰ ਦੇ ਹੀ ਜਾ ਰਿਹਾ ਹੈ.

ਇੰਡੀਆ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਵਾਪਰਿਆ ਹੈ ਕਿ ਇੰਡੀਆ ਦੀ ਕਿਸੀ ਵੀ ਸਰਕਾਰ ਦੇ ਹੁਕਮ ਨਾਲ ਦੇਸ਼ ਦੀ ਹਰ ਚੀਜ਼ ਪੂਰੀ ਤਰ੍ਹਾਂ ਖੜੋਤ ਦੀ ਸਥਿਤੀ ਵਿੱਚ ਲੈ ਆਂਦੀ ਗਈ ਹੋਵੇ - ਹਰ ਸਕੂਲ, ਕਾਲਿਜ, ਯੂਨੀਵਰਸਿਟੀ, ਹਰ ਵਿਉਪਾਰ, ਹਰ ਇੰਡਸਟਰੀ, ਹਰ ਆਉਣ ਜਾਣ ਦਾ ਸਾਧਨ, ਰੇਲਵੇ, ਬੱਸਾਂ, ਹਵਾਈ ਜਹਾਜ਼. ਬਿਨ੍ਹਾਂ ਕੁਝ ਸੋਚੇ ਸਮਝੇ ਕਿ ਇਸ ਤਰ੍ਹਾਂ ਕਰਨ ਨਾਲ ਦੇਸ਼ ਨੂੰ ਕੀ ਲਾਭ ਹੋਵੇਗਾ ਅਤੇ ਕੀ ਨੁਕਸਾਨ.

ਹੈਰਾਨੀ ਅਤੇ ਅਫਸੋਸ ਇਸ ਗੱਲ ਦਾ ਸੀ ਕਿ ਇੰਡੀਆ ਵਿੱਚ ਹਕੂਮਤ ਕਰ ਰਹੇ ਲੋਕਾਂ ਨੇ ਦੇਸ਼ਵਾਸੀਆਂ ਨੂੰ ਕਿਹਾ ਕਿ ਸਮੂਹ ਦੇਸ਼ਵਾਸੀ ਇਸ ਫੈਸਲੇ ਦਾ ਸਵਾਗਤ ਥਾਲੀਆਂ ਵਜਾ ਕੇ ਅਤੇ ਦੀਵੇ ਜਗਾ ਕੇ ਕਰਨ. ਇੰਡੀਆ ਦੇ ਪ੍ਰਧਾਨ ਮੰਤਰੀ ਨੇ ਤਾਂ ਇੰਡੀਆ ਦੇ ਟੈਲੀਵੀਜ਼ਨ ਉੱਤੇ ਬੋਲਦਿਆਂ ਇੱਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਮਹਾਂਭਾਰਤ ਦਾ ਯੁੱਧ 21 ਦਿਨਾਂ ਵਿੱਚ ਜਿੱਤ ਲਿਆ ਗਿਆ ਸੀ ਅਸੀਂ ਕਰੋਨਾ ਮਹਾਮਾਰੀ ਉੱਤੇ ਜਿੱਤ 17 ਦਿਨ ਵਿੱਚ ਹੀ ਪ੍ਰਾਪਤ ਕਰ ਕਵਾਂਗੇ.

ਇਸ ਤੋਂ ਵੀ ਤਰਸਨਾਕ ਹਾਲਤ ਇਹ ਸੀ ਕਿ ਇੰਡੀਆ ਦੇ ਟੈਲੀਵੀਜ਼ਨ ਚੈਨਲ, ਹਰ ਦਿਨ, 'ਮਹਾਂਭਾਰਤ' ਸੀਰੀਅਲ ਦਿਖਾਣ ਲੱਗੇ ਹੋਏ ਸਨ ਅਤੇ ਇੰਡੀਆ ਦੇ ਲੋਕ ਲੌਕਡਾਊਨ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰ ਰਹੇ ਸਨ.

ਕਰੋਨਾਵਾਇਰਸ ਮਹਾਮਾਰੀ ਇੰਡੀਆ ਵਿੱਚ ਏਨੀ ਘਾਤਕ ਸਿੱਧ ਨਹੀਂ ਹੋਈ; ਪਰ ਇੰਡੀਆ ਦੇ ਮੀਡੀਆ ਨੇ 'ਕਰੋਨਾ' ਸ਼ਬਦ ਦੇ ਨਾਮ ਉੱਤੇ ਲੋਕਾਂ ਵਿੱਚ ਦਹਿਸ਼ਤ ਫੈਲਾ ਕੇ ਇਸ ਮਹਾਮਾਰੀ ਨੂੰ ਲੋਕਾਂ ਲਈ ਘਾਤਕ ਬਣਾ ਦਿੱਤਾ.

ਕਿਸੀ ਵੀ ਪਿੰਡ, ਸ਼ਹਿਰ, ਮੁਹੱਲੇ, ਵਿੱਚ ਜੇਕਰ ਕਿਸੀ ਵੀ ਵਿਅਕਤੀ ਬਾਰੇ ਪਤਾ ਚੱਲਦਾ ਕਿ ਉਸ ਨੂੰ ਕਰੋਨਾਵਾਇਰਸ ਦੀ ਲਾਗ ਲੱਗ ਗਈ ਹੈ ਤਾਂ ਉਸ ਵਿਅਕਤੀ ਦੇ ਘਰ ਨੂੰ ਰੇਡੀਓ/ਟੀਵੀ/ਅਖਬਾਰਾਂ ਵਾਲੇ, ਪੁਲਿਸ ਵਾਲੇ ਅਤੇ ਸਰਕਾਰੀ ਮੈਡੀਕਲ ਵਿਭਾਗ ਵਾਲੇ, ਇੰਝ ਘੇਰ ਲੈਂਦੇ ਜਿਵੇਂ ਕਿਤੇ ਕੋਈ ਬਹੁਤ ਹੀ ਖਤਰਨਾਕ ਦਹਿਸ਼ਤਗਰਦ ਪੁਲਿਸ ਦੇ ਹੱਥ ਆ ਗਿਆ ਹੋਵੇ. ਜਿਸ ਕਾਰਨ ਉਸ ਇਲਾਕੇ ਦੇ ਲੋਕਾਂ ਵਿੱਚ ਡਰ, ਸਹਿਮ ਦਾ ਮਾਹੌਲ ਪੈਦਾ ਹੋ ਜਾਂਦਾ. ਇਸ ਕਾਰਨ ਹੀ, ਕਈ ਇਲਾਕਿਆਂ ਵਿੱਚ, ਡਰ ਅਤੇ ਸਹਿਮ ਦਾ ਸ਼ਿਕਾਰ ਹੋਏ ਲੋਕਾਂ ਨੇ ਪੁਲਿਸ ਅਤੇ ਮੈਡੀਕਲ ਸਟਾਫ ਨਾਲ ਸਬੰਧਤ ਲੋਕਾਂ ਉੱਤੇ ਪਥਰਾਓ ਵੀ ਕੀਤਾ. ਇੱਕ ਬੀਮਾਰੀ ਨਾਲ ਪੀੜਤ ਲੋਕਾਂ ਨੂੰ ਮੀਡੀਆ ਦੇ ਗ਼ੈਰ-ਜ਼ਿੰਮੇਵਾਰਾਨਾ ਵਤੀਰੇ ਨੇ ਕਰਿਮਨਲ ਬਣਾ ਦਿੱਤਾ.

ਟੈਲੀਵੀਜ਼ਨ ਚੈਨਲਾਂ ਉੱਤੇ ਬੈਠੇ ਧਾਰਮਿਕ ਕੱਟੜਵਾਦੀ ਐਂਕਰਾਂ ਨੇ

ਕਰੋਨਾਵਾਇਰਸ ਮਹਾਮਾਰੀ ਨੂੰ 'ਕਰੋਨਾਵਾਇਰਸ ਹਿੰਦੂ ਮਹਾਮਾਰੀ' ਅਤੇ 'ਕਰੋਨਾਵਾਇਰਸ ਮੁਸਲਮਾਨ ਮਹਾਮਾਰੀ' ਦੇ ਨਾਮ ਦੇ ਕੇ ਹਿੰਦੁਸਤਾਨ ਵਿੱਚ ਰਹਿ ਰਹੀਆਂ ਘੱਟ ਗਿਣਤੀਆਂ ਦੇ ਖਿਲਾਫ਼ 'ਫਿਰਕੂ ਨਫ਼ਰਤ ਦੇ ਵਾਇਰਸ' ਦਾ ਪਾਸਾਰ ਕਰਨਾ ਵੀ ਸ਼ੁਰੂ ਕਰ ਦਿੱਤਾ. ਜਦੋਂ ਕਿ ਇਹ ਧਾਰਮਿਕ ਕੱਟੜਵਾਦੀ ਟੀਵੀ ਐਂਕਰ ਇਸ ਗੱਲ ਤੋਂ ਅਣਜਾਣ ਸਨ ਕਿ ਕਰੋਨਾਵਾਇਰਸ ਮਹਾਮਾਰੀ ਨੇ ਜਦੋਂ ਤੁਹਾਡੇ ਘਰ ਦੇ ਦਰਵਾਜ਼ੇ ਉੱਤੇ ਦਸਤਕ ਦੇਣੀ ਹੈ ਤਾਂ ਉਸ ਨੇ ਤੁਹਾਨੂੰ ਇਹ ਨਹੀਂ ਪੁੱਛਣਾ ਕਿ ਤੁਸੀਂ ਹਿੰਦੂ ਹੋ, ਸਿੱਖ ਹੋ, ਮੁਸਲਮਾਨ ਹੋ, ਕਰਿਸਚੀਅਨ ਹੋ, ਬੋਧੀ ਹੋ ਜਾਂ ਯਹੂਦੀ ਹੋ?

ਟੈਲੀਵੀਜ਼ਨ ਐਂਕਰਾਂ/ਰੇਡੀਓ ਪੱਤਰਕਾਰਾਂ/ਅਖਬਾਰਾਂ ਦੇ ਪੱਤਰਕਾਰਾਂ ਨੇ ਇਸ ਮਹਾਮਾਰੀ ਬਾਰੇ ਸੰਨਸਨੀ ਖੇਜ਼ ਸ਼ਬਦਾਵਲੀ ਵਰਤਕੇ ਲੋਕਾਂ ਵਿੱਚ ਇਸ ਤਰ੍ਹਾਂ ਦਹਿਸ਼ਤ ਫੈਲਾ ਦਿੱਤੀ ਕਿ ਕਰੋਨਾਵਾਇਰਸ ਮਹਾਮਾਰੀ ਨਾਲ ਮੌਤ ਹੋ ਜਾਣ ਕਾਰਨ ਲੋਕ ਆਪਣੇ ਕਰੀਬੀ ਰਿਸ਼ਤੇਦਾਰਾਂ ਦੀਆਂ ਲਾਸ਼ਾਂ ਦੇ ਨੇੜੇ ਆਉਣ ਤੋਂ ਵੀ ਭੈ-ਭੀਤ ਹੋਣ ਲੱਗੇ.

ਕੁਝ ਗ਼ੈਰ-ਜ਼ਿੰਮੇਵਾਰ ਡਿਜੀਟਲ ਮੀਡੀਆ ਨੇ ਤਾਂ ਪ੍ਰਿੰਟ ਮੀਡੀਆ ਨੂੰ ਤਬਾਹ ਕਰਨ ਲਈ ਲੋਕਾਂ ਵਿੱਚ ਇੱਥੋਂ ਤੱਕ ਵੀ ਦਹਿਸ਼ਤ ਫੈਲਾ ਦਿੱਤੀ ਕਿ ਜੇਕਰ ਤੁਸੀਂ ਕਿਸੀ ਅਖਬਾਰ ਨੂੰ ਹੱਥ ਵੀ ਲਗਾਓਗੇ ਤਾਂ ਤੁਹਾਨੂੰ ਕਰੋਨਾਵਾਇਰਸ ਦੀ ਲਾਗ ਲੱਗ ਸਕਦੀ ਹੈ.

ਕਰੋਨਾ ਦੌਰ ਨੇ ਧਾਰਮਿਕ ਅਦਾਰਿਆਂ ਅਤੇ ਲੋਕਾਂ ਦੀ ਧਾਰਮਿਕ ਸੋਚ ਉੱਤੇ ਵੀ ਕਾਫੀ ਅਸਰ ਪਾਇਆ ਹੈ.

ਕੁੱਝ ਕੁ ਗਿਣਤੀ ਦੇ ਹੀ ਧਾਰਮਿਕ ਅਦਾਰੇ ਸਨ ਜਿਨ੍ਹਾਂ ਨੇ ਕਰੋਨਾਵਾਇਰਸ ਮਹਾਮਾਰੀ ਸੰਕਟ ਦੌਰਾਨ ਭੁੱਖਮਰੀ ਦਾ ਸ਼ਿਕਾਰ ਹੋਏ ਲੱਖਾਂ ਗਰੀਬਾਂ, ਮਜ਼ਦੂਰਾਂ, ਬੇਆਸਰਾ ਲੋਕਾਂ ਨੂੰ ਮੁਫਤ ਭੋਜਨ ਖਵਾਹਿਆ ਅਤੇ ਕਈ ਹਾਲਤਾਂ ਵਿੱਚ ਅਜਿਹੇ ਮਜਬੂਰ ਲੋਕਾਂ ਦੀ ਆਰਥਿਕ ਮੱਦਦ ਵੀ ਕੀਤੀ.

ਪਰ ਵਧੇਰੇ ਹਾਲਤਾਂ ਵਿੱਚ, ਇਨ੍ਹਾਂ ਧਾਰਮਿਕ ਅਦਾਰਿਆਂ ਉੱਤੇ ਵੀ ਤਾਲੇ ਹੀ ਜੜੇ ਰਹੇ.

ਜਿਸ ਕਾਰਨ ਲੋਕਾਂ ਵਿੱਚ ਇਹ ਵਿਸ਼ਵਾਸ ਪੈਦਾ ਹੋ ਗਿਆ ਕਿ ਜਦੋਂ ਕਿ ਕਰੋਨਾ ਦੌਰ ਵਿੱਚ ਇਹ ਰੱਬ ਦੇ ਘਰ ਦੇ ਏਜੰਟ ਭਾਈ, ਪੰਡਤ, ਮੁੱਲਾਂ, ਪਾਦਰੀ ਆਪ ਭੁੱਖੇ ਮਰ ਰਹੇ ਹਨ; ਤਾਂ ਉਹ ਆਮ ਲੋਕਾਂ ਨੂੰ ਕਰੋਨਾਵਾਇਰਸ ਮਹਾਮਾਰੀ ਸੰਕਟ ਵਿੱਚ ਮੱਦਦ ਕਿਵੇਂ ਕਰ ਸਕਦੇ ਹਨ?

ਲੋਕਾਂ ਨੇ ਤਾਂ ਇੱਥੋਂ ਤੱਕ ਵੀ ਕਿਹਾ ਕਿ ਜੇਕਰ ਰੱਬ ਨ ਦੀ ਕੋਈ ਸ਼ੈਅ ਹੁੰਦੀ ਤਾਂ ਉਹ ਕਰੋਨਾ ਮਹਾਮਾਰੀ ਨੂੰ ਰੋਕ ਸਕਦੀ ਸੀ.

ਕਰੋਨਾਵਾਇਰਸ ਕੋਈ ਟਿੱਡੀ ਦਲ ਨਹੀਂ ਜੋ ਕਿ ਥਾਲੀਆਂ, ਭਾਂਡੇ, ਖੜਕਾਉਣ ਨਾਲ ਜਾਂ ਸੰਖ ਵਜਾਉਣ ਨਾਲ ਉੱਡ ਜਾਵੇਗਾ; ਜਿਵੇਂ ਕਿ ਇੰਡੀਆ ਦੇ ਕੁਝ ਰਾਜਨੀਤੀਵਾਨ ਲੋਕਾਂ ਨੂੰ ਸਲਾਹਾਂ ਦਿੰਦੇ ਰਹੇ ਹਨ.

ਕਰੋਨਾਵਾਇਰਸ ਦਾ ਮੁਕਾਬਲਾ ਕਰਨ ਲਈ ਕੋਈ ਕਾਰਗਰ ਮੈਡੀਸਨ ਢੂੰਡਣੀ ਵਿਗਿਆਨੀਆਂ ਲਈ ਚੁਣੌਤੀ ਹੈ.

ਚੀਨ ਵਿੱਚ 80,000 ਦੇ ਕਰੀਬ ਲੋਕ ਕਰੋਨਾਵਾਇਰਸ ਦੇ ਸ਼ਿਕਾਰ ਹੋਏ ਸਨ; ਪਰ ਚੀਨ ਦੇ ਸਿਹਤ ਵਿਗਿਆਨੀਆਂ ਨੇ ਇਸ ਵਾਇਰਸ ਦਾ ਮੁਕਾਬਲਾ ਕਰਨ ਵਾਲੀਆਂ ਦਵਾਈਆਂ ਲੱਭ ਲਈਆਂ ਹਨ. ਜਿਸ ਕਾਰਨ ਚੀਨ ਵਿੱਚ ਨ ਤਾਂ ਹੁਣ ਕੋਈ ਬਹੁਤ ਵੱਡੀ ਗਿਣਤੀ ਵਿੱਚ ਹੀ ਕਰੋਨਾਵਾਇਰਸ ਪੀੜਤ ਮਰੀਜ਼ ਹਸਪਤਾਲਾਂ ਵਿੱਚ ਆ ਰਹੇ ਹਨ, ਨ ਹੀ ਕਰੋਨਾਵਾਇਰਸ ਨਾਲ ਪੀੜਤ ਲੋਕਾਂ ਦੀ ਹੀ ਮੌਤ ਹੋ ਰਹੀ ਹੈ.

ਉਨ੍ਹਾਂ ਨੇ ਇਸ ਵਾਇਰਸ ਦਾ ਮੁਕਾਬਲਾ ਕਰਨ ਲਈ ਇੱਕ ਤੋਂ ਵੀ ਵੱਧ ਦਵਾਈਆਂ ਲੱਭ ਲਈਆਂ ਹਨ. ਉਹ ਇਸ ਮਹਾਮਾਰੀ ਨਾਲ ਪੀੜਤ ਲੋਕਾਂ ਦਾ ਇਲਾਜ ਕਰਨ ਲਈ ਹੋਰਨਾਂ ਦਵਾਈਆਂ ਦੇ ਨਾਲ ਨਾਲ ਚੀਨੀ ਦਵਾਈਆਂ ਦੀ ਵੀ ਵਰਤੋਂ ਕਰ ਰਹੇ ਹਨ; ਭਾਵੇਂ ਕਿ ਉਹ ਅਜੇ ਤੱਕ ਕਰੋਨਾਵਾਇਰਸ ਦੀ ਵੈਕਸੀਨ ਤਿਆਰ ਕਰਨ ਵਿੱਚ ਕਾਮਿਯਾਬ ਨਹੀਂ ਹੋ ਸਕੇ.

ਦੁਨੀਆਂ ਦੇ ਹੋਰ ਵੀ ਕਈ ਦੇਸ਼ਾਂ ਨੇ ਕਰੋਨਾਵਾਇਰਸ ਦਾ ਮੁਕਾਬਲਾ ਕਰਨ ਲਈ ਦਵਾਈਆਂ ਲੱਭ ਲਈਆਂ ਹਨ. ਜਿਨ੍ਹਾਂ ਵਿੱਚ ਕਿਊਬਾ ਅਤੇ ਜਪਾਨ ਦਾ ਨਾਮ ਲਿਆ ਜਾ ਸਕਦਾ ਹੈ. ਇੰਡੀਆ ਦੇ ਕੁਝ ਹਸਪਤਾਲਾਂ ਵਿੱਚ ਵੀ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਲੋਕ ਠੀਕ ਹੋ ਰਹੇ ਹਨ.

ਇਸ ਲਈ, ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਕਰੋਨਾਵਾਇਰਸ ਭਾਂਡੇ ਖੜਕਾਉਣ ਨਾਲ ਜਾਂ ਦੀਵੇ ਜਗਾਉਣ ਨਾਲ ਨਹੀਂ ਜਾਵੇਗਾ; ਬਲਕਿ, ਵਿਗਿਆਨੀਆਂ ਵੱਲੋਂ ਇਸ ਵਾਇਰਸ ਦਾ ਮੁਕਾਬਲਾ ਕਰਨ ਲਈ ਸਹੀ ਦਵਾਈਆਂ ਦੀ ਤਲਾਸ਼ ਕਰਨ ਨਾਲ ਹੀ ਇਸ ਵਾਇਰਸ ਉੱਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ.

ਇੰਡੀਆ, ਅਮਰੀਕਾ, ਰੂਸ, ਕੈਨੇਡਾ, ਚੀਨ, ਜਪਾਨ, ਯੂ.ਕੇ, ਫਰਾਂਸ, ਇਟਲੀ, ਜਰਮਨੀ - ਅਨੇਕਾਂ ਦੇਸ਼ਾਂ ਕੋਲ ਵੱਡੇ, ਵੱਡੇ ਨਾਮਵਰ ਵਿਗਿਆਨੀ ਹਨ; ਜੋ ਕਿ ਇਸ ਵਾਇਰਸ ਦਾ ਮੁਕਾਬਲਾ ਕਰਨ ਲਈ ਮੈਡੀਸਨ ਢੂੰਡਨ ਅਤੇ ਵੈਕਸੀਨ ਤਿਆਰ ਕਰਨ ਦੀ ਯੋਗਤਾ ਰੱਖਦੇ ਹਨ. ਦੂਸਰੇ ਮਹਾਂ-ਯੁੱਧ ਵਿੱਚ ਅਮਰੀਕਾ ਨੇ ਪਹਿਲੀ ਵਾਰੀ ਐਟਮ ਬੰਬਾਂ ਦੀ ਵਰਤੋਂ ਕੀਤੀ.

ਉਸ ਤੋਂ ਬਾਹਦ ਵੀਅਤਨਾਮ, ਇਰਾਕ, ਸੀਰੀਆ, ਲਿਬੀਆ ਅਤੇ ਹੋਰਨਾਂ ਥਾਵਾਂ ਉੱਤੇ ਲੱਗੇ ਯੁੱਧਾਂ ਵਿੱਚ ਅਮਰੀਕਾ, ਰੂਸ, ਚੀਨ, ਈਰਾਨ, ਇਜ਼ਰਾਈਲ ਆਦਿ ਦੇਸ਼ਾਂ ਨੇ ਨਾਪਾਮ ਬੰਬ, ਕਲੱਸਟਰ ਬੰਬ ਅਤੇ ਮਸਟਰਡ ਗੈਸ ਬੰਬਾਂ ਦੀ ਵਰਤੋਂ ਕੀਤੀ.

ਪਰ, ਹੁਣ, ਕਰੋਨਾ ਮਹਾਮਾਰੀ ਸੰਕਟ ਨੇ ਵਿਸ਼ਵ ਭਰ ਦੇ ਲੋਕਾਂ ਦਾ ਧਿਆਨ ਇਸ ਪਾਸੇ ਵੱਲ ਵੀ ਦੁਆਇਆ ਹੈ ਕਿ, ਸ਼ਾਇਦ, ਹੁਣ ਦੁਨੀਆਂ ਭਰ ਦੀਆਂ ਵੱਡੀਆਂ ਫੌਜੀ ਤਾਕਤਾਂ ਮਹਾਮਾਰੀ ਦੇ ਕੀਟਾਣੂੰਆਂ ਨੂੰ ਵੀ ਹਥਿਆਰਾਂ

ਵਾਂਗ ਵਰਤਣ ਦੀ ਦੌੜ ਵਿੱਚ ਸਰਗਰਮ ਹੋ ਗਈਆਂ ਹਨ.

ਸ਼ਾਇਦ, ਇਨ੍ਹਾਂ ਕਾਰਨਾਂ ਕਰਕੇ ਹੀ, ਵਿਸ਼ਵ ਭਰ ਵਿੱਚ ਕਰੋਨਾ ਵਾਇਰਸ ਵੱਲੋਂ ਕੀਤੀ ਜਾ ਰਹੀ ਭਾਰੀ ਤਬਾਹੀ ਨੂੰ ਵਿਸ਼ਵ ਭਰ ਦੀਆਂ ਵੱਡੀਆਂ ਫੌਜੀ ਸ਼ਕਤੀਆਂ ਤੀਜੇ ਮਹਾਂ-ਯੁੱਧ ਵਜੋਂ ਹੀ ਸਵੀਕਾਰ ਕਰ ਰਹੀਆਂ ਹਨ. ਸ਼ਾਇਦ, ਇਸੀ ਕਾਰਨ ਹੀ ਕਰੋਨਾਵਾਇਰਸ ਉੱਤੇ ਕਾਬੂ ਪਾ ਲੈਣ ਵਾਲੀਆਂ ਕਾਰਵਾਈਆਂ ਨੂੰ ਵੀ 'ਜੰਗੀ ਪੱਧਰ ਦੀਆਂ ਕਾਰਵਾਈਆਂ' ਦਾ ਹੀ ਨਾਮ ਦਿੱਤਾ ਜਾ ਰਿਹਾ ਹੈ.

ਕਰੋਨਾ ਦੌਰ ਨੇ ਮਨੁੱਖ ਨੂੰ ਇੱਕ ਵਾਰ ਫਿਰ ਧਰਤੀ, ਹਵਾ, ਪਾਣੀ ਵਿੱਚ ਵੱਧ ਰਹੇ ਪ੍ਰਦੂਸ਼ਣ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ.

ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਲੌਕਡਾਊਨ ਹੋਣ ਕਾਰਨ ਕਾਰਖਾਨੇ, ਫੈਕਟਰੀਆਂ, ਵਿਉਪਾਰ, ਹਰ ਤਰ੍ਹਾਂ ਦੇ ਅਵਾਜਾਈ ਦੇ ਸਾਧਨ, ਬੰਦ ਹੋ ਜਾਣ ਕਾਰਨ ਹਵਾ, ਪਾਣੀ ਅਤੇ ਵਾਤਾਵਰਨ- ਸਭ ਕੁਝ ਹੀ ਸਾਫ਼ ਸਾਫ਼ ਦਿਖਾਈ ਦੇਣ ਲੱਗਾ ਹੈ.

ਜਿਸ ਕਾਰਨ ਲੋਕਾਂ ਨੂੰ ਪ੍ਰਦੂਸ਼ਣ ਰਹਿਤ ਮਾਹੌਲ ਵਿੱਚ ਜਿਉਣ ਦਾ ਮੌਕਾ ਮਿਲਿਆ ਹੈ.

ਕਰੋਨਾ ਦੌਰ ਤੋਂ ਬਾਹਦ ਦੇ ਮਨੁੱਖ ਦੀ ਮਾਨਸਿਕਤਾ ਉੱਤੇ ਇਸ ਗੱਲ ਦਾ ਵੀ ਨਿਸ਼ਚੈ ਹੀ ਪ੍ਰਭਾਵ ਪਵੇਗਾ ਅਤੇ ਹਰ ਮਨੁੱਖ ਆਪਣੇ ਆਪਣੇ ਦੇਸ਼ ਦੀ ਸਰਕਾਰ ਉੱਤੇ ਜਰੂਰ ਜੋਰ ਪਾਵੇਗਾ ਕਿ ਉਹ ਧਰਤੀ, ਹਵਾ, ਪਾਣੀ ਵਿੱਚ ਪ੍ਰਦੂਸ਼ਣ ਘਟਾਉਣ ਵੱਲ ਵੱਧ ਤੋਂ ਵੱਧ ਧਿਆਨ ਦੇਵੇ.

ਕਰੋਨਾ ਦੌਰ ਤੋਂ ਬਾਹਦ ਦਾ ਮਨੁੱਖ, ਨਿਰਸੰਦੇਹ, ਹੁਣ ਪਹਿਲਾਂ ਨਾਲੋਂ ਵੀ ਵੱਧ ਕੁਦਰਤੀ ਵਾਤਾਵਰਣ ਵਿੱਚ ਆਪਣਾ ਵੱਧ ਤੋਂ ਵੱਧ ਸਮਾਂ ਬਿਤਾਉਣ ਨੂੰ ਪਹਿਲ ਦੇਵੇਗਾ.

ਕਰੋਨਾ ਸੰਕਟ ਦੌਰ ਵਿੱਚ ਬਹੁਤ ਹੀ ਘੱਟ ਪੰਜਾਬੀ ਸ਼ਾਇਰ, ਆਲੋਚਕ, ਸਾਹਿਤਕਾਰ, ਕਰੋਨਾ ਸੰਕਟ ਬਾਰੇ ਬੋਲੇ ਜਾਂ ਉਨ੍ਹਾਂ ਦੀਆਂ ਲਿਖਤਾਂ ਕਿਸੇ ਵੀ ਮਾਧਿਅਮ ਰਾਹੀਂ ਆਮ ਲੋਕਾਂ ਤੱਕ ਪਹੁੰਚੀਆਂ.

ਕੁਝ ਲੇਖਕਾਂ ਨੇ ਤਾਂ ਫੇਸਬੁੱਕ ਉੱਤੇ ਇੱਥੋਂ ਤੱਕ ਵੀ ਕਿਹਾ ਕਿ ਲੋਕਾਂ ਦੇ ਹਿਰਦੇ ਵਲੂੰਧਰੇ ਪਏ ਨੇ ਅਤੇ ਤੁਹਾਨੂੰ ਇਸ ਸਮੇਂ ਸ਼ਾਇਰੀ ਪਈ ਸੁੱਝਦੀ ਹੈ.

ਜਿਹੜੇ ਪੰਜਾਬੀ ਸਾਹਿਤਕਾਰਾਂ/ਬੁੱਧੀਜੀਵੀਆਂ/ਸ਼ਾਇਰਾਂ ਨੇ ਅਖਬਾਰਾਂ/ਰੇਡੀਓ/ਟੀਵੀ ਜਾਂ ਫੇਸਬੁੱਕ ਮਾਧਿਅਮ ਰਾਹੀਂ ਕਰੋਨਾ ਸੰਕਟ ਬਾਰੇ ਆਪਣੇ ਵਿਚਾਰ/ਨਿਬੰਧ ਪੇਸ਼ ਕੀਤੇ ਜਾਂ ਸ਼ਾਇਰੀ ਪੇਸ਼ ਕੀਤੀ- ਉਨ੍ਹਾਂ ਦੀ ਗਿਣਤੀ ਉਂਗਲਾਂ ਉੱਤੇ ਕੀਤੀ ਜਾ ਸਕਦੀ ਹੈ; ਵਧੇਰੇ ਪੰਜਾਬੀ ਲੇਖਕਾਂ/ਬੁੱਧੀਜੀਵੀਆਂ/ਸ਼ਾਇਰਾਂ ਨੂੰ ਕਰੋਨਾ ਸੰਕਟ ਨਾਲ ਸਬੰਧਤ ਆਮ ਲੋਕਾਂ ਦੇ ਮਸਲਿਆਂ ਵਿੱਚ ਕੋਈ ਦਿਲਚਸਪੀ ਹੀ ਨਹੀਂ ਸੀ: ਭਾਵੇਂ ਕਿ ਇਸ ਸੰਕਟ ਨੇ ਸਾਰੀ ਦੁਨੀਆਂ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ ਸੀ.

ਜਿਹੜੇ ਪੰਜਾਬੀ ਲੇਖਕ/ਬੁੱਧੀਜੀਵੀ/ਸ਼ਾਇਰ ਕਰੋਨਾ ਸੰਕਟ ਦਾ ਦੌਰ ਆਉਣ ਤੋਂ ਪਹਿਲਾਂ ਵਿਸਕੀ ਦੇ ਤਿੰਨ ਕੁ ਪੈੱਗ ਲਗਾ ਕੇ ਘਰਾਂ ਦੇ ਡਰਾਇੰਗ ਰੂਮਾਂ ਵਿੱਚ ਤਰੰਨਮ ਤਰੰਨਮ ਕਰਨ ਵਿੱਚ ਹੀ ਮਸਤ ਰਹਿੰਦੇ ਸਨ ਜਾਂ ਸਤਿਨਾਮ ਸਤਿਨਾਮ ਵਾਹਿਗੁਰੂ ਵਾਹਿਗੁਰੂ ਕਰਨ ਵਿੱਚ ਹੀ ਮਸਤ ਰਹਿੰਦੇ ਸਨ, ਉਨ੍ਹਾਂ ਉੱਤੇ ਕਰੋਨਾ ਸੰਕਟ ਦੌਰ ਨੇ ਵੀ ਕੋਈ ਪ੍ਰਭਾਵ ਨਹੀਂ ਪਾਇਆ.

ਅਜਿਹੇ ਪੰਜਾਬੀ ਸ਼ਾਇਰਾਂ/ਬੁੱਧੀਜੀਵੀਆਂ/ਲੇਖਕਾਂ ਉੱਤੇ ਅਜਿਹੀਆਂ ਘਟਨਾਵਾਂ ਨੇ ਵੀ ਕੋਈ ਅਸਰ ਨਹੀਂ ਪਾਇਆ ਜਦੋਂ ਹਜ਼ਾਰਾਂ ਹੀ ਭੁੱਖੇ, ਪਿਆਸੇ, ਬੇਆਸਰਾ ਲੋਕ ਹਿੰਦੁਸਤਾਨ ਦੀਆਂ ਸੜਕਾਂ ਉੱਤੇ ਆਪਣੇ ਲਹੂ-ਲੁਹਾਨ ਹੋਏ ਪੈਰਾਂ ਨਾਲ ਅਤੇ ਅੱਖਾਂ 'ਚੋਂ ਹੰਝੂ ਵਹਾਂਦੇ ਹੋਏ ਕਾਫਲਿਆਂ ਦੇ ਰੂਪ ਵਿੱਚ ਦਿਨ-ਰਾਤ ਤੁਰੇ ਜਾ ਰਹੇ ਸਨ. ਜਿਨ੍ਹਾਂ ਵਿੱਚੋਂ ਅਨੇਕਾਂ ਆਪਣੇ ਘਰਾਂ ਤੱਕ ਵੀ ਪਹੁੰਚ ਨ ਸਕੇ. ਜਿਨ੍ਹਾਂ ਦੀਆਂ ਲਾਸ਼ਾਂ ਸੜਕਾਂ ਉੱਤੇ ਹੀ ਰੁਲਦੀਆਂ ਰਹੀਆਂ. ਜਿਨ੍ਹਾਂ ਵਿੱਚੋਂ ਅਨੇਕਾਂ ਸੜਕਾਂ ਉੱਤੇ ਹੀ ਬੱਸਾਂ, ਕਾਰਾਂ, ਟਰੱਕਾਂ ਹੇਠ ਆ ਕੇ ਮਾਰੇ ਗਏ. ਜਿਨ੍ਹਾਂ ਵਿੱਚੋਂ ਅਨੇਕਾਂ ਗੱਡੀਆਂ ਵਿੱਚ ਸਫ਼ਰ ਕਰਦੇ ਹੀ ਮਾਰੇ ਗਏ ਜਾਂ ਜਿਨ੍ਹਾਂ ਦੇ ਜਿਸਮ ਰੇਲਵੇ ਗੱਡੀਆਂ ਹੇਠ ਆ ਕੇ ਚੀਥੜਾ ਚੀਥੜਾ ਹੋ ਗਏ. ਜਾਂ ਜਦੋਂ ਕਦਮ ਕਦਮ ਉੱਤੇ ਹਕੂਮਤ ਦੀ ਪੁਲਿਸ ਜਾਂ ਫੌਜੀ ਸਿਪਾਹੀ ਭੁੱਖੇ-ਪਿਆਸੇ-ਬੇਆਸਰਾ ਲੋਕਾਂ ਦੀ ਇਸ ਤਰ੍ਹਾਂ ਬੇਰਹਿਮੀ ਨਾਲ ਕੁੱਟ-ਮਾਰ ਕਰਦੇ ਸਨ ਜਿਵੇਂ ਕਿਤੇ ਇਹ ਗਰੀਬ ਲੋਕ ਕੋਈ ਬਹੁਤ ਵੱਡੇ ਮੁਜਰਿਮ ਹੋਣ.

ਕਰੋਨਾ ਦੌਰ ਦੇ ਸੰਕਟ ਤੋਂ ਬਾਹਦ ਦੇ ਮਨੁੱਖ ਦੀ ਘਾੜਤ ਬਾਰੇ ਵੀ ਹੁਣ ਰੇਡੀਓ/ਟੀਵੀ/ਅਖਬਾਰਾਂ/ਵੈਬੀਨਾਰਾਂ ਵਿੱਚ ਚਰਚਾ ਤੁਰ ਪਿਆ ਹੈ.

ਹਰ ਸੰਕਟ, ਮਹਿਜ਼, ਸਮਾਜ ਅੰਦਰ ਬਾਹਰੀ ਤਬਦੀਲੀਆਂ ਹੀ ਨਹੀਂ ਲਿਆਉਂਦਾ; ਬਲਕਿ, ਮਨੁੱਖੀ ਮਾਨਸਿਕਤਾ ਅੰਦਰ ਵੀ ਤਬਦੀਲੀਆਂ ਵਾਪਰਦੀਆਂ ਹਨ.

ਵਰਤਮਾਨ ਕਰੋਨਾ ਸੰਕਟ ਵਿੱਚੋਂ ਲੰਘਿਆ ਮਨੁੱਖ ਵੀ ਪਹਿਲਾਂ ਨਾਲੋਂ ਵੱਖਰੀ ਤਰ੍ਹਾਂ ਦਾ ਮਨੁੱਖ ਹੋਵੇਗਾ.

ਵਿਸ਼ੇਸ਼ ਤੌਰ ਉੱਤੇ ਇਸ ਸੰਕਟ ਵਿੱਚੋਂ ਲੰਘੇ ਮਨੁੱਖ ਨੇ ਚੋਣ ਕਰਨੀ ਹੈ- ਜ਼ਾਲਮ ਸਰਕਾਰਾਂ ਅਤੇ ਲੋਕ-ਪੱਖੀ ਸਰਕਾਰਾਂ ਦਰਮਿਆਨ.

ਮਨੁੱਖ ਨੇ ਚੋਣ ਕਰਨੀ ਹੈ ਕਿ ਪੂੰਜੀਵਾਦ ਦੇ ਗਲਬੇ ਤੋਂ ਬਾਹਰ ਨਿਕਲ ਕੇ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰਨੀ-ਜਿਸ ਵਿੱਚ ਸਮਾਜ ਉਤਪਾਦਨ ਅਤੇ ਵੰਡ ਦੀ, ਆਮ ਲੋਕਾਈ, ਆਮ ਲੋਕਾਂ, ਦੇ ਭਲੇ ਦੀ ਹਿਮਾਇਤ ਬਾਰੇ, ਮਹਿਜ਼, ਫੋਕੇ ਵਾਹਦੇ ਹੀ ਨ ਕਰਦਾ ਹੋਵੇ, ਇਸ ਦਿਸ਼ਾ ਵਿੱਚ ਹਕੀਕਤ ਵਿੱਚ ਕੰਮ ਵੀ ਕਰਦਾ ਹੋਵੇ.

ਕਰੋਨਾ ਦੌਰ ਤੋਂ ਬਾਹਦ ਦਾ ਮਨੁੱਖ ਸੂਚਨਾ ਅਤੇ ਪ੍ਰਸਾਰਨ ਦੇ ਨਵੇਂ ਮਾਧਿਅਮਾਂ ਸੋਸ਼ਲ ਮੀਡੀਆ (ਨਵੀਂ ਤਕਨਾਲੋਜੀ) ਦੀ ਵਧੇਰੇ ਵਰਤੋਂ ਕਰੇਗਾ; ਭਾਵੇਂ ਕਿ ਆਧੁਨਿਕ ਯੁੱਗ ਦੀ ਸ਼ੁਰੂਆਤ ਵਿੱਚ ਇਹ ਕੰਮ ਅਖਬਾਰਾਂ ਕਰਦੀਆਂ

ਰਹੀਆਂ ਹਨ.

ਇਸ ਨਵੇਂ ਦੌਰ ਵਿੱਚ ਮਨੁੱਖ ਆਪਣੀ ਨਿੱਜੀ ਜ਼ਿੰਦਗੀ ਵਿੱਚ ਵੀ ਉਪਭੋਗਤਾਵਾਦੀ ਜ਼ਿੰਦਗੀ ਜਿਉਣ ਦੇ ਢੰਗਾਂ ਤੋਂ ਵੱਖਰੀ ਤਰ੍ਹਾਂ ਦੀ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰੇਗਾ. ਜਿਸ ਵਿੱਚ ਕੁਦਰਤ ਨਾਲ ਪਿਆਰ, ਵਾਤਾਵਰਨ ਦੀ ਸਾਂਭ ਸੰਭਾਲ ਅਤੇ ਭੀੜ-ਭੜੱਕੇ ਵਾਲੀਆਂ ਥਾਵਾਂ ਵਿੱਚ ਜਾਣ ਨਾਲੋਂ ਆਪਣੇ ਘਰਾਂ ਦੇ ਚੌਗਿਰਦੇ ਵਿੱਚ ਰਹਿਣਾ ਵਧੇਰੇ ਪਸੰਦ ਕਰੇਗਾ ਅਤੇ ਲੋਕਾਂ ਤੋਂ ਵੀ ਇੱਕ ਵਿੱਥ ਬਣਾ ਕੇ ਵਿਚਰਣ ਦੀ ਕੋਸ਼ਿਸ਼ ਕਰੇਗਾ.

ਇਨ੍ਹਾਂ ਲੌਕਡਾਊਨ ਦੇ ਕਾਲੇ ਦਿਨਾਂ ਵਿੱਚ ਤਾਂ ਜੋ ਬੀਤਿਆ ਸੋ ਬੀਤਿਆ- ਅਸਲੀ ਕਹਾਣੀ ਤਾਂ ਅਜੇ ਉਸ ਤੋਂ ਬਾਹਦ ਵਾਪਰੇਗੀ.

ਦੇਸ਼ ਵਿੱਚ ਲੱਖਾਂ ਲੋਕ ਭੁੱਖ ਅਤੇ ਕੰਗਾਲੀ ਨਾਲ ਮਰਨਗੇ. ਹਜ਼ਾਰਾਂ/ ਲੱਖਾਂ ਵਿਉਪਾਰ ਹਮੇਸ਼ਾ ਲਈ ਬੰਦ ਹੋ ਜਾਣਗੇ.

ਭਾਵੇਂ ਕਿ ਕਰੋਨਾ ਮਹਾਮਾਰੀ ਦੇ ਸੰਕਟ ਨਾਲ ਅਮਰੀਕਾ, ਰੂਸ, ਚੀਨ, ਬਰਾਜ਼ੀਲ, ਯੂ.ਕੇ., ਸਪੇਨ, ਫਰਾਂਸ, ਜਰਮਨੀ, ਹਾਲੈਂਡ, ਕੈਨੇਡਾ ਵਰਗੇ ਦੇਸ਼ ਵੀ ਜੂਝ ਰਹੇ ਹਨ; ਪਰ ਜਿਸ ਤਰ੍ਹਾਂ ਦੇ ਦੁੱਖ, ਇੰਡੀਆ ਵਿੱਚ, ਗਰੀਬ ਅਤੇ ਮਜ਼ਦੂਰ ਜਮਾਤ ਨਾਲ ਸਬੰਧਤ ਲੋਕਾਂ ਨੇ ਭੋਗੇ ਹਨ; ਉਸ ਤਰ੍ਹਾਂ ਦੇ ਦੁੱਖ, ਸ਼ਾਇਦ ਹੀ, ਕਿਸੀ ਹੋਰ ਦੇਸ਼ ਦੇ ਲੋਕਾਂ ਨੇ ਭੋਗੇ ਹੋਣ.

ਇਸ ਸਾਰੇ ਸਮੇਂ ਦੌਰਾਨ, ਕਿਉਂਕਿ, ਮੈਨੂੰ ਵੀ ਇੰਡੀਆ ਵਿੱਚ ਰਹਿਣਾ ਪਿਆ, ਇਸ ਲਈ ਮੈਂ ਵੀ ਇੰਡੀਆ ਵਿੱਚ ਇਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ ਦੇਖਿਆ, ਕੰਨਾਂ ਨਾਲ ਸੁਣਿਆ ਅਤੇ ਇੱਥੇ ਦੇ ਮੀਡੀਆ ਵਿੱਚ ਛਪਦਾ ਬਹੁਤ ਕੁਝ ਪੜ੍ਹਿਆ.

ਇਨ੍ਹਾਂ ਸਭ ਗੱਲਾਂ ਨੇ ਮੇਰੀ ਮਾਨਸਿਕਤਾ ਉੱਤੇ ਵੀ ਬਹੁਤ ਹੀ ਗੂੜ੍ਹਾ ਪ੍ਰਭਾਵ ਪਾਇਆ.

ਜਿਸ ਕਾਰਨ ਮੈਂ ਵੀ ਕਰੋਨਾ ਮਹਾਮਾਰੀ ਸੰਕਟ ਬਾਰੇ ਨਜ਼ਮਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ. ਹੌਲੀ ਹੌਲੀ ਇਸ ਪ੍ਰਭਾਵ ਦੀ ਤੀਖਣਤਾ ਵੱਧਦੀ ਗਈ ਅਤੇ ਮੈਂ ਕਰੋਨਾਵਾਇਰਸ ਮਹਾਮਾਰੀ ਸੰਕਟ ਨਾਲ ਜੁੜੀਆਂ ਅਨੇਕਾਂ ਦਿਸ਼ਾਵਾਂ ਬਾਰੇ ਸੋਚਣ, ਵਿਚਾਰਨ ਅਤੇ ਪੜ੍ਹਣ ਲੱਗਾ.

ਇਸੇ ਸੋਚ ਵਿਚਾਰ ਅਤੇ ਨਿੱਜੀ ਤਜਰਬਿਆਂ, ਅਹਿਸਾਸਾਂ, ਭਾਵਨਾਵਾਂ ਵਿੱਚੋਂ ਹੀ ਮੇਰੇ ਨਵੇਂ ਕਾਵਿ-ਸੰਗ੍ਰਹਿ 'ਲੌਕਡਾਊਨ' ਦੇ ਨਾਮ ਦਾ ਵੀ ਜਨਮ ਹੋਇਆ.

ਇਸ ਕਾਵਿ-ਸੰਗ੍ਰਹਿ ਵਿੱਚ ਮੇਰੀਆਂ ਵਧੇਰੇ ਨਜ਼ਮਾਂ ਕਰੋਨਾਵਾਇਰਸ ਮਹਾਮਾਰੀ ਸੰਕਟ ਕਾਲ ਦੌਰਾਨ ਹੀ ਲਿਖੀਆਂ ਗਈਆਂ ਹਨ; ਭਾਵੇਂ ਕਿ ਮੈਂ ਇਸ ਕਾਵਿ-ਸੰਗ੍ਰਹਿ ਵਿੱਚ ਕੁਝ ਨਜ਼ਮਾਂ ਉਹ ਵੀ ਸ਼ਾਮਿਲ ਕੀਤੀਆਂ ਹਨ ਜੋ ਕਿ ਮੈਂ ਪਿਛਲੇ ਸਾਲ 2019 ਵਿੱਚ ਲਿਖੀਆਂ ਹਨ.

ਇਸ ਪੁਸਤਕ ਦੀ ਤਿਆਰੀ ਵਿੱਚ ਫੇਸਬੁੱਕ ਦੇ ਪਾਠਕਾਂ ਦਾ ਵੀ ਹਿੱਸਾ

ਹੈ ਜਿਨ੍ਹਾਂ ਨੇ ਇਸ ਪੁਸਤਕ ਵਿੱਚਲੀਆਂ ਨਜ਼ਮਾਂ ਮੇਰੇ ਵੱਲੋਂ ਫੇਸਬੁੱਕ ਉੱਤੇ ਪਰਕਾਸ਼ਤ ਕਰਨ ਤੋਂ ਬਾਹਦ ਇਨ੍ਹਾਂ ਨਜ਼ਮਾਂ ਬਾਰੇ ਆਪਣੇ ਕੀਮਤੀ ਵਿਚਾਰ ਦਿੱਤੇ. ਜਿਸ ਕਾਰਨ ਮੈਂ ਕਈ ਨਜ਼ਮਾਂ ਵਿੱਚ ਲੋੜੀਂਦੀਆਂ ਤਬਦੀਲੀਆਂ ਵੀ ਕੀਤੀਆਂ.

ਇਸ ਪੁਸਤਕ ਦਾ ਕਵਰ ਡਿਜ਼ਾਈਨ ਟੋਰਾਂਟੋ ਵੱਸਦੇ ਮੇਰੇ ਮਿੱਤਰ ਅਤੇ ਡਿਜ਼ਾਈਨਰ ਸਲੀਮ ਪਾਸ਼ਾ ਨੇ ਬਹੁਤ ਮਿਹਨਤ ਨਾਲ ਬਣਾਇਆ ਹੈ. ਮੈਂ ਸਲੀਮ ਪਾਸ਼ਾ ਦਾ ਵੀ ਬਹੁਤ ਧੰਨਵਾਦੀ ਹਾਂ.

ਅਖੀਰ ਵਿੱਚ ਮੈਂ ਤਰਕਭਾਰਤੀ ਪਰਕਾਸ਼ਨ, ਬਰਨਾਲਾ ਦੇ ਅਮਿੱਤ ਮਿੱਤਰ ਹੋਰਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਅਤੇ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਲਈ ਅਤੇ ਨਿਭਾਹੀ.

ਮੈਨੂੰ ਪੂਰੀ ਉਮੀਦ ਹੈ ਕਿ ਮੇਰੀ ਸ਼ਾਇਰੀ ਦੇ ਪਾਠਕਾਂ ਨੂੰ ਮੇਰਾ ਨਵਾਂ ਕਾਵਿ-ਸੰਗ੍ਰਹਿ 'ਲੌਕਡਾਊਨ' ਵੀ ਪਸੰਦ ਆਵੇਗਾ.

ਸਤੰਬਰ 16, 2020

-ਸੁਖਿੰਦਰ
ਮਾਲਟਨ, ਕੈਨੇਡਾ

# ਲੌਕਡਾਊਨ

ਸਾਡੇ ਸਮਿਆਂ ਨੇ
ਲੌਕਡਾਊਨ, ਸਾਡੇ
ਮਨ ਦੀਆਂ ਡੂੰਘਾਣਾਂ ਵਿੱਚ
ਇਸ ਸ਼ਿੱਦਤ ਨਾਲ
ਉੱਕਰ ਦਿੱਤਾ ਹੈ-
ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ
ਹੁਣ, ਇਸ ਸ਼ਬਦ ਨੂੰ
ਆਪਣੀ, ਯਾਦਾਸ਼ਤ 'ਚੋਂ
ਮਿਟਾ ਨਹੀਂ ਸਕਾਂਗੇ

ਕਦੀ, ਇਹ ਸ਼ਬਦ
ਸਾਡੇ ਲਈ, ਟੀਵੀ ਪਰਦਿਆਂ ਉੱਤੇ
ਮਹਿਜ਼, ਇੱਕ ਰੌਚਿਕ
ਖਬਰ ਬਣ ਕੇ ਹੀ
ਆਉਂਦਾ ਸੀ-

ਕਸ਼ਮੀਰ, ਫਲਸਤੀਨ, ਇਰਾਕ, ਸੀਰੀਆ, ਅਫਗਾਨਿਸਤਾਨ
ਜਦ, ਇਸ ਸ਼ਬਦ ਦੀ ਜਕੜ ਵਿੱਚ ਆ
ਅੰਤਾਂ ਦੀ, ਪੀੜ ਨਾਲ
ਤੜਪ ਰਹੇ ਹੁੰਦੇ
ਤਾਂ, ਅਸੀਂ
ਕੁਝ ਪਲਾਂ ਲਈ, ਮਹਿਜ਼
ਮਨੋਰੰਜਨ ਵਜੋਂ, ਇਹ
ਖਬਰਾਂ ਸੁਣਦੇ

ਪਰ, ਹੁਣ
ਇਹ ਸ਼ਬਦ, ਸਾਡੇ ਲਈ
ਇੱਕ, ਹਕੀਕਤ ਬਣ ਚੁੱਕਾ ਹੈ

ਇਹ ਸ਼ਬਦ ਯਾਦ ਆਉਂਦਿਆਂ ਹੀ
ਮਨ ਦੇ ਚਿਤਰਪੱਟ ਉੱਤੇ

ਕਿਸੀ ਤ੍ਰਾਸਦਿਕ ਫਿਲਮ ਵਾਂਗ
ਚੱਲਣ ਲੱਗਦੇ ਹਨ
ਅਜਿਹੇ ਦ੍ਰਿਸ਼ :
-ਰਾਜਨੇਤਾਵਾਂ ਦੀਆਂ ਡੁਗਡੁਗੀਆਂ ਦੀ ਤਾਲ ਉੱਤੇ
ਨੱਚ ਰਹੀਆਂ ਅੰਧਭਗਤ ਕਠਪੁਤਲੀਆਂ
-ਕਿਸੀ ਖਾਸ ਧਰਮੀ ਪਹਿਚਾਣ ਵਾਲੇ ਲੋਕਾਂ ਨੂੰ, ਫੌਰਨ
ਗੋਲੀ ਮਾਰ ਦੇਣ ਦੀ ਮੰਗ ਕਰ ਰਹੇ ਅਖੌਤੀ ਧਰਮੀ ਗੁਰੂ
-ਬੇਰੁਜ਼ਗਾਰੀ ਕਾਰਨ ਭੁੱਖ ਤੋਂ ਦੁਖੀ ਪਤੀ ਨਾਲ ਹੋਏ ਝਗੜੇ ਬਾਹਦ
ਗੰਗਾ ਦੇ ਪਾਣੀਆਂ ਵਿੱਚ ਆਪਣੇ ਹੀ ਪੰਜ ਬੱਚਿਆਂ ਨੂੰ ਡੋਬ ਰਹੀ ਇੱਕ ਪਤਨੀ
-ਮਰ ਗਈ ਮਾਂ ਦਾ ਆਖਰੀ ਵਾਰ ਮੂੰਹ ਦੇਖਣ ਜਾ ਰਹੇ ਪੁੱਤਰ ਦੀ
ਬੇਤਹਾਸ਼ਾ, ਕੁੱਟ-ਮਾਰ ਕਰ ਰਹੀ ਬੇਰਹਿਮ ਪੁਲਿਸ
-ਭੁੱਖੇ, ਪਿਆਸੇ, ਬੇਘਰ, ਬੇਰੁਜ਼ਗਾਰ, ਅਸ਼ਾਂਤ ਲੋਕਾਂ ਨੂੰ
ਯੋਗਾ ਕਰਨ ਦੀਆਂ ਨਸੀਹਤਾਂ ਦੇ ਰਿਹਾ ਕੋਈ ਯੋਗਾ ਗੁਰੂ ਸਵਾਮੀ
-ਕਰੋਨਾਵਾਇਰਸ ਨਾਲ ਪੀੜਤ ਸਮੂਹ ਪ੍ਰਵਾਰ ਨੂੰ
ਹਸਪਤਾਲ ਜਾਣ ਦਾ ਸ਼ੁਭ ਮਹੂਰਤ ਕੱਢਵਾਉਣ ਲਈ ਕਹਿ ਰਿਹਾ ਇੱਕ
ਜੋਤਿਸ਼ੀ
-ਬੰਦ ਪਏ ਵਿਉਪਾਰ ਦਾ ਦੀਵਾਲਾ ਨਿਕਲ ਜਾਣ ਦੇ ਡਰੋਂ
ਖ਼ੁਦਕੁਸ਼ੀ ਕਰਨ ਦੇ ਯਤਨ ਕਰ ਰਿਹਾ ਇੱਕ ਵਿਉਪਾਰੀ
-ਭੁੱਖੇ, ਪਿਆਸੇ, ਬੇਰੁਜ਼ਗਾਰ, ਬੇਘਰ ਮਜ਼ਦੂਰਾਂ ਉੱਤੇ
ਰਸਾਇਣਕ ਪਦਾਰਥਾਂ ਦਾ ਛਿੜਕਾਅ ਕਰ ਰਹੇ ਸਰਕਾਰੀ ਕਰਮਚਾਰੀ
-ਆਪਣੇ ਘਰਾਂ ਨੂੰ ਪਰਤਣ ਦੀ ਕਾਹਲ ਵਿੱਚ
ਕਿਸੀ ਰੈਣ-ਬਸੇਰੇ ਵਿੱਚ ਪਸ਼ੂਆਂ ਵਾਂਗ ਤੂੜੇ ਹੋਏ ਪ੍ਰਵਾਸੀ ਮਜ਼ਦੂਰ
-ਬੇਵਸ, ਮਜ਼ਬੂਰ, ਹੱਕਾਂ ਤੋਂ ਸੱਖਣੇ, ਘਰਾਂ ਵਿੱਚ ਕੈਦ ਹੋਏ
ਪ੍ਰੇਸ਼ਾਨ, ਗੁੱਸੇ ਨਾਲ ਭਰੇ, ਵਿਦਰੋਹ ਕਰਨ ਲਈ ਮੁੱਠੀਆਂ ਮੀਚ ਰਹੇ ਲੋਕਾਂ
ਦੀ ਭੀੜ

ਟੀਵੀ ਪਰਦਿਆਂ 'ਤੇ ਆ
ਚਿਹਰਿਆਂ 'ਤੇ ਪਹਿਣ ਰੇਸ਼ਮੀ ਮੁਸਕਰਾਹਟਾਂ
ਕਿੰਨ੍ਹੀ ਸਹਿਜ ਨਾਲ, ਇਹ ਨੇਤਾ
ਬੋਲਦੇ ਹਨ :
'ਲੌਕਡਾਊਨ'

ਪਰ, ਕਿਵੇਂ, ਸੁਨਾਮੀ ਬਣ ਕੇ
ਡਿੱਗਦਾ ਹੈ, ਇਹ ਸ਼ਬਦ

ਮਜ਼ਦੂਰਾਂ, ਕਿਸਾਨਾਂ, ਬੇਘਰਾਂ, ਦੱਬੇ-ਕੁਚਲਿਆਂ ਦੇ
ਵਿਹੜਿਆਂ ਵਿੱਚ, ਉਹ
ਕਦੀ ਨਹੀਂ ਜਾਣ ਸਕਦੇ

ਕਿਉਂਜੁ, ਉਹ
ਨੇਤਾ, ਆਪਣੇ ਸਭ ਫੈਸਲੇ
ਪੱਥਰ ਦੀਆਂ ਮੂਰਤੀਆਂ ਤੋਂ
ਪੁੱਛ ਕੇ ਕਰਦੇ ਹਨ-
ਜਿਉਂਦੇ-ਜਾਗਦੇ
ਇਨਸਾਨਾਂ ਨਾਲ
ਗੱਲਾਂ ਕਰਕੇ ਨਹੀਂ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 15, 2020)

# ਕਰੋਨਾਵਾਇਰਸ ਦੇਵਤਾ

ਇੱਕ, ਦੇਸ਼ ਦੇ, ਹੁਕਮਰਾਨ ਨੇ
ਰੇਡੀਓ, ਟੀਵੀ, ਅਖਬਾਰਾਂ ਵਿੱਚ
ਮੁਨਾਦੀ ਕਰਵਾਈ :
"ਕਰੋਨਾਵਾਇਰਸ ਦੇਵਤਾ
ਪਧਾਰ ਰਿਹਾ ਹੈ
ਦੇਸ਼ਵਾਸੀਆਂ ਨੂੰ, ਹੁਕਮ ਹੈ
ਭਰਵਾਂ, ਸੁਆਗਤ
ਕੀਤਾ ਜਾਵੇ"

33 ਕਰੋੜ ਦੇਵੀ-ਦੇਵਤਿਆਂ ਦੇ ਦੇਸ਼ ਵਿੱਚ
ਇੱਕ ਹੋਰ ਨਵਾਂ ਦੇਵਤਾ
ਆਇਆ ਸੀ-

ਕਰੋਨਾਵਾਇਰਸ ਦੇਵਤਾ ਨੂੰ
ਖੁਸ਼ ਕਰਨ ਦੇ ਚਾਅ ਵਿੱਚ
ਲੋਕ :
ਬਾਂਦਰਾਂ ਵਾਂਗ, ਟਪੂਸੀਆਂ ਮਾਰਨ ਲੱਗੇ
ਗਧਿਆਂ ਵਾਂਗ, ਹੇਂਚੂ, ਹੇਂਚੂ ਕਰਨ ਲੱਗੇ
ਭੇਂਡਾਂ ਵਾਂਗ, ਮੈਂ, ਮੈਂ ਕਰਨ ਲੱਗੇ
ਗਿੱਦੜਾਂ ਵਾਂਗ, ਹਵਾਂਕਣ ਲੱਗੇ
ਕਬੂਤਰਾਂ ਵਾਂਗ, ਗੁਟਰ ਗੂੰ, ਗੁਟਰ ਗੂੰ ਕਰਨ ਲੱਗੇ
ਕੁੱਤਿਆਂ ਵਾਂਗ, ਪੂਛਾਂ ਹਿਲਾਉਣ ਲੱਗੇ
ਸੱਪਾਂ ਵਾਂਗ, ਝੂਮਣ ਲੱਗੇ

ਅੰਧ-ਭਗਤਾਂ ਨੇ, ਢੋਲ ਦੇ ਡੱਗੇ ਉੱਤੇ
ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਪੂਰੇ ਜੋਸ਼ ਨਾਲ, ਭੰਗੜਾ ਪਾਇਆ

ਖੁਸਰਿਆਂ ਨੇ, ਪੈਰਾਂ 'ਚ ਝਾਂਜਰਾਂ ਬੰਨ੍ਹ
ਠੋਕੋ ਥਾਲੀ, ਠੋਕੋ ਥਾਲੀ, ਕਹਿ
ਕਰੋਨਾਵਾਇਰਸ ਦੇਵਤਾ ਲਈ, ਗੀਤ ਗਾਏ

ਲੋਰੀਆਂ ਦਿੱਤੀਆਂ

ਲੋਕਾਂ ਦਾ ਚਾਅ, ਬਸ
ਦੇਖਿਆਂ ਹੀ ਬਣਦਾ ਸੀ
ਉਨ੍ਹਾਂ, ਆਪਣੇ, ਘਰਾਂ ਦੇ
ਬਨ੍ਹੇਰਿਆਂ ਉੱਤੇ ਘਿਓ ਦੇ ਦੀਵੇ ਜਗਾਏ
ਬੱਚਿਆਂ ਨੇ ਆਤਿਸ਼ਬਾਜ਼ੀ ਕੀਤੀ, ਪਟਾਕੇ ਚਲਾਏ
ਸੰਖ ਵਜਾਏ ਗਏ, ਟੱਲ ਖੜਕਾਏ ਗਏ
ਆਰਤੀ ਉਤਾਰੀ ਗਈ

ਇਸ ਖੁਸ਼ੀ ਅਤੇ ਚਾਅ ਵਿੱਚ
ਚਲਾਈ ਗਈ, ਆਤਿਸ਼ਬਾਜ਼ੀ ਨਾਲ
ਅਨੇਕਾਂ, ਗਰੀਬਾਂ ਦੀਆਂ, ਝੁੱਗੀਆਂ-ਝੌਂਪੜੀਆਂ
ਸੜ ਕੇ ਸਵਾਹ ਹੋ ਗਈਆਂ
ਅਨੇਕਾਂ, ਔਰਤਾਂ, ਬੱਚਿਆਂ, ਬਜ਼ੁਰਗਾਂ ਦੇ
ਹੱਥ, ਪੈਰ, ਹੋਰ ਅੰਗ, ਝੁਲਸੇ ਗਏ

ਪਰ, ਦੇਸ਼ ਦਾ, ਹੁਕਮਰਾਨ
ਫਿਰ ਵੀ, ਖੁਸ਼ ਸੀ-
ਉਸ ਨੇ, ਗਰੀਬਾਂ ਦੇ ਘਰਾਂ 'ਚੋਂ
ਉੱਠ ਰਹੀਆਂ, ਅੱਗ ਦੀਆਂ ਲਾਟਾਂ
ਵੇਖ ਕਿਹਾ :
"ਦੇਖੋ ! ਅਗਨ ਦੇਵਤਾ
ਕਿੰਨਾ ਮਿਹਰਬਾਨ ਹੈ"
ਕਈ ਬੱਚੇ, ਆਤਿਸ਼ਬਾਜ਼ੀ ਚਲਾਉਂਦਿਆਂ
ਆਪਣੇ ਕੱਪੜਿਆਂ ਨੂੰ
ਅੱਗ ਲਗਾ ਬੈਠੇ
ਤਾਂ, ਉਸ ਨੇ ਕਿਹਾ :
"ਦੇਖੋ ! ਬੱਚੇ, ਆਪਣੇ ਆਪ ਨੂੰ ਹੀ
ਆਤਿਸ਼ਬਾਜ਼ੀ ਬਣਾ ਕੇ, ਕਿੰਨੇ
ਆਨੰਦਿਤ ਹੋ ਰਹੇ ਹਨ"

ਮਨੁੱਖੀ ਇਤਿਹਾਸ ਗਵਾਹ ਹੈ
ਮਨੁੱਖ ਉੱਤੇ, ਜਦੋਂ ਵੀ

ਕੁਦਰਤੀ ਆਫ਼ਤਾਂ ਆਈਆਂ-
ਤਾਂ, ਉਸਨੇ, ਭੈ-ਭੀਤ ਹੋ
ਸ਼ਕਤੀਆਂ ਨੂੰ ਦੇਵਤੇ ਮੰਨ
ਉਨ੍ਹਾਂ ਦੀ, ਅਰਾਧਨਾ ਕਰਨੀ
ਸ਼ੁਰੂ ਕਰ ਦਿੱਤੀ

ਭਾਰਤੀ ਮਿਥਿਹਾਸ ਦੇ
33 ਕਰੋੜ ਦੇਵੀ-ਦੇਵਤਿਆਂ ਨੇ, ਵੀ
ਤਾਂ, ਇਸੇ ਤਰ੍ਹਾਂ ਹੀ
ਜਨਮ ਲਿਆ ਹੋਵੇਗਾ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 6, 2020)

# ਕਰੋਨਾਵਾਇਰਸ ਦੀ ਦਹਿਸ਼ਤ

ਇੱਕ, ਨਿੱਕਾ ਜਿਹਾ
ਕੀਟਾਣੂੰ, ਇੰਨਾ
ਖ਼ਤਰਨਾਕ ਹੋ ਸਕਦਾ
ਕਿਸੀ ਨੇ, ਕਦੀ
ਸੋਚਿਆ ਨਹੀਂ ਸੀ-

ਅਮਰੀਕਾ, ਚੀਨ, ਫਰਾਂਸ, ਯੂ.ਕੇ., ਇਟਲੀ, ਜਰਮਨੀ
ਵਿਸ਼ਵ ਮਹਾਂ-ਸ਼ਕਤੀਆਂ ਦੇ ਨੇਤਾ
ਜੋ, ਨਿੱਤ, ਇੱਕ ਦੂਜੇ ਉੱਤੇ
ਇਹ ਕਹਿ, ਧੌਂਸ ਜਮਾਂਦੇ ਸਨ
ਉਨ੍ਹਾਂ ਕੋਲ, ਅਜਿਹੀਆਂ
ਬਲਾਸਟਿਕ ਮਿਜ਼ਾਈਲਾਂ ਦੇ
ਭੰਡਾਰ ਹਨ, ਜੋ, ਧਰਤੀ, ਹਵਾ, ਪਾਣੀ
ਕਿਤੇ ਵੀ, ਹਜ਼ਾਰਾਂ ਮੀਲਾਂ ਦਾ ਫ਼ਾਸਲਾ
ਤਹਿ ਕਰ, ਦੁਸ਼ਮਣ ਦੇ ਟਿਕਾਣਿਆਂ ਨੂੰ
ਤਹਿਸ-ਨਹਿਸ ਕਰ ਸਕਦੇ ਹਨ
ਉਹ ਵੀ, ਇਸ, ਨਿੱਕੇ ਜਿਹੇ
ਕੀਟਾਣੂੰ ਸਾਹਮਣੇ, ਡੰਡੋਤ-ਬੰਦਨਾ
ਕਰ ਰਹੇ ਹਨ, ਇਹ ਕੀਟਾਣੂੰ
ਉਨ੍ਹਾਂ ਨੂੰ, ਛੱਡ ਕੇ, ਕਿਤੇ
ਹੋਰ ਚਲਾ ਜਾਵੇ

ਇੱਕ, ਨਿੱਕਾ ਜਿਹਾ
ਕੀਟਾਣੂੰ, ਇੰਨਾ
ਖ਼ਤਰਨਾਕ ਹੋ ਸਕਦਾ
ਕਿਸੀ ਨੇ, ਕਦੀ
ਸੋਚਿਆ ਨਹੀਂ ਸੀ-

ਕਰੋਨਾਵਾਇਰਸ, ਤਾਂ
ਬਿਨਾਂ ਕਿਸੀ ਭੇਦ ਭਾਵ ਦੇ
ਕਿਸੀ ਵੀ ਘਰ ਦੇ ਬੂਹੇ ਉੱਤੇ

ਦਸਤਕ ਦੇ ਸਕਦਾ ਹੈ

ਉਸਨੇ, ਤਾਂ
ਇਹ ਵੀ ਨਹੀਂ ਦੇਖਣਾ
ਇਹ ਘਰ-
-ਹਿੰਦੂ ਦਾ ਹੈ
-ਸਿੱਖ ਦਾ ਹੈ
-ਮੁਸਲਮਾਨ ਦਾ ਹੈ
-ਈਸਾਈ ਦਾ ਹੈ
-ਯਹੂਦੀ ਦਾ ਹੈ
-ਬੋਧੀ ਦਾ ਹੈ
-ਜੈਨੀ ਦਾ ਹੈ
ਉਸਨੂੰ, ਤਾਂ, ਕਿਸੀ ਦਾ
ਘਰ ਤਬਾਹ ਕਰਨ ਲਈ
ਪੈਟਰੋਲ ਬੰਬਾਂ ਦੀ ਵੀ
ਲੋੜ ਨਹੀਂ ਪੈਣੀ

ਨ ਹੀ, ਉਸਨੇ, ਕਿਸੀ 'ਤੇ
ਹਮਲਾ ਕਰਨ ਵੇਲੇ, ਕਿਸੀ ਤੋਂ
ਪੁੱਛਣਾ ਹੈ :
ਗਾਂ, ਤੁਹਾਡੀ, ਮਾਂ ਹੈ
ਜਾਂ ਸੂਰ, ਤੁਹਾਡਾ, ਮਾਮਾ ਹੈ

ਉਸਨੇ, ਤਾਂ, ਕਿਸੀ ਨੂੰ
ਇਹ ਵੀ ਨਹੀਂ ਪੁੱਛਣਾ :
ਬਾਂਦਰ ਨਾਲ, ਤੁਹਾਡੀ
ਕੀ ਰਿਸ਼ਤੇਦਾਰੀ ਹੈ

ਮੇਰੇ ਯਾਰੋ !
ਜਿਸ ਦੇਸ਼ ਦੇ ਲੋਕਾਂ ਨੇ
ਚੰਗੇਜ਼, ਤੈਮੂਰ, ਗਜ਼ਨਵੀ, ਓਡਵਾਇਰ
ਜਿਹੇ, ਹਤਿਆਰਿਆਂ ਸਾਹਮਣੇ ਹਾਰ ਨਹੀਂ ਮੰਨੀ
ਉਸ ਦੇਸ਼ ਦੇ ਨੇਤਾ, ਇੱਕ, ਨਿੱਕੇ ਜਿਹੇ
ਕੀਟਾਣੂੰ ਸਾਹਮਣੇ, ਸਾਹਸੱਤਹੀਣ ਹੋਣ ਦਾ

ਨਾਟਕ ਕਰ ਰਹੇ ਹਨ

ਹਕੂਮਤਾਂ ਦੀ, ਆਪਣੀ
ਸੋਚ ਅਤੇ ਵਿਚਾਰਧਾਰਾ ਹੁੰਦੀ ਹੈ-
ਉਹ ਜਾਣਦੀਆਂ ਹਨ, ਜਨਤਾ ਦੀ
ਮਾਨਸਿਕਤਾ ਵਿੱਚ, ਕਰਫਿਊ ਜਿਹੇ
ਭਿਆਨਕ ਸ਼ਬਦਾਂ ਲਈ, ਕਿੰਝ
ਪਿਆਰ ਜਗਾਣਾ ਹੈ, ਵਿਦਰੋਹੀ
ਬੋਲਾਂ, ਲਹਿਰਾਂ ਨੂੰ, ਕਿੰਝ
ਸਾਜ਼ਿਸ਼ੀ ਢੰਗ ਨਾਲ
ਚੁੱਪ ਕਰਾਉਣਾ ਹੈ

ਹਕੂਮਤਾਂ, ਤਾਂ
ਇਹ ਵੀ ਜਾਣਦੀਆਂ ਹਨ-
ਕਿਸੀ ਵੀ ਸੰਕਟ ਦੀਆਂ ਘੜੀਆਂ ਸਮੇਂ
ਰੇਡੀਓ, ਟੀਵੀ, ਅਖਬਾਰ, ਇੰਟਰਨੈੱਟ
ਜੁਗਾੜਤੰਤਰੀ ਮੀਡੀਆ, ਆਪਣੇ
ਹੱਕ ਵਿੱਚ ਭੁਗਤਾਅ
ਲੋਕਾਂ ਨੂੰ ਕਾਲੀਆਂ ਭੇਡਾਂ ਬਣਾ
ਉਨ੍ਹਾਂ ਦੀ ਚੇਤਨਾ ਵਿੱਚ
ਤੂੜੀ ਵਾਂਗ, ਅੰਧ ਵਿਸ਼ਵਾਸ
ਦਿਨ ਰਾਤ, ਭਰਨ ਲਈ
ਥਾਲੀਆਂ, ਭਾਂਡੇ, ਚਮਚੇ, ਕੜਛੀਆਂ
ਵਜਾ, ਵਜਾ, ਕਿੰਝ, ਟੀਨ-ਕਨੱਸਤਰੀ
ਸ਼ੋਰ ਪਾਉਣਾ ਹੈ

ਆਦਮੀ, ਜੋ
ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ
ਸੁੱਟੇ ਗਏ, ਐਟਮੀ ਬੰਬਾਂ ਨਾਲ
ਤਬਾਹ ਨਹੀਂ ਹੋ ਸਕਿਆ-

ਉਹ, ਇੱਕ, ਨਿੱਕੇ ਜਿਹੇ
ਕੀਟਾਣੂੰ ਦੀ ਦਹਿਸ਼ਤ ਸਾਹਮਣੇ
ਕਿਵੇਂ, ਹਾਰ ਮੰਨ ਲਵੇਗਾ ■ (ਅੰਬਾਲਾ ਛਾਉਣੀ, ਇੰਡੀਆ, ਮਾਰਚ 21,

# ਕੁੱਕੜ ਖੁੱਡੇ

ਆਦਮੀ ਨੂੰ ਬਹੁਤ ਮਾਣ ਸੀ
ਆਪਣੀਆਂ, ਅਸਮਾਨ ਛੂੰਹਦੀਆਂ
ਉੱਚ ਇਮਾਰਤਾਂ, ਪੁਲਾੜੀ ਰਾਕਟਾਂ
ਖਲ੍ਹਾ 'ਚ ਘੁੰਮਦੇ, ਸੈਟੇਲਾਈਟਾਂ
ਬਲਿਸਟਿਕ ਮਿਜ਼ਾਈਲਾਂ, ਪ੍ਰਮਾਣੂੰ ਬੰਬਾਂ
ਸੁਪਰਸੋਨਿਕ, ਲੜਾਕੂ ਜਹਾਜ਼ਾਂ
ਸਮੁੰਦਰੀ ਬੇੜਿਆਂ, ਐਟਮੀ
ਪਣਡੁੱਬੀਆਂ 'ਤੇ

ਪਰ, ਇੱਕ ਨਿੱਕਾ ਜਿਹਾ
ਕੀਟਾਣੂੰ, ਚੁੱਪ-ਚਾਪ ਆਇਆ
ਗਲੋਬਲ ਸੁਨਾਮੀ ਵਾਂਗ
ਅਮਰੀਕਾ, ਇਟਲੀ, ਫਰਾਂਸ, ਯੂ.ਕੇ., ਸਪੇਨ, ਚੀਨ
ਪਿੰਡ, ਪਿੰਡ, ਸ਼ਹਿਰ, ਸ਼ਹਿਰ, ਦੇਸ਼, ਦੇਸ਼
ਲਾਸ਼ਾਂ ਦੇ ਅੰਬਾਰ ਲਗਾਉਂਦਾ
ਸਭ ਕੁਝ, ਅਰਥਹੀਣ
ਕਰ ਗਿਆ

ਆਈਫਲ, ਸੀਐਨ, ਖਲੀਫ਼ਾ ਟਾਵਰ
ਲੰਡਨ ਬਰਿੱਜ, ਨਿਆਗਰਾ ਫਾਲਜ਼
ਨਿਊਯਾਰਕ ਸੁਕਏਰ ਗਾਰਡਨ
ਲੋਕਾਂ ਦੀ ਯਾਦਾਸ਼ਤ 'ਚੋਂ
ਮਨਫ਼ੀ ਹੋ ਗਏ

ਅੱਲ੍ਹਾ-ਹੂ-ਅਕਬਰ, ਅੱਲ੍ਹਾ-ਹੂ-ਅਕਬਰ
ਵਾਹਿਗੁਰੂ, ਵਾਹਿਗੁਰੂ
ਰਾਮ, ਰਾਮ
ਜੀਸਸ, ਜੀਸਸ
ਕਰਨ ਵਾਲੀ, ਅੰਧ-ਭਗਤਾਂ ਦੀ ਭੀੜ
ਧਰਮੀ ਮੱਠਾਂ ਨੂੰ ਤਾਲੇ ਜੜ੍ਹ
ਭੱਜ ਉੱਠੀ, ਸੜਕਾਂ ਵੱਲ

ਕਰੋਨਾ, ਕਰੋਨਾ, ਕਰੋਨਾ
ਦੀ ਦੁਹਾਈ ਦਿੰਦੀ

ਪਸ਼ੂਆਂ, ਪੰਛੀਆਂ, ਜਾਨਵਰਾਂ ਨੂੰ
ਕੈਦ ਕਰਦਾ, ਕਰਦਾ, ਆਦਮੀ
ਆਪ, ਕੁੱਕੜ ਖੁੱਡਿਆਂ 'ਚ
ਕੈਦ ਹੋ ਗਿਆ

ਨਿੱਤ, ਤਰੰਨਮ, ਤਰੰਨਮ ਦੀ
ਰਟ ਲਗਾਉਣ ਵਾਲੇ ਸ਼ਾਇਰ
ਕੁੱਕੜ ਖੁੱਡਿਆਂ 'ਚ ਬੈਠੇ
ਫਾਇਲਨ, ਫਾਇਲਨ ਕਰਨ ਲੱਗੇ-

ਪਰ, ਉਨ੍ਹਾਂ ਦੇ ਸੁੰਨ ਹੋਏ
ਦਿਮਾਗ਼, ਉਨ੍ਹਾਂ ਸ਼ਬਦਾਂ ਨੂੰ
ਫੜ੍ਹ ਨ ਸਕੇ, ਜੋ
ਭੁੱਖੇ, ਪਿਆਸੇ, ਬੇਘਰ ਹੋਏ
ਸੁੰਨੀਆਂ, ਵੀਰਾਨ, ਸੜਕਾਂ 'ਤੇ
ਮੀਲੋ-ਮੀਲ, ਤੁਰੇ ਜਾ ਰਹੇ ਸਨ
ਪਸੀਨੋ-ਪਸੀਨੀ ਹੋਏ

ਮੋਢਿਆਂ ਤੋਂ ਥੁੱਕਣ ਵਾਲੇ
ਪੰਜਾਬੀ ਗਾਇਕ ਵੀ, ਆਪਣੀਆਂ
ਫਰਾਰੀ ਕਾਰਾਂ ਵਿੱਚ ਸਵਾਰ ਹੋ
ਦੋਨਾਲੀਆਂ ਲੱਭਦੇ ਫਿਰਦੇ ਦੇਖੇ ਗਏ-

ਜਿਨ੍ਹਾਂ ਨਾਲ, ਉਨ੍ਹਾਂ ਨੇ
ਡਾਲੀਆਂ 'ਚੋਂ ਲੰਘਦੇ ਹੋਏ
ਚੁੱਪ-ਚੁਪੀਤੇ, ਸ਼ਹਿਰ ਵਿੱਚ
ਦਾਖਲ ਹੋ ਚੁੱਕੇ, ਕਰੋਨਾਵਾਇਰਸ ਨੂੰ
ਫੁੰਡ ਸੁੱਟਣਾ ਸੀ, ਦੇਸ਼ ਦੀ ਸਰਹੱਦ
ਪਾਰ ਕਰ ਰਹੇ, ਕਿਸੇ
ਖ਼ਤਰਨਾਕ, ਦਹਿਸ਼ਤਗਰਦ ਵਾਂਗ
■ (ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 11, 2020)

# ਫ਼ਾਸਲਾ

ਟੀਵੀ ਕੈਮਰਿਆਂ ਦੀ ਹਾਜ਼ਰੀ 'ਚ
ਚਿਹਰਿਆਂ 'ਤੇ ਰੇਸ਼ਮੀ ਮੁਸਕਰਾਹਟਾਂ ਪਹਿਣ
ਘਰਾਂ ਦੀਆਂ ਬਾਲਕੋਨੀਆਂ ਵਿੱਚ ਖੜ੍ਹ
ਰਾਜਨੀਤਿਕ ਮਦਾਰੀ ਦੀ ਡੁਗਡੁਗੀ ਉੱਤੇ
ਤਾੜੀਆਂ ਮਾਰਨ, ਥਾਲੀਆਂ ਵਜਾਉਣ ਵਾਲਿਆਂ-
ਫੂਡ ਬੈਂਕਾਂ ਸਾਹਮਣੇ, ਘੰਟਿਆਂ ਬੱਧੀ
ਰੋਟੀ ਦੇ ਦੋ ਟੁੱਕੜਿਆਂ, ਕੜਛੀ ਕੁ
ਦਾਲ ਲੈਣ ਲਈ, ਜਲੀਲ ਹੋ ਰਹੇ
ਭੁੱਖੇ, ਪਿਆਸੇ, ਬੇਘਰਾਂ 'ਚ
ਫ਼ਾਸਲਾ ਵੱਧ ਗਿਆ ਹੈ

ਬੰਦ ਘਰਾਂ ਦੇ, ਸਜੇ-ਧਜੇ, ਡਰਾਇੰਗ ਰੂਮਾਂ 'ਚ
ਮਖਮਲੀ ਸੋਫਿਆਂ ਉੱਤੇ, ਮੌਨਧਾਰੀ
ਸਮਾਧੀਆਂ ਲਾਈ ਬੈਠੇ, ਆਪਣੇ
ਪਦਮ ਸ੍ਰੀ, ਸ਼੍ਰੋਮਣੀ, ਅਕੈਡਮੀ ਪੁਰਸਕਾਰਾਂ ਦਾ
ਗਲੀ, ਗਲੀ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਢੰਡੋਰਾ ਪਿੱਟਣ ਵਾਲੇ, ਦਰਬਾਰੀ
ਸਾਹਿਤਕਾਰਾਂ, ਕਲਾਕਾਰਾਂ, ਨਾਟਕਕਾਰਾਂ, ਪੱਤਰਕਾਰਾਂ
ਮੁਖੌਟਾਧਾਰੀ, ਮੌਸਮੀ, ਕਲਮਕਾਰਾਂ ਦਾ-
ਕਰੋਨਾ ਸੰਕਟ ਪੀੜਤ, ਦੱਬੇ-ਕੁਚਲਿਆਂ, ਮਿਹਨਤਕਸ਼ਾਂ ਦੇ
ਦੁੱਖਾਂ, ਆਸ਼ਾਵਾਂ, ਨਿਰਾਸ਼ਾਵਾਂ, ਦੀ ਬਾਤ ਪਾਉਂਦੇ
ਲੇਖਕਾਂ, ਕਲਾਕਾਰਾਂ, ਪੱਤਰਕਾਰਾਂ ਨਾਲ
ਫ਼ਾਸਲਾ ਵੱਧ ਗਿਆ ਹੈ

ਲੜਾਕੂ ਰਫ਼ੈਲ ਜਹਾਜ਼ਾਂ ਦੀ ਸੁਰੱਖਿਆ ਲਈ
ਜਹਾਜ਼ਾਂ ਦੇ ਮੂੰਹਾਂ ਉੱਤੇ, ਨਜ਼ਰਵੱਟੂ ਬਣਾ ਕੇ
ਨਿੰਬੂ ਅਤੇ ਮਿਰਚਾਂ ਬੰਨ੍ਹਣ ਦੀ ਸਲਾਹ ਦੇਣ ਵਾਲਿਆਂ-
ਕਰੋਨਾਵਾਇਰਸ ਨਾਲ ਪੀੜਤ ਲੋਕਾਂ ਦਾ, ਵਿਗਿਆਨਕ
ਤੌਰ-ਤਰੀਕਿਆਂ ਨਾਲ, ਹਸਪਤਾਲਾਂ ਵਿੱਚ, ਇਲਾਜ ਕਰਨ ਲਈ
ਆਪਣੀਆਂ ਜਾਨਾਂ ਤਲੀ 'ਤੇ ਰੱਖ ਪੀੜਤ ਲੋਕਾਂ ਦੀ ਦੇਖ ਭਾਲ ਕਰਦੇ
ਜਾਂ-ਬਾਜ਼, ਡਾਕਟਰਾਂ, ਨਰਸਾਂ, ਸਿਹਤ ਕਰਮੀਆਂ ਵਿੱਚ

ਫ਼ਾਸਲਾ ਵੱਧ ਗਿਆ ਹੈ

ਕਰੋਨਾ ਸੰਕਟ ਨਾਮ ਹੇਠ, ਫਿਰਕੂ ਨਫ਼ਰਤ ਫੈਲਾਉਣ ਲਈ
ਟੀਵੀ ਬਹਿਸਾਂ ਵਿੱਚ, ਧਰਮੀ ਗੁਰੂਆਂ
ਭ੍ਰਿਸ਼ਟ ਰਾਜਨੇਤਾਵਾਂ, ਪੱਤਰਕਾਰਾਂ, ਨੂੰ ਦਾਹਵਤਾਂ ਦੇਣ ਵਾਲਿਆਂ-
ਦੇਸ਼ ਵਿੱਚ, ਸੱਦਭਾਵਨਾ ਦਾ ਅਹਿਸਾਸ ਬਣਾਈ ਰੱਖਣ
ਅਮਨ, ਦੋਸਤੀ ਦੀਆਂ ਗੱਲਾਂ ਕਰਨ ਵਾਲੇ ਮੀਡੀਆ ਵਿੱਚ
ਫ਼ਾਸਲਾ ਵੱਧ ਗਿਆ ਹੈ

ਮਹਿਜ਼, ਧਾਰਮਿਕ ਮੱਠਾਂ, ਬੁੱਤਾਂ ਦੀ ਉਸਾਰੀ ਕਰਨ ਹਿਤ
ਦੇਸ਼ ਦਾ ਖਜ਼ਾਨਾ ਉਜਾੜਨ ਵਾਲੇ, ਅਨਪੜ੍ਹ ਰਾਜਨੇਤਾਵਾਂ-
ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਹਸਪਤਾਲਾਂ ਦੀ
ਉਸਾਰੀ ਕਰਨ ਨੂੰ ਰਾਜਨੀਤਕ ਉਦੇਸ਼ ਬਨਾਉਣ ਵਾਲਿਆਂ ਵਿੱਚ
ਫ਼ਾਸਲਾ ਵੱਧ ਗਿਆ ਹੈ

ਮਾਨਵਤਾ ਨੂੰ, ਅੰਧਵਿਸ਼ਵਾਸ ਦੀਆਂ
ਹਨ੍ਹੇਰੀਆਂ ਗੁਫ਼ਾਵਾਂ ਵੱਲ ਧੱਕਣ ਵਾਲਿਆਂ-
ਤਰਕਸ਼ੀਲ, ਵਿਗਿਆਨਕ ਲੀਹਾਂ ਵੱਲ ਤੋਰਨ ਵਾਲਿਆਂ ਵਿੱਚ
ਫ਼ਾਸਲਾ ਵੱਧ ਗਿਆ ਹੈ

ਅਮਰੀਕਾ, ਫਰਾਂਸ, ਯੂ.ਕੇ., ਇਟਲੀ, ਜਰਮਨੀ ਦੀ ਸੋਚ ਵਿੱਚ-
ਚੀਨ, ਰੂਸ, ਕਿਊਬਾ, ਵੀਅਤਨਾਮ, ਉੱਤਰੀ ਕੋਰੀਆ ਦੀ ਸੋਚ ਵਿੱਚ
ਫ਼ਾਸਲਾ ਵੱਧ ਗਿਆ ਹੈ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 13, 2020)

# ਵਾਇਰਸ

ਸਦੀਆਂ ਤੋਂ, ਮਨੁੱਖ
ਵਾਇਰਸ ਨਾਲ
ਯੁੱਧ ਕਰਦਾ ਆ ਰਿਹਾ ਹੈ-

ਕਦੀ, ਊਚ-ਨੀਚ ਦਾ ਵਾਇਰਸ
ਕਦੀ, ਜਾਤ-ਪਾਤ ਦਾ ਵਾਇਰਸ
ਕਦੀ, ਮਨੂੰਵਾਦ ਦਾ ਵਾਇਰਸ
ਕਦੀ, ਧਾਰਮਿਕ ਕੱਟੜਵਾਦ ਦਾ ਵਾਇਰਸ
ਕਦੀ, ਬਲਾਤਕਾਰ ਦਾ ਵਾਇਰਸ
ਕਦੀ, ਭਰਿਸ਼ਟਾਚਾਰ ਦਾ ਵਾਇਰਸ
ਕਦੀ, ਮਿਲਾਵਟ ਦਾ ਵਾਇਰਸ
ਕਦੀ, ਰੰਗ-ਭੇਦ ਦਾ ਵਾਇਰਸ
ਕਦੀ, ਨਸਲ-ਭੇਦ ਦਾ ਵਾਇਰਸ
ਕਦੀ, ਲਿੰਗ-ਭੇਦ ਦਾ ਵਾਇਰਸ
ਕਦੀ, ਅਮੀਰੀ-ਗਰੀਬੀ ਦਾ ਵਾਇਰਸ
ਕਦੀ, ਧੜੇ-ਬੰਦੀ ਦਾ ਵਾਇਰਸ

ਹੁਣ, ਸਾਡੀ, ਡਿਕਸ਼ਨਰੀ ਵਿੱਚ
ਸ਼ਾਮਿਲ ਹੋਏ, ਇੱਕ
ਨਵੇਂ ਸ਼ਬਦ, ਕਰੋਨਾਵਾਇਰਸ ਦਾ
ਜ਼ਿਕਰ ਸੁਣਕੇ, ਦੁਨੀਆਂ ਦੇ
ਚੱਪੇ, ਚੱਪੇ, ਵਿੱਚ
ਭਗਦੜ ਮੱਚੀ ਹੋਈ ਹੈ

ਕੀ, ਤੁਹਾਨੂੰ
ਇਹ ਗੱਲ, ਕੁਝ
ਅਜੀਬ ਜਿਹੀ
ਨਹੀਂ ਲੱਗਦੀ

ਮੈਨੂੰ, ਤਾਂ
ਲੱਗ ਰਹੀ ਹੈ ■ (ਅੰਬਾਲਾ ਛਾਉਣੀ, ਇੰਡੀਆ, ਮਾਰਚ 24, 2020)

# 21 ਤੋਪਾਂ ਦੀ ਸਲਾਮੀ

ਸੰਕਟ ਦੀ ਘੜੀ ਹੀ
ਕਿਸੇ ਦੇਸ਼ ਦੇ ਲੋਕਾਂ ਦੀ
ਮਾਨਸਿਕਤਾ ਦੀ ਪਹਿਚਾਣ
ਕਰਵਾਉਂਦੀ ਹੈ-

ਇੱਕ ਦੇਸ਼-
ਕਰੋਨਾਵਾਇਰਸ ਨਾਲ ਜੂਝ ਰਿਹਾ ਸੀ
ਉਸ ਦੇਸ਼ ਦੀ ਹਕੂਮਤ ਨੇ
ਕਰੋਨਾਵਾਇਰਸ ਦਾ ਮੁਕਾਬਲਾ ਕਰਨ ਲਈ
ਹਜ਼ਾਰਾਂ ਡਾਕਟਰਾਂ, ਨਰਸਾਂ, ਸਿਹਤ ਵਿਗਿਆਨੀਆਂ ਨੂੰ
ਵਿਗਿਆਨਕ ਯੰਤਰਾਂ ਅਤੇ ਦਵਾਈਆਂ ਨਾਲ
ਲੈਸ ਕਰਕੇ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਗਲੀ, ਗਲੀ, ਘਰ, ਘਰ
ਭੇਜਿਆ

ਦੂਜੇ ਦੇਸ਼ ਨੇ-
ਕਰੋਨਾਵਾਇਰਸ ਦਾ ਮੁਕਾਬਲਾ ਕਰਨ ਲਈ
21 ਤੋਪਾਂ ਦੀ ਸਲਾਮੀ ਦਿੱਤੀ
ਗੁਰਦੁਆਰਿਆਂ, ਮੰਦਰਾਂ, ਮਸਜਿਦਾਂ, ਗਿਰਜਿਆਂ 'ਚ
ਅਰਦਾਸਾਂ ਕੀਤੀਆਂ ਗਈਆਂ, ਟੱਲ, ਭਾਂਡੇ, ਸੰਖ
ਵਜਾਏ ਗਏ, ਨੌਜਵਾਨਾਂ ਨੇ ਸੜਕਾਂ ਉੱਤੇ ਆ
ਢੋਲ ਦੇ ਡੱਗੇ ਨਾਲ ਭੰਗੜਾ ਪਾਇਆ
ਫੁੱਲਝੜੀਆਂ, ਪਟਾਕੇ ਅਤੇ ਅਨਾਰ ਚਲਾਏ

ਮਨੁੱਖ ਅਤੇ ਬਾਂਦਰ ਦੇ ਡੀਐਨਏ
ਵਿਚਲਾ ਅੰਤਰ ਸਮਝਣ ਲਈ
ਕੀ, ਹੁਣ, ਸਾਨੂੰ, ਮੰਗਲ ਗ੍ਰਹਿ ਉੱਤੇ
ਜਾਣਾ ਪਵੇਗਾ-

ਇਹੀ ਸੁਆਲ, ਚੇਤਨਾ ਵਿੱਚ
ਹਥੌੜੇ ਵਾਂਗ, ਬਾਰ, ਬਾਰ

ਵੱਜ ਰਿਹਾ ਹੈ

■

(ਅੰਬਾਲਾ ਛਾਉਣੀ, ਇੰਡੀਆ, ਮਾਰਚ 23, 2020)

# ਯੁੱਧ

ਅਗਿਆਨਤਾ ਅਤੇ ਵਿਗਿਆਨ
ਦਰਮਿਆਨ, ਸਦੀਆਂ ਤੋਂ, ਚੱਲ ਰਿਹਾ ਯੁੱਧ
ਇੱਕ ਵਾਰ ਫਿਰ, ਸਿਖਰਾਂ
ਛੋਹ ਰਿਹਾ ਹੈ–

ਕਰੋਨਾਵਾਇਰਸ ਵਿਰੁੱਧ, ਮਹਾਂਭਾਰਤ ਦੇ ਯੁੱਧ ਤੋਂ ਵੀ
ਲੰਬੇ ਯੁੱਧ ਦੇ ਆਰੰਭ ਦਾ ਐਲਾਨ ਕਰਦਿਆਂ
ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ
ਘਰਾਂ, ਬਾਜ਼ਾਰਾਂ, ਸੜਕਾਂ, ਚੌਰਸਤਿਆਂ ‘ਚ
ਥਾਲੀਆਂ, ਚਮਚੇ, ਕੜਛੀਆਂ, ਸੰਖ, ਵਜਾਉਣ ਵਾਲੇ
ਹਕੂਮਤ ਦੇ ਹਰਕਾਰਿਓ

ਯੁੱਧ ਦਾ ਐਲਾਨ ਕਰਨ ਤੋਂ ਪਹਿਲਾਂ
ਉਨ੍ਹਾਂ, ਲੱਖਾਂ, ਕਰੋੜਾਂ, ਭੁੱਖੇ, ਪਿਆਸੇ ਢਿੱਡਾਂ ਬਾਰੇ, ਤਾਂ
ਕੁਝ ਸੋਚ ਲੈਂਦੇ, ਜਿਨ੍ਹਾਂ ਕੋਲ
ਨ ਸਿਰ ਛੁਪਾਉਣ ਲਈ ਕੋਈ ਛੱਤ ਹੈ
ਨ ਭੁੱਖੇ ਢਿੱਡਾਂ ਨੂੰ ਦਿਲਾਸਾ ਦੇਣ ਲਈ ਰੋਟੀ ਦੇ ਟੁੱਕੜੇ
ਨ ਪਿਆਸੇ ਬਾਲਾਂ ਦੇ ਸੁੱਕੇ ਬੁੱਲਾਂ ਨੂੰ ਤਰ ਕਰਨ ਲਈ ਦੁੱਧ ਦੀਆਂ
ਭਰੀਆਂ ਬੋਤਲਾਂ
ਨ ਮੂੰਹਾਂ ਉੱਤੇ ਪਾਉਣ ਲਈ ਮਹਿੰਗੇ ਮਾਸਕ
ਨ ਮੁੜ, ਮੁੜ, ਹੱਥਾਂ ਨੂੰ ਸਾਫ਼ ਕਰਨ ਲਈ ਸੈਨੇਟਾਈਜ਼ਰ
ਨ ਬੈਂਕਾਂ ਰਾਹੀਂ ਰਾਹਤ ਪ੍ਰਾਪਤ ਕਰਨ ਲਈ ਕੋਈ ਬੈਂਕ ਖਾਤਾ
ਨ ਮੱਦਦ ਵਾਸਤੇ ਦੁਹਾਈ ਦੇਣ ਲਈ ਕੋਈ ਫੋਨ ਐਪ ਨੰਬਰ

ਇਹ ਯੁੱਧ, ਕਿਸ ਲਈ
ਜ਼ਿੰਦਗੀ ਲਿਆਏਗਾ, ਕਿਸ ਲਈ ਮੌਤ
ਇਹੀ ਸੁਆਲ, ਮੁੜ, ਮੁੜ
ਚੇਤਨਾ ਨੂੰ ਖੁਰਚਦਾ ਹੈ

ਜਾ ਰਹੇ ਨੇ, ਸੜਕਾਂ ਉੱਤੇ
ਭੁੱਖੇ, ਪਿਆਸੇ, ਲੋਕ

ਮੋਢਿਆਂ ਨਾਲ, ਆਪਣੇ
ਭੁੱਖੇ, ਪਿਆਸੇ, ਬਾਲਾਂ ਨੂੰ
ਲਗਾਈ–

ਦਿੱਲੀ ਤੋਂ ਬਿਹਾਰ ਵੱਲ
ਮੇਰਠ ਤੋਂ ਲਖਨਊ ਵੱਲ
ਅੰਬਾਲਾ ਤੋਂ ਕਰਨਾਲ ਵੱਲ
ਲੁਧਿਆਣਾ ਤੋਂ ਜਲੰਧਰ ਵੱਲ

ਪਰ, ਸਾਡੇ ਸਮਿਆਂ ਦੀ
ਤ੍ਰਾਸਦੀ, ਤਾਂ, ਦੇਖੋ–

ਮੰਦਿਰਾਂ ਵਿੱਚ ਪਈਆਂ, ਪੱਥਰਾਂ
ਦੀਆਂ ਮੂਰਤੀਆਂ, ਜਿਨ੍ਹਾਂ ਨੇ
ਲੋਕਾਂ ਨੂੰ, ਕਰੋਨਾਵਾਇਰਸ
ਮਹਾਂਮਾਰੀ ਤੋਂ ਬਚਾਣਾ ਸੀ
ਉਹ, ਦੇਵ ਮੂਰਤੀਆਂ ਵੀ
ਕਰੋਨਾਵਾਇਰਸ ਦੀ ਦਹਿਸ਼ਤ
ਤੋਂ, ਭੈ–ਭੀਤ ਹਨ–

ਮੰਦਿਰਾਂ ਦੇ ਪੁਜਾਰੀਆਂ ਨੇ
ਹਰ ਦਿਨ, ਹਜ਼ਾਰਾਂ ਮਣ
ਦੁੱਧ ਪੀ ਜਾਣ ਵਾਲੀਆਂ
ਲੱਖਾਂ ਮਣ, ਫਲ, ਸੁੱਕੇ ਮੇਵੇ
ਖਾਹ ਜਾਣ ਵਾਲੀਆਂ
ਸਾਹਹੀਣ, ਪੱਥਰਾਂ ਦੀਆਂ
ਮੂਰਤੀਆਂ ਦੀ ਸੁਰੱਖਿਆ ਲਈ
ਉਨ੍ਹਾਂ ਦੇ ਮੂੰਹਾਂ ਉੱਤੇ
ਮਾਸਕ ਚਾੜ੍ਹ ਦਿੱਤੇ ਹਨ

ਠੱਗ, ਪੰਡਿਤ, ਜੋਤਿਸ਼ੀ
ਜੋ, ਲੋਕਾਂ ਨੂੰ, ਲੁੱਟਣ ਲਈ
ਨਿੱਤ, ਟੀਵੀ ਸਕਰੀਨਾਂ ਉੱਤੇ
ਬੋਲਦੇ ਸਨ :

ਮੰਗਲ, ਸ਼ਨੀ, ਗ੍ਰਹਿ ਦੀ
ਕਰੋਪੀ ਤੋਂ ਬਚਣ ਲਈ
ਸੋਨੇ ਦੀ ਇੱਕ ਗਾਂ ਭੇਟਾ ਕਰੋ
ਕਾਲੇ ਕੁੱਤੇ ਨੂੰ ਆਲੂ ਦਾ ਪਰੌਂਠਾ ਖਵਾਓ
ਆਪਣੇ, ਘਰਾਂ ਨੂੰ ਪਵਿੱਤਰ ਕਰਨ ਲਈ
ਘਰਾਂ ਦੇ ਬਾਹਰ, ਹਰ ਦਿਨ
ਗਊ ਮਾਤਾ ਦੇ ਮਲ-ਮੂਤਰ ਦਾ
ਛਿੜਕਾ ਕਰੋ

ਉਹ, ਸਭ, ਭੇਖੀ, ਬਹੁ-ਰੂਪੀਏ, ਵੀ
ਪਤਾ ਨਹੀਂ, ਹੁਣ, ਕਿਹੜੀਆਂ
ਖੁੱਡਾਂ 'ਚ ਵੜ ਗਏ ਹਨ
ਸ਼ੁਭ ਦਿਨ ਦਾ ਮਹੂਰਤ ਕੱਢਦਿਆਂ-

ਕਰੋਨਾਵਾਇਰਸ ਮਹਾਂਮਾਰੀ ਦਾ
ਨਾਮ ਸੁਣਦਿਆਂ ਹੀ
■
(ਅੰਬਾਲਾ ਛਾਉਣੀ, ਇੰਡੀਆ, ਮਾਰਚ 27, 2020)

# ਨੱਬੇ ਹਜ਼ਾਰ ਪ੍ਰਵਾਸੀ

ਉਹ ਵੀ ਦਿਨ ਸਨ
ਜਦੋਂ, ਕੋਈ, ਪ੍ਰਵਾਸੀ ਆਪਣੇ ਵਤਨ ਪਰਤਦਾ
ਉਹ, ਸੁਗਾਤਾਂ ਦੀ ਨੁਮਾਇਸ਼ ਲਗਾ ਦਿੰਦਾ
ਗਵਾਂਢੀ, ਰਿਸ਼ਤੇਦਾਰ, ਮਿੱਤਰ, ਸਭ
ਪਿਆਰ ਭਰੀਆਂ, ਘੁੱਟ, ਘੁੱਟ ਜੱਫੀਆਂ ਪਾਉਂਦੇ
ਕੈਮਰਿਆਂ ਦੀ ਕਲਿੱਕ, ਕਲਿੱਕ ਹੁੰਦੀ
ਵਿਸਕੀ, ਸੋਡੇ, ਸ਼ਰਬਤ ਦੇ ਭਰੇ
ਗਿਲਾਸ ਇੱਕ ਦੂਜੇ ਦੇ ਗਿਲਾਸ ਨਾਲ ਖੜਕਦੇ
ਚਿਹਰਿਆਂ ਉੱਤੇ, ਰੇਸ਼ਮੀ ਮੁਸਕਰਾਹਟਾਂ ਖਿਲਰਦੀਆਂ
ਬੁੱਲ੍ਹਾਂ ਉੱਤੇ, ਮਾਹੀਏ, ਟੱਪੇ, ਢੋਲੇ ਦੀਆਂ
ਸੁਰਾਂ ਛਿੜਦੀਆਂ, ਤੰਦੂਰੀ ਮੁਰਗੇ, ਮੱਛੀ, ਬੱਕਰੇ ਦੇ
ਮਾਸ ਦੀਆਂ ਦਾਹਵਤਾਂ ਹੁੰਦੀਆਂ, ਕੁਝ ਮਨਚਲੇ
ਨੌਜਵਾਨ, ਆਪਣੇ ਘਰਾਂ ਅੱਗੇ ਖੜ੍ਹ
ਬੱਕਰੇ ਬੁਲਾਂਦੇ, ਮਿਰਜ਼ੇ ਦੀ ਸੱਦ ਲਗਦੀ
ਹੀਰ ਦੀਆਂ ਕਲੀਆਂ ਦੀ ਹੇਕ ਛੇੜਦੇ

ਉਹ ਵੀ ਦਿਨ ਸਨ
ਜਦੋਂ, ਲੋਕ ਘਰ ਆਏ
ਪ੍ਰਵਾਸੀ ਪ੍ਰਾਹੁਣੇ ਨੂੰ ਪੁੱਛਦੇ :
'ਸੰਗ ਨ ਕਰੀਂ
ਕਿਸੇ ਚੀਜ਼ ਨੂੰ ਦਿਲ ਕਰੇ, ਤਾਂ
ਦੱਸ ਦੇਈਂ"
ਪ੍ਰਵਾਸੀ ਪ੍ਰਾਹੁਣਾ ਵੀ, ਉਸੇ ਹੀ
ਚਾਅ 'ਚ ਆਖਦਾ :
'ਲੈ, ਆਪਣਾ ਹੀ ਤਾਂ ਘਰ ਹੈ
ਮੈਂ ਕਾਹਨੂੰ ਸੰਗਣਾ ਹੈ'

ਪਰ, ਸਮਿਆਂ ਦੀ ਚਾਲ ਦੇਖੋ
ਹੁਣ, ਰੇਡੀਓ, ਟੀਵੀ, ਅਖਬਾਰ, ਦਿਨ ਰਾਤ
ਲੋਕਾਂ ਨੂੰ ਚੇਤੰਨ ਕਰ ਰਹੇ ਹਨ :
ਨੱਬੇ ਹਜ਼ਾਰ ਪ੍ਰਵਾਸੀਆਂ ਦੀ

ਹਕੂਮਤ ਨੂੰ ਤਲਾਸ਼ ਹੈ, ਕਿਸੀ ਨੂੰ
ਆਪਣੇ, ਆਂਢ-ਗੁਆਂਢ 'ਚ ਆਏ
ਕਿਸੀ ਪ੍ਰਵਾਸੀ ਬਾਰੇ ਪਤਾ ਹੋਵੇ, ਤਾਂ
ਹਕੂਮਤ ਨੂੰ ਇਸ ਦੀ ਫੌਰਨ ਖਬਰ ਦੇਵੋ

ਪੁਲਿਸ, ਸਿਹਤ ਵਿਭਾਗ, ਖੁਫੀਆ ਏਜੰਸੀਆਂ
ਘਰ, ਘਰ, ਗਲੀ, ਗਲੀ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਪ੍ਰਵਾਸੀਆਂ ਦੀ ਇੰਝ ਭਾਲ ਕਰਦੀਆਂ ਹਨ, ਜਿਵੇਂ ਕਿਤੇ
ਪਾਂਅ ਪਏ ਕੁੱਤੇ ਸ਼ਹਿਰ ਵਿੱਚ ਆ ਵੜ੍ਹੇ ਹੋਣ
ਚੋਰੀ, ਚੋਰੀ, ਜਿਨ੍ਹਾਂ ਤੋਂ
ਸ਼ਹਿਰ ਵਾਸੀਆਂ ਦੀਆਂ ਜਾਨਾਂ ਨੂੰ
ਭਾਰੀ ਖਤਰਾ ਹੋ ਗਿਆ ਹੋਵੇ
ਤੁਹਾਡੇ ਹੀ ਗਵਾਂਢੀ, ਰਿਸ਼ਤੇਦਾਰ, ਮਿੱਤਰ
ਤੁਹਾਡੇ ਚਿਹਰਿਆਂ ਵੱਲ, ਇੰਝ
ਘੋਖਵੀਆਂ ਨਜ਼ਰਾਂ ਨਾਲ
ਦੇਖਦੇ ਹਨ, ਜਿਵੇਂ
ਉੱਥੇ ਲਿਖਿਆ ਹੋਵੇ :
'ਕਰੋਨਾਵਾਇਰਸ'

ਕੀ ਕਰ ਦਿੱਤਾ ਹੈ
ਇੱਕ ਨਿੱਕੇ ਜਿਹੇ
ਕੀਟਾਣੂੰ, ਕਰੋਨਾ ਨੇ-

-ਜ਼ਿੰਦਗੀ ਨੂੰ
-ਰਿਸ਼ਤਿਆਂ ਨੂੰ
-ਪਿਆਰ ਨੂੰ
-ਦੋਸਤੀ ਨੂੰ
-ਸਭਿਆਚਾਰ ਨੂੰ
-ਸਮਾਜ ਨੂੰ
-ਇਨਸਾਨ ਨੂੰ
■

(ਅੰਬਾਲਾ ਛਾਉਣੀ, ਇੰਡੀਆ, ਮਾਰਚ 31, 2020)

# ਮਿਸ਼ਾਲਾਂ

ਮੋਮਬੱਤੀਆਂ ਨਹੀਂ–
ਹੁਣ, ਤਾਂ, ਮਿਸ਼ਾਲਾਂ ਬਾਲ ਕੇ
ਤੁਰਣ ਦੀ ਲੋੜ ਹੈ
ਯਾਰੋ !

ਹਨ੍ਹੇਰਾ ਬਹੁਤ ਸੰਘਣਾ ਹੋ ਗਿਆ ਹੈ
ਸ਼ਹਿਰ ਵਿੱਚ, ਜੋਤਸ਼ੀਆਂ, ਪਾਖੰਡੀਆਂ, ਅੰਨ੍ਹੇ ਭਗਤਾਂ ਦਾ ਫਿਰ
ਬੋਲਬਾਲਾ ਹੈ–

ਹੁਣ, ਤਾਂ–
ਘਰਾਂ ਵਿੱਚ, ਮੋਮਬੱਤੀਆਂ ਜਗਾਉਣ ਦੇ
ਸਮੇਂ ਦੇ, ਵੀ, ਮਹੂਰਤ ਨਿਕਲਦੇ ਹਨ

ਹੁਣ, ਤਾਂ–
ਕੀ ਪਤਾ ਹੈ, ਕਦੋਂ
ਇਹ, ਮਸਖ਼ਰੇ ਕਹਿ ਦੇਣ :
"ਘਰਾਂ ਦੇ ਬਾਹਰ
ਨਿੰਬੂ, ਅਦਰਕ, ਲਸਣ, ਟੰਗੋ
ਜੇਕਰ, ਤੁਸੀਂ, ਕਰੋਨਾਵਾਇਰਸ ਨੂੰ
ਘਰ 'ਚ ਪ੍ਰਵੇਸ਼
ਕਰਨ ਤੋਂ ਰੋਕਣਾ ਹੈ"

–ਡਾਕਟਰ, ਨਰਸਾਂ, ਸਿਹਤ ਕਾਮੇ
ਚੀਖ, ਚੀਖ, ਕਹਿ ਰਹੇ ਹਨ :
ਸਾਨੂੰ, ਸੁਰੱਖਿਅਤ ਕੰਮ ਕਰਨ ਲਈ ਔਜ਼ਾਰ ਦਿਓ
–ਭੁੱਖੇ, ਪਿਆਸੇ, ਲੋਕ
ਪਿੰਡ, ਪਿੰਡ, ਸ਼ਹਿਰ, ਸ਼ਹਿਰ, ਕਹਿ ਰਹੇ ਹਨ
ਸਾਨੂੰ, ਢਿੱਡ ਭਰਨ ਲਈ, ਰੋਟੀ ਦਿਓ
–ਮਜ਼ਦੂਰ, ਬੇਰੁਜ਼ਗਾਰ, ਬੇਉਮੀਦ
ਚੀਖ, ਚੀਖ, ਕਹਿ ਰਹੇ ਹਨ
ਸਾਨੂੰ, ਸਾਡਾ ਰੁਜ਼ਗਾਰ ਵਾਪਿਸ ਦਿਓ

-ਕਿਸਾਨ, ਕਰਜ਼ਿਆਂ ਦੇ ਭਾਰ ਥੱਲੇ ਡੁੱਬੇ
ਚੀਖ, ਚੀਖ, ਕਹਿ ਰਹੇ ਹਨ :
ਫੁੱਲਾਂ, ਸਬਜ਼ੀਆਂ, ਦੀਆਂ ਫਸਲਾਂ, ਹੁਣ
ਕਿੰਝ, ਕੂੜੇ ਦੇ ਢੇਰਾਂ 'ਚ
ਸੁੱਟ ਦੇਈਏ

ਪਰ, ਇਸ
ਸਭ ਕੁਝ ਦਾ, ਨੀਰੋ ਨੂੰ
ਕੀ ਫਿਕਰ ਹੈ-

ਉਹ, ਤਾਂ-
ਨੌਂ-ਭੁਜਾਵਾਂ ਵਾਲੀ
ਦੇਵੀ ਦੀ ਅਰਾਧਨਾ ਕਰਨ ਲਈ
ਮੋਮਬੱਤੀਆਂ ਜਗਾਉਣ ਵਿੱਚ
ਮਦ-ਮਸਤ ਹੈ

ਉਹ, ਤਾਂ-
ਕਰੋਨਾਵਾਇਰਸ ਨੂੰ
ਦੀਵੇ ਦੀ ਰੌਸ਼ਨੀ ਦਿਖਾ ਕੇ
ਭੈ-ਭੀਤ ਕਰਨ ਦੀਆਂ
ਕੋਈ, ਤਾਂਤਰਿਕ ਮੁਦਰਾਵਾਂ ਵਾਲੀ
ਨੌਟੰਕੀ ਕਰਨ ਲਈ
ਬਾਜ਼ਿੱਦ ਹੈ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 4, 2020)

# ਕਰਫਿਊ

ਖ਼ੌਫ਼, ਦਹਿਸ਼ਤ, ਨਿਰਾਸ਼ਾ, ਭੁੱਖ, ਬੇਵਸੀ
ਕੀ ਕੁਝ ਨਹੀਂ ਮਾਹੌਲ ਅੰਦਰ-

ਹਰ ਘਰ ਦੀ ਦਹਿਲੀਜ਼
ਲਛਮਣ ਰੇਖਾ ਬਣ
ਰਾਹ ਰੋਕੀ ਖੜ੍ਹੀ
ਕਿਸ ਚਾਣਕੀਆ ਨੇ
ਜਿਉਣ ਦੇ ਸਭ ਹੱਕ ਖੋਹ
ਭਿਖਾਰੀਆਂ ਵਿੱਚ ਬਦਲਣ ਦੀ
ਇਹ ਨੀਤੀ ਘੜੀ

ਮਿਹਨਤ, ਮਜ਼ਦੂਰੀ, ਕਰ, ਜੋ
ਨਿੱਤ, ਸ਼ਾਮ ਢਲੇ, ਘਰ ਪਰਤਦੇ ਸਨ
ਚਿਹਰਿਆਂ 'ਤੇ ਮੁਸਕਾਨਾਂ ਲੈ ਕੇ
ਹੁਣ, ਰੀਂਘਦੇ ਹਨ, ਨਾਲੀਆਂ ਦੇ
ਕੀੜਿਆਂ ਵਾਂਗੂੰ, ਕਿਸੀ
ਦੀਨ ਦਿਆਲੂ, ਮਲਿਕ ਭਾਗੋ ਅੱਗੇ
ਖੜ੍ਹਾ ਜੋ, ਪੱਥਰ ਉੱਤੇ, ਧੌਣ ਅਕੜਾ ਕੇ
ਹੱਥਾਂ 'ਚ, ਦੋ ਰੋਟੀਆਂ ਫੜ੍ਹੀ

ਠੱਗਾਂ, ਸੰਤਾਂ, ਮਹੰਤਾਂ ਦੇ ਡੇਰੇ ਵੀ
ਹੁਣ, ਸ਼ਮਲੇ ਉੱਚੇ ਕਰਕੇ
ਆਖਦੇ ਹਨ :
ਏਨੇ ਹਜ਼ਾਰ ਭੁੱਖਿਆਂ ਨੂੰ
ਭੋਜਨ ਖਵਾਹਿਆ, ਅਸੀਂ
ਮੰਤਰੀ ਕਰਦੇ ਸਵਾਗਤ, ਉਨ੍ਹਾਂ ਦਾ
ਨੀਲੇ, ਪੀਲੇ, ਚਿੱਟੇ, ਸਰੋਪਿਆਂ ਦੀ
ਲਗਾ ਲਗਾ ਝੜੀ

ਕੁਝ, ਸਿਰ ਫਿਰੇ
ਗਾਂ ਦੇ ਮਲ-ਮੂਤਰ ਨੂੰ ਹੀ

ਸਮਝਦੇ ਹਨ, ਹਰ
ਰੋਗ ਦਾ ਇਲਾਜ, ਕਿਹੜਾ
ਅਜਿਹੇ, ਪੱਥਰਾਂ ਨਾਲ
ਬਹਿਸੇ, ਕਰੇ ਅੜੀ

ਜੋ, ਜਾਂ-ਬਾਜ਼, ਕਰੋਨਾ ਮਹਾਂਮਾਰੀ
ਨਾਲ ਲੜ ਰਹੇ ਹਨ, ਆਪਣੀਆਂ
ਜਾਨਾਂ ਤਲੀ 'ਤੇ ਰੱਖ, ਧਰਮਾਂ
ਅੰਨ੍ਹੇ ਕੀਤੇ ਹੋਏ, ਕੁਝ ਬੇਸਮਝ
ਉਨ੍ਹਾਂ ਖ਼ਿਲਾਫ਼, ਦੇਖੇ ਗਏ
ਖੜ੍ਹੇ, ਪੱਥਰ ਫੜ੍ਹੀ

ਜਿਵੇਂ, ਸੱਪ ਸੁੰਘ ਗਿਆ ਹੋਵੇ
ਸਾਰੇ ਹੀ ਸ਼ਹਿਰ ਨੂੰ
ਕੋਈ ਵੀ, ਹੁਣ, ਬੋਲਦਾ ਨਹੀਂ
ਆਪਣੇ ਹੱਕਾਂ ਲਈ, ਸੁਪਣਿਆਂ ਲਈ
ਹਰ ਤਰਫ਼, ਦਿਖਦੇ ਝੁਕੇ ਸਿਰ
ਭੇਡਾਂ, ਬੱਕਰੀਆਂ, ਗਧਿਆਂ ਨੂੰ
ਹਿੱਕੀ ਜਾਂਦਾ ਹੋਵੇ, ਜਿਵੇਂ
ਕੋਈ ਆਜੜੀ

ਦੋ ਤਰ੍ਹਾਂ ਦੇ ਲੋਕ ਹੀ
ਹੁਣ, ਬਸ, ਮਿਲਦੇ
ਇਸ ਸ਼ਹਿਰ ਵਿੱਚ
ਮੁਖੌਟੇ ਚਿਹਰਿਆਂ 'ਤੇ ਪਹਿਣੀਂ
ਟੁੱਕੀਆਂ ਜੀਭਾਂ ਵਾਲੇ
ਜਾਂ ਵੱਜਦੀਆਂ ਥਾਲੀਆਂ
ਭਾਂਡੇ, ਹੱਥਾਂ 'ਚ, ਪਰ
ਅੰਦਰੋ, ਅੰਦਰੀ, ਹਰ
ਪਲ, ਜੋ, ਜਾਂਦੇ ਠਰੀ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 19, 2020)

# ਚਾਮਚੜਿੱਕਾਂ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ, ਘਰ, ਘਰ
ਮੌਤ-ਸਿਆਪੇ ਹੋਣ ਲੱਗੇ
ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਲਾਸ਼ਾਂ ਦੇ ਅੰਬਾਰ ਲੱਗਣ ਲੱਗੇ
ਮਾਸੂਮ, ਬੇਗੁਨਾਹ, ਕੰਨਸਨਟਰੇਸ਼ਨ ਕੈਂਪਾਂ 'ਚ ਕੈਦ ਕਰ
ਹੱਡੀਆਂ ਦੀਆਂ ਮੁੱਠਾਂ ਬਣਾਏ ਜਾਣ ਲੱਗੇ
ਗੈਸ ਚੈਂਬਰਾਂ ਵਿੱਚ ਸੁੱਟ
ਸੁਆਹ ਦੇ ਢੇਰ ਬਣਾਏ ਜਾਣ ਲੱਗੇ

ਚਾਮਚੜਿੱਕਾਂ, ਤਾਂ
ਪਹਿਲਾਂ ਹੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ ਮ੍ਰਿਤਕਾਂ ਲਈ
ਹਸਪਤਾਲ, ਟਰੱਕ ਕਨਟੇਨਰ, ਸਮੁੰਦਰੀ ਬੇੜੇ
ਕਬਰਸਤਾਨ ਬਣਾਏ ਜਾਣ ਲੱਗੇ
ਬਲਿਸਟਿਕ ਮਿਜ਼ਾਈਲਾਂ, ਪ੍ਰਮਾਣੂੰ ਬੰਬ, ਐਟਮੀ ਪਣਡੁੱਬੀਆਂ
ਦੇ ਮਾਲਿਕ, ਜੋ, ਗੱਲ, ਗੱਲ 'ਤੇ
ਨੱਕਾਂ 'ਚੋਂ ਠੂੰਹੇਂ ਸੁੱਟਦੇ ਸਨ
ਸੋਚਾਂ 'ਚ ਡੁੱਬੇ, ਫਿਕਰਾਂ 'ਚ
ਗੋਤੇ ਖਾਣ ਲੱਗੇ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ, ਧਰਮੀ ਲੋਕਾਂ ਨੇ
ਅੱਲ੍ਹਾ-ਹੂ-ਅਕਬਰ
ਰਾਮ, ਰਾਮ
ਵਾਹਿਗੁਰੂ, ਵਾਹਿਗੁਰੂ
ਜੀਸਸ, ਜੀਸਸ
ਕੂਕਦਿਆਂ, ਇੱਕ ਦੂਜੇ ਦੇ
ਸੀਨੇ ਵਿੱਚ ਖੰਜਰ ਖੋਭ
ਲਾਸ਼ਾਂ ਦੇ ਅੰਬਾਰ ਲਗਾ ਦਿੱਤੇ
ਚਾਮਚੜਿੱਕਾਂ ਦੇ ਅਜਿਹੇ
ਘਿਨਾਉਣੇ ਕਾਰਨਾਮਿਆਂ ਨੂੰ
ਹਿੰਦੁਸਤਾਨ, ਪਾਕਿਸਤਾਨ ਦੇ
ਲੋਕਾਂ ਤੋਂ ਵੱਧ ਹੋਰ ਕੌਣ
ਜਾਣ ਸਕਦਾ ਹੈ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ
-ਪੰਜਾਬ ਵਿੱਚ ਬਲੂਸਟਾਰ ਓਪਰੇਸ਼ਨ ਹੋ ਗਿਆ
-ਦਿੱਲੀ ਵਿੱਚ ਮਾਸੂਮਾਂ ਦੇ ਗਲਿਆਂ 'ਚ ਬਲਦੇ ਟਾਇਰ ਪਾਏ ਗਏ
-ਗੁਜਰਾਤ ਵਿੱਚ ਫਿਰਕੂ ਕਤਲੇਆਮ ਹੋ ਗਿਆ
-ਯੂ.ਪੀ. ਵਿੱਚ ਬਾਬਰੀ ਮਸਜਿਦ ਢਾਹੀ ਗਈ
-ਕਸ਼ਮੀਰ ਵਿੱਚ ਕਰਫਿਊ ਲਗਾ ਦਿੱਤਾ ਗਿਆ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਮਨੁੱਖੀ ਇਤਿਹਾਸ
ਗਵਾਹ ਹੈ, ਜੰਗਬਾਜ਼ਾਂ ਨੇ
ਉਨ੍ਹਾਂ ਦੇ ਕੰਨਾਂ ਵਿੱਚ, ਜਦੋਂ ਵੀ
ਫੂਕ ਮਾਰੀ, ਤਾਂ
ਟੀਵੀ ਸਕਰੀਨਾਂ ਉੱਤੇ
ਬੁੱਲ੍ਹੀ ਕੁੱਤਿਆਂ ਦਾ, ਜੰਮਘਟਾ
ਇਕੱਠਾ ਹੋ, ਇੱਕ ਦੂਜੇ ਵਿਰੁੱਧ
ਧਰਮੀ ਨਫ਼ਰਤ ਦੇ, ਜ਼ਹਿਰ ਭਰੇ
ਭਾਸ਼ਨ ਦੇਣ ਲੱਗੇ

ਚਾਮਚੜਿੱਕਾਂ, ਤਾਂ
ਪਹਿਲਾਂ ਵੀ ਘਾਤਕ ਕੀਟਾਣੂੰਆਂ
ਨਾਲ ਭਰੀਆਂ ਹੁੰਦੀਆਂ ਸਨ-

ਪਰ, ਹੁਣ ਜਿੰਨੀਆਂ
ਧਰਮੀ ਨਫ਼ਰਤ ਭਰੀਆਂ ਦਹਿਸ਼ਤਪਸੰਦ
ਨਹੀਂ ਸਨ ਹੁੰਦੀਆਂ
■
(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 22, 2020)

# ਹਿੰਦੂ ਕਰੋਨਾ, ਮੁਸਲਿਮ ਕਰੋਨਾ

ਫਨੀਅਰ ਸੱਪਾਂ ਵਾਂਗੂੰ
ਫਨ ਫੈਲਾਈ ਬੈਠੇ, ਟੀਵੀ ਐਂਕਰ
ਹਿੰਦੂ ਕਰੋਨਾ, ਮੁਸਲਿਮ ਕਰੋਨਾ
ਦੀ ਹਾਲ-ਦੁਹਾਈ ਪਾ ਕੇ
ਲੋਕ-ਮਾਨਸਿਕਤਾ ਵਿੱਚ, ਨਿੱਤ
ਜ਼ਹਿਰ ਦਾ ਧੂੜਾ ਮਾਰ ਰਹੇ ਹਨ

ਫਿਰਕੂ ਨੇਤਾ, ਧਰਮੀ ਗੁਰੂ, ਮੌਕਾਪ੍ਰਸਤ ਪੱਤਰਕਾਰ
ਟੀਵੀ ਚੈਨਲਾਂ ਦੇ ਪਰਦਿਆਂ ਉੱਤੇ
ਸੱਤਾਧਾਰੀ ਅਹਿਲਕਾਰਾਂ ਦੇ ਝੋਲੀਝੁੱਕ ਬਣਕੇ
ਹਿੰਦੂ, ਮੁਸਲਿਮ, ਨੂੰ, ਇੱਕ ਦੂਜੇ ਦੇ ਸੀਨੇ ਵਿੱਚ
ਖੰਜਰ ਖੋਭਣ ਲਈ
ਸ਼ਿੰਗਾਰ ਰਹੇ ਹਨ

ਸੱਤਾਧਾਰੀ ਜੁੰਡਲੀ ਦਾ ਸੰਸਦ ਮੈਂਬਰ ਵੀ
ਜੇਕਰ, ਕਰੋਨਾਵਾਇਰਸ ਦੀ ਜਕੜ 'ਚ ਆ ਜਾਵੇ
ਤਾਂ, ਉਹ, ਬਿਨ੍ਹਾਂ ਕਿਸੀ ਭੈਅ ਦੇ, ਸੈਂਕੜੇ ਲੋਕਾਂ ਵਿੱਚ
ਘੁੰਮ-ਫਿਰ ਸਕਦਾ ਹੈ-

ਪਰ, ਜੇਕਰ, ਕਿਸੀ ਵਿਰੋਧੀ ਦਲ ਦਾ ਬੰਦਾ
ਮਹਿਜ਼, ਨਿੱਛ ਹੀ ਮਾਰ ਦੇਵੇ, ਤਾਂ
ਦੇਸ਼ ਦਾ ਹਰ ਟੀਵੀ ਚੈਨਲ, ਉਸ ਬਾਰੇ
ਘੰਟਿਆਂ-ਬੱਧੀ, ਧੂੰਆਂਧਾਰ, ਬਹਿਸ ਕਰੇਗਾ

ਇੱਕ ਕਾਨੂੰਨ, ਸੱਤਾਧਾਰੀ ਲਈ
ਇੱਕ ਕਾਨੂੰਨ, ਬਾਕੀ ਸਭਨਾਂ ਲਈ

ਭਾਵੇਂ, ਹਰ ਕੋਈ
ਇੱਕੋ ਦੇਸ਼ 'ਚ ਵੱਸਦਾ

ਵਾਇਰਸ ਨੇ, ਜਦ

ਕਿਸੀ ਬੂਹੇ ਉੱਤੇ ਦਸਤਕ ਦੇਣੀ, ਤਾਂ
ਉਸਨੇ, ਇਹ ਨਹੀਂ ਪੁੱਛਣਾ :
ਤੇਰਾ ਨਾਮ ਰਾਮ, ਮੁਹੰਮਦ, ਜੀਸਸ ਜਾਂ ਨਾਨਕ ਹੈ
ਉਸਨੇ, ਤਾਂ, ਇਹ ਵੀ ਨਹੀਂ ਪੁੱਛਣਾ :
ਤੇਰਾ ਨਾਮ ਕਮਲਾ, ਸਲਮਾ, ਸੌਫੀਆ, ਸੂਜ਼ਨ ਜਾਂ ਸੁਰਿੰਦਰ ਹੈ

ਭਾਵੇਂ, ਦੀਵੇ ਬਾਲੋ
ਭਾਵੇਂ, ਮੋਮਬੱਤੀਆਂ
ਭਾਵੇਂ, ਸੰਖ ਵਜਾ ਲਓ
ਭਾਵੇਂ, ਠੋਕੋ ਥਾਲੀ
ਜਿਸ ਦਿਨ, ਕੀਟਾਣੂੰ ਨੇ, ਕਿਸੀ
ਘਰ ਦੇ ਦਰਵਾਜ਼ੇ ਉੱਤੇ, ਦਸਤਕ ਦੇਣੀ
ਉਸਨੇ, ਨ ਈਮੇਲ ਭੇਜਣੀ, ਨ ਸ਼ਬਦ ਸੁਨੇਹਾ
ਐਵੇਂ, ਇੱਕ ਦੂਜੇ ਬਾਰੇ
ਧਰਮੀ, ਫਿਰਕੂ, ਫਤਵੇ ਦੇ ਕੇ
ਪਤਾ ਨਹੀਂ, ਕੀ
ਸੋਚ ਰਹੇ ਹੋ–

ਹਿੰਦੂ ਕਰੋਨਾ, ਮੁਸਲਿਮ ਕਰੋਨਾ
ਨਿੱਤ, ਅਲਾਪ ਛੇੜਕੇ
ਇੱਕ ਦੂਜੇ ਦਾ, ਕਿਉਂ
ਮਾਸ ਨੋਚ ਰਹੇ ਹੋ
■
(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 7, 2020)

# ਬਲੀ ਦੇ ਬੱਕਰੇ

ਹਕੂਮਤ, ਆਪਣੀਆਂ
ਗਲਤੀਆਂ, ਕਮਜ਼ੋਰੀਆਂ, ਨਾਕਾਮੀਆਂ
ਛੁਪਾਉਣ ਲਈ, ਹਮੇਸ਼ਾ
ਬਲੀ ਦੇ ਬੱਕਰੇ
ਲੱਭਦੀ ਹੈ-

ਕਰੋਨਾ ਮਹਾਮਾਰੀ ਸੰਕਟ ਦੀ
ਹਨ੍ਹੇਰੀ ਝੁੱਲੀ, ਤਾਂ
ਹਕੂਮਤ ਦੀ ਬੋਲੀ ਬੋਲ ਰਿਹਾ
ਟੀਵੀ ਮੀਡੀਆ, ਝੱਟ
ਬੋਲ ਉੱਠਿਆ :
"ਕੁਝ ਦਿਨਾਂ ਤੋਂ ਵੱਧ ਰਹੀ
ਕਰੋਨਾ ਮਹਾਮਾਰੀ ਮਰੀਜ਼ਾਂ ਦੀ ਗਿਣਤੀ ਲਈ
ਤਬਲੀਗੀ ਜਮਾਤ ਹੀ ਜ਼ਿੰਮੇਵਾਰ ਹੈ"
ਪਰ, ਉਹ, ਸਰਕਾਰੀ ਧੂਤਰੂ
ਟੀਵੀ ਦਰਸ਼ਕਾਂ ਨੂੰ, ਇਸ ਤੱਥ ਬਾਰੇ
ਕੋਈ ਜਾਣਕਾਰੀ ਨ ਦੇ ਸਕਿਆ :
"ਦੇਸ ਵਿੱਚ 35 ਹਜ਼ਾਰ ਤੋਂ ਵੀ ਵੱਧ
ਕਰੋਨਾ ਮਹਾਮਾਰੀ ਪੀੜਤਾਂ ਦੀ ਗਿਣਤੀ ਲਈ
ਕੌਣ ਜ਼ਿੰਮੇਵਾਰ ਹੈ"

ਦੇਸ ਵਿੱਚ, ਅਚਾਨਕ, ਕਰਫਿਊ ਲੱਗ ਗਿਆ
ਹਜ਼ਾਰਾਂ ਮਜ਼ਦੂਰ, ਘਰਾਂ ਨੂੰ ਪਰਤਣ ਦੀ ਕਾਹਲ ਵਿੱਚ
ਰੇਲਵੇ ਸਟੇਸ਼ਨਾਂ ਬਾਹਰ, ਧੱਕਮ-ਧੱਕਾ ਹੋਣ ਲੱਗੇ, ਤਾਂ
ਹਕੂਮਤ ਦੀ ਬੋਲੀ ਬੋਲ ਰਿਹਾ
ਟੀਵੀ ਮੀਡੀਆ, ਝੱਟ
ਬੋਲ ਉੱਠਿਆ :
"ਦੇਖੋ, ਇਹ ਉਜੱਡ ਪ੍ਰਵਾਸੀ ਮਜ਼ਦੂਰ
ਕਿਵੇਂ, ਇੱਕ ਦੂਜੇ ਤੋਂ, ਫ਼ਾਸਲਾ
ਬਣਾ ਕੇ ਰੱਖਣ ਦੀਆਂ, ਸ਼ਰੇਆਮ
ਧੱਜੀਆਂ ਉਡਾ ਰਹੇ ਹਨ"

ਪਰ, ਉਹ, ਸਰਕਾਰੀ ਧੂਤਰੂ
ਟੀਵੀ ਦਰਸ਼ਕਾਂ ਨੂੰ, ਇਸ ਤੱਥ ਬਾਰੇ
ਕੋਈ ਜਾਣਕਾਰੀ ਨ ਦੇ ਸਕਿਆ :
"ਲੱਖਾਂ ਮਜ਼ਦੂਰਾਂ ਨੂੰ ਘਰਾਂ ਤੱਕ
ਪਹੁੰਚਣ ਦਾ ਸਮਾਂ ਦਿੱਤੇ ਬਗ਼ੈਰ ਹੀ
ਅਚਾਨਕ, ਦੇਸ ਭਰ ਵਿੱਚ, ਕਰਫਿਊ ਲਗਾ
ਕਾਨੂੰਨ ਦੀਆਂ, ਸ਼ਰੇਆਮ
ਧੱਜੀਆਂ ਕੌਣ ਉਡਾ ਗਿਆ"

ਹਕੂਮਤ ਨੇ ਦੇਸ ਭਰ ਵਿੱਚ
ਕਾਰਖਾਨੇ, ਫੈਕਟਰੀਆਂ, ਵਿਉਪਾਰ, ਦੁਕਾਨਾਂ, ਬੰਦ ਕਰ ਦਿੱਤੇ
ਬੇਰੁਜ਼ਗਾਰ, ਭੁੱਖੇ, ਪਿਆਸੇ, ਲੋਕਾਂ ਦਾ ਹੜ੍ਹ
ਸੜਕਾਂ ਉੱਤੇ ਉਮੱਡ, ਆਪਣੇ, ਖਾਲੀ ਢਿੱਡਾਂ ਨੂੰ
ਨਗਾਰਿਆਂ ਵਾਂਗ ਵਜਾ, ਰੋਟੀ ਦੇ
ਦੋ ਟੁੱਕੜਿਆਂ ਲਈ, ਹਕੂਮਤੀ ਅਹਿਲਕਾਰਾਂ ਅੱਗੇ
ਗਿੜਗਿੜਾਉਣ ਲੱਗਾ, ਤਾਂ
ਹਕੂਮਤ ਦੀ ਬੋਲੀ ਬੋਲ ਰਿਹਾ
ਟੀਵੀ ਮੀਡੀਆ, ਝੱਟ
ਬੋਲ ਉੱਠਿਆ :
"ਇਨ੍ਹਾਂ ਬੇਸ਼ਰਮ ਲੋਕਾਂ ਨੂੰ, ਕੋਈ
ਸਮਝਾਵੇ, ਇਨ੍ਹਾਂ ਵਿਹਲੜਾਂ, ਨਿਖੱਟੂਆਂ, ਨੂੰ
ਪ੍ਰੀਤੀ-ਭੋਜਣ ਪਰੋਸਣ ਦੀ ਜ਼ਿੰਮੇਵਾਰੀ
ਸਰਕਾਰ ਦੀ ਨਹੀਂ"
ਪਰ, ਉਹ, ਸਰਕਾਰੀ ਧੂਤਰੂ
ਟੀਵੀ ਦਰਸ਼ਕਾਂ ਨੂੰ, ਇਸ ਤੱਥ ਬਾਰੇ
ਕੋਈ ਜਾਣਕਾਰੀ ਨ ਦੇ ਸਕਿਆ :
"ਇਹ ਬੇਰੁਜ਼ਗਾਰ ਮਜ਼ਦੂਰ, ਆਪਣੇ, ਘਰਾਂ ਨੂੰ ਛੱਡ ਕੇ
ਪਰਵਾਸ ਵਿੱਚ, ਆਪਣੇ, ਦੋ ਹੱਥਾਂ ਨਾਲ
ਮਿਹਨਤ-ਮਜ਼ਦੂਰੀ ਕਰਨ ਆਏ ਸਨ
ਕਿਸੀ ਦੀ, ਭੀਖ ਵਿੱਚ ਦਿੱਤੀ
ਦਾਲ-ਰੋਟੀ ਖਾਣ ਨਹੀਂ ਆਏ ਸਨ"

ਦੇਸ, ਅਜੇ, 'ਨਮਸਤੇ ਟਰੰਪ' ਸਮਾਰੋਹਾਂ ਦੇ ਨਸ਼ੇ ਵਿੱਚ ਸੀ
ਰਾਜਧਾਨੀ ਵਿੱਚ ਫਿਰਕੂ-ਦੰਗੇ ਭੜਕ ਪਏ

ਘਰਾਂ, ਬਾਜ਼ਾਰਾਂ, ਵਿੱਚ, ਕਤਲੋਗਾਰਤ ਸ਼ੁਰੂ ਹੋ ਗਈ
ਵਿਉਪਾਰ, ਸਕੂਲ, ਹਸਪਤਾਲ, ਧਰਮ ਸਥਾਨ, ਫੂਕੇ ਜਾਣ ਲੱਗੇ, ਤਾਂ
ਹਕੂਮਤ ਦੀ ਬੋਲੀ ਬੋਲ ਰਿਹਾ
ਟੀਵੀ ਮੀਡੀਆ, ਝੱਟ
ਬੋਲ ਉੱਠਿਆ :
"ਦੇਸ ਨੂੰ ਬਰਬਾਦ ਕਰਨ ਵਾਲੇ
ਗਦਾਰਾਂ ਨੂੰ, ਗੋਲੀ ਮਾਰੋ"
ਪਰ, ਉਹ, ਸਰਕਾਰੀ ਧੂਤਰੂ
ਟੀਵੀ ਦਰਸ਼ਕਾਂ ਨੂੰ, ਇਸ ਤੱਥ ਬਾਰੇ
ਕੋਈ ਜਾਣਕਾਰੀ ਨ ਦੇ ਸਕਿਆ :
'ਫਿਰਕੂ-ਦੰਗੇ ਭੜਕਾਉਣ ਲਈ
ਅੱਗ ਲਾਊ ਭਾਸ਼ਨ ਦੇਣ ਵਾਲੇ
ਹੋਰ ਕੋਈ ਨਹੀਂ; ਬਲਕਿ
ਰਾਜ-ਸਿੰਘਾਸਣ ਉੱਤੇ ਕਾਬਿਜ
ਰਾਜਸੀ ਪਾਰਟੀ ਦੇ ਆਪਣੇ ਹੀ
ਪਿਆਰੇ ਨੇਤਾ ਸਨ"

ਹਕੂਮਤ, ਆਪਣੀਆਂ
ਗਲਤੀਆਂ, ਕਮਜ਼ੋਰੀਆਂ, ਨਾਕਾਮੀਆਂ
ਛੁਪਾਉਣ ਲਈ, ਹਮੇਸ਼ਾ
ਬਲੀ ਦੇ ਬੱਕਰੇ
ਲੱਭਦੀ ਹੈ-

ਮੌਸਮ ਬੇਰੁਖੀ ਦਾ ਹੈ
ਸ਼ਿਕਾਰੀਆਂ ਦੇ ਜਾਲ ਤੋਂ ਬਚੋ
ਮੂੰਹ ਵਿੱਚ ਰਾਮ, ਰਾਮ
ਬਗਲ ਵਿੱਚ, ਛੁਰੀ ਲਈ
ਘੁੰਮਦੇ ਮੁਖੌਟਾਧਾਰੀਆਂ ਤੋਂ
ਚੌਕਸ ਰਹੋ

ਕੀ ਪਤਾ, ਕਦ
ਕੌਣ, ਬਖਸ਼ਿਸ਼ਾਂ ਖਾਤਰ
ਤੁਹਾਡਾ ਸਿਰ, ਬਲੀ ਦੇ
ਬੱਕਰੇ ਵਾਂਗੂੰ, ਤਸ਼ਤਰੀ ਵਿੱਚ ਰੱਖ

ਹਕੂਮਤ ਨੂੰ, ਪੇਸ਼
ਕਰ ਦੇਵੇ

■

(ਅੰਬਾਲਾ ਛਾਉਣੀ, ਇੰਡੀਆ, ਮਈ 3, 2020)

# ਬੜ੍ਹਕਾਂ

ਉਹ, ਜੋ, ਹਥਿਆਰਾਂ ਦੀ ਮੰਡੀ ਦਾ ਸਰਗਣਾ
ਪ੍ਰਮਾਣੂੰ ਹਥਿਆਰਾਂ ਦੀਆਂ ਬੜ੍ਹਕਾਂ ਮਾਰ
ਮਨੁੱਖਤਾ ਨੂੰ, ਤੀਸਰੀ ਵਿਸ਼ਵ ਜੰਗ ਦੀ ਭੱਠੀ ਵਿੱਚ
ਝੋਂਕ ਦੇਣ ਦੀਆਂ ਗੱਲਾਂ ਕਰਨਾ
ਆਪਣਾ, ਇੱਕ ਸ਼ੁਗਲ ਸਮਝਦਾ ਸੀ
ਹਾਲਾਤਾਂ ਦਾ ਝੰਭਿਆ, ਆਖਿਰ
ਮੰਡੀ ਦੇ ਇੱਕ ਦਲਾਲ ਦੀਆਂ
ਮਿੰਨਤਾਂ-ਤਰਲੇ ਕਰਦਾ ਦੇਖਿਆ ਗਿਆ
ਮਹਿਜ਼, ਕੁਨੀਨ ਦੀਆਂ, ਕੁਝ ਕੁ ਲੱਖ
ਗੋਲੀਆਂ ਲੈਣ ਲਈ

ਉਹ, ਜੋ, ਗਲੋਬਲ ਕਲਚਰ ਦਾ ਸਰਗਣਾ
ਦੁਨੀਆਂ ਨੂੰ ਇੱਕ ਪਿੰਡ ਸਮਝ
ਗੁੰਡਿਆਂ ਦੇ ਸਰਦਾਰ ਵਾਂਗ, ਵਿਸ਼ਵ
ਗੁੰਡਾ ਰਾਜਨੀਤੀ ਦੀਆਂ ਬੜ੍ਹਕਾਂ ਮਾਰ
-ਕਦੀ, ਬਗਦਾਦ
-ਕਦੀ, ਕਾਬੁਲ
-ਕਦੀ, ਗਰਨੇਡਾ
-ਕਦੀ, ਕੁਵੈਤ
ਆਪਣੀਆਂ, ਫੌਜਾਂ ਦਾ ਉਤਾਰਾ ਕਰ ਦਿੰਦਾ ਸੀ
ਉਸ ਦੇਸ਼ ਨੂੰ ਤਹਿਸ-ਨਹਿਸ ਕਰ, ਪੂਰੀ ਤਰ੍ਹਾਂ ਲੁੱਟ
ਆਪਣੀ, ਪਿੱਠੂ ਸਰਕਾਰ ਸਥਾਪਿਤ ਕਰ ਦਿੰਦਾ ਸੀ
ਹਾਲਾਤਾਂ ਦਾ ਝੰਭਿਆ, ਆਖਿਰ
ਇੱਕ ਨਿੱਕੇ ਜਿਹੇ ਕੀਟਾਣੂੰ, ਕਰੋਨਾ ਤੋਂ
ਭੈ-ਭੀਤ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਲੱਗੇ, ਲਾਸ਼ਾਂ ਦੇ ਅੰਬਾਰ
ਸਾਂਭਣ ਵਿੱਚ ਗਰਕ ਹੋ ਰਿਹਾ ਹੈ

ਉਹ, ਜੋ, ਪੂੰਜੀ ਮੰਡੀ ਦਾ ਸਰਗਣਾ
ਵਿਸ਼ਵ ਪੂੰਜੀ ਮੰਡੀ ਨੂੰ, ਆਪਣੀ
ਮਨ-ਮਰਜ਼ੀ ਅਨੁਸਾਰ ਚਲਾਉਣ ਹਿਤ

ਨਿੱਤ, ਕਿਸੀ-ਨ-ਕਿਸੀ ਦੇਸ਼ ਦੀ ਸਰਕਾਰ ਨੂੰ
ਧਮਕੀਆਂ ਭਰੀਆਂ ਬੜ੍ਹਕਾਂ ਮਾਰਦਾ ਸੀ
ਹਾਲਾਤਾਂ ਦਾ ਝੰਭਿਆ, ਆਖਿਰ
ਵਿਸ਼ਵ ਭਰ ਦੇ ਦੇਸ਼ਾਂ ਨੂੰ, ਮੱਦਦ ਲਈ
ਸੁਨੇਹੇ ਭੇਜ ਰਿਹਾ ਹੈ, ਕਰੋਨਾਵਾਇਰਸ
ਸੰਕਟ ਨਾਲ ਨਿਬੜਨ ਲਈ, ਜੋ ਵੀ
ਸਾਨੂੰ, ਜ਼ਰੂਰੀ ਸਮਾਨ ਭੇਜ ਸਕਦਾ ਹੋਵੇ
ਅਸੀਂ, ਉਸਦੀ, ਪੂਰੀ ਅਦਾਇਗੀ ਕਰਾਂਗੇ

ਧਰਤੀ, ਹਵਾ, ਪਾਣੀ
ਪ੍ਰਦੂਸ਼ਿਤ ਕਰਨ ਦੀ ਦੌੜ ਵਿੱਚ
ਸਰਗਣਾ ਬਨਣ ਦੀ ਲਾਲਸਾ 'ਚ
ਨਿੱਤ, ਬੜ੍ਹਕਾਂ ਮਾਰਨ ਦੇ-
ਆਖਿਰ, ਇੱਕ ਦਿਨ
ਤਾਂ, ਨਤੀਜੇ
ਭੁਗਤਣੇ ਹੀ
ਪੈਣੇ ਸਨ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 10, 2020)

# ਖੁੰਭਾਂ ਵਰਗੇ ਲੋਕ

ਜ਼ਰਾ, ਮੌਸਮ ਕਰਵਟ ਲਵੇ
ਤਾਂ, ਸਹੀ-

ਖੁੰਭਾਂ ਵਾਂਗ ਉੱਗ ਆਉਣਗੇ, ਫਿਰ
ਸ਼ਬਦਾਂ ਦੇ ਵਿਉਪਾਰੀ, ਮੌਸਮੀਂ
ਲੇਖਕ, ਬੁੱਧੀਜੀਵੀ, ਪੱਤਰਕਾਰ, ਨਾਟਕਕਾਰ, ਕਲਾਕਾਰ
'ਵਿਸ਼ਵ ਪੰਜਾਬੀ ਕਰੋਨਾਵਾਇਰਸ ਸੰਕਟ ਸੰਮੇਲਨਾਂ' ਦੀਆਂ
ਬਾਂਗਾਂ ਦਿੰਦੇ, ਸ਼ਹਿਰ, ਸ਼ਹਿਰ, ਦੇਸ਼, ਦੇਸ਼
ਸੰਘ ਪਾੜ, ਪਾੜ, ਡੌਂਡੀ ਪਿੱਟਦੇ ਹੋਏ

ਫਿਰ, ਰਾਤੋ-ਰਾਤ, ਮਾਨ-ਸਨਮਾਨ ਦੀਆਂ
ਤਖਤੀਆਂ ਬਣ ਜਾਣਗੀਆਂ, ਰੰਗ-ਬਰੰਗੇ
ਸਿਰੋਪਿਆਂ ਲਈ, ਲੋਈਆਂ, ਕੰਬਲਾਂ, ਸ਼ਾਲਾਂ, ਫੁਲਕਾਰੀਆਂ ਦੀ
ਸ਼ੁਰੂ ਹੋ ਜਾਏਗੀ ਖਰੀਦੋ-ਫਰੋਖ਼ਤ

ਪ੍ਰਧਾਨਗੀ ਮੰਚਾਂ ਉੱਤੇ ਸਸ਼ੋਬਤ ਹੋਣ ਲਈ
ਮੰਤਰੀ, ਸੰਸਦ ਮੈਂਬਰ, ਬੁੱਢੇ ਜਾਦੂਗਰ, ਜਾਦੂਗਰਨੀਆਂ
ਆਪਣੀਆਂ, ਗਜ਼, ਗਜ਼ ਲੰਬੀਆਂ, ਦਾਹੜੀਆਂ, ਰੇਸ਼ਮੀ ਜ਼ੁਲਫ਼ਾਂ ਨੂੰ
ਮੌਸਮੀਂ ਰੰਗਾਂ ਵਿੱਚ ਰੰਗਣ ਦੀ ਕਾਹਲ ਵਿੱਚ
ਸ਼ਹਿਰ ਦੇ ਬਿਊਟੀ ਪਾਰਲਰਾਂ ਵੱਲ
ਭੱਜੇ ਜਾਂਦੇ ਦਿਖਣਗੇ, ਚਿਹਰਿਆਂ ਉੱਤੇ
ਅਖੌਤੀ ਮੁਸਕਰਾਹਟਾਂ ਪਹਿਣ

ਪਰ, ਇਹ ਖੁੰਭਾਂ ਵਾਂਗੂੰ ਉੱਗੇ ਲੋਕ
ਮੰਚ ਉੱਤੇ ਆ ਕੇ, ਸਮਾਰੋਹਾਂ ਵਿੱਚ
ਆਪਣੇ ਲੰਬੇ, ਲੰਬੇ, ਖੋਖਲੇ, ਅਕਾਊ
ਭਾਸ਼ਨ-ਰੂਪੀ, ਪ੍ਰਵਚਨਾਂ ਵਿੱਚ
ਕਦੀ, ਇਹ ਨਹੀਂ ਕਹਿਣਗੇ :
-ਕਰੋਨਾਵਾਇਰਸ ਨਾਲ ਓਨੇ ਲੋਕ ਨਹੀਂ ਮਰੇ
ਜਿੰਨੇ ਭੁੱਖ ਨਾਲ ਮਰੇ ਸੀ
-ਕਰੋਨਾਵਾਇਰਸ ਸੰਕਟ ਦੀ ਗੱਲ ਕਰਦਿਆਂ ਵੀ

ਰਾਜਨੇਤਾ, ਧਾਰਮਿਕ ਅੰਧਵਿਸ਼ਵਾਸ ਫੈਲਾਉਣ ਵੱਲ ਹੀ ਰੁਚਿਤ ਸੀ
-ਕਰੋਨਾਵਾਇਰਸ ਸੰਕਟ ਦੀ ਗੱਲ ਕਰਦਿਆਂ ਵੀ
ਹਕੂਮਤ, ਜੋਤਿਸ਼ੀਆਂ ਦੀ ਇਸ਼ਤਿਹਾਰਬਾਜ਼ੀ ਕਰਨ ਵਿੱਚ ਹੀ ਰੁੱਝੀ ਹੋਈ ਸੀ
-ਕਰੋਨਾਵਾਇਰਸ ਸੰਕਟ ਦੀ ਗੱਲ ਕਰਦਿਆਂ ਵੀ
ਹਕੂਮਤ, ਮਜ਼ਦੂਰਾਂ, ਕਿਸਾਨਾਂ, ਗਰੀਬਾਂ, ਬੇਘਰਾਂ ਦੇ
ਦੁੱਖਾਂ ਦੀ ਗੱਲ ਕਰਨ ਦੀ ਥਾਂ
ਦੇਵੀਆਂ-ਦੇਵਤਿਆਂ ਦੀ ਪੂਜਾ ਕਰਨ ਲਈ
ਲੋਕਾਂ ਨੂੰ ਪ੍ਰੇਰਿਤ ਕਰ ਰਹੀ ਸੀ

ਜ਼ਰਾ, ਮੌਸਮ ਕਰਵਟ ਲਵੇ
ਤਾਂ, ਸਹੀ-

ਖੁੰਭਾਂ ਵਾਂਗ ਉੱਗ ਆਉਣਗੇ
ਲੇਖਕ, ਬੁੱਧੀਜੀਵੀ, ਪੱਤਰਕਾਰ, ਨਾਟਕਕਾਰ, ਕਲਾਕਾਰ
ਸੜਕਾਂ, ਚੌਰਸਤਿਆਂ, ਬਾਜ਼ਾਰਾਂ, ਘਰਾਂ, ਦਫਤਰਾਂ ਵਿੱਚ
ਬਾਂਗਾਂ ਦਿੰਦੇ, ਥਾਲੀਆਂ ਖੜਕਾਉਂਦੇ, ਸੰਖ ਵਜਾਉਂਦੇ, ਪੂਛਾਂ ਹਿਲਾਉਂਦੇ
ਆਪਣੇ ਆਕਾ ਦੀ
ਜੈ ਜੈ ਕਾਰ ਕਰਦੇ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 5, 2020)

# ਦਰਬਾਰੀ

ਉਨ੍ਹਾਂ ਦੇ ਮੱਥਿਆਂ ਉੱਤੇ, ਤਾਂ
ਲਿਖਿਆ ਹੋਇਆ ਨਹੀਂ ਹੁੰਦਾ
ਪਰ, ਉਨ੍ਹਾਂ ਦੇ ਮੂੰਹਾਂ 'ਚੋਂ ਨਿਕਲਿਆ
ਹਰ ਸ਼ਬਦ, ਭੇਦ ਖੋਲ੍ਹ ਦਿੰਦਾ ਹੈ
ਉਨ੍ਹਾਂ ਦੇ, ਗਲਿਆਂ ਵਿੱਚ ਪਏ ਹੋਏ
ਅਦਿਸ, ਪਟਿਆਂ ਦਾ
ਜਿਨ੍ਹਾਂ ਉੱਤੇ, ਪਰਾ-ਆਧੁਨਿਕ ਤਕਨੀਕਾਂ
ਨਾਲ, ਉੱਕਰਿਆ ਹੁੰਦਾ ਹੈ :
'ਮਾਲਿਕ ਦਾ ਭੌਂਕਾ'

ਉਨ੍ਹਾਂ ਦੇ ਆਕਾ ਦਾ, ਜੇਕਰ
ਹੁਕਮ ਹੋਵੇ-
ਤੁਸੀਂ, ਕਿਸੀ, ਵੀ, ਮਸਲੇ ਬਾਰੇ
-ਨ, ਕੁਝ, ਸੁਨਣਾ ਹੈ
-ਨ, ਕੁਝ, ਦੇਖਣਾ ਹੈ
-ਨ, ਕੁਝ, ਬੋਲਣਾ ਹੈ
ਤਾਂ, ਉਹ, ਟੈਲੀਵੀਜ਼ਨ ਸਕਰੀਨਾਂ ਉੱਤੇ
ਬਾਪੂ ਗਾਂਧੀ ਦੇ ਤਿੰਨ ਬਾਂਦਰਾਂ ਵਾਂਗ
ਅੱਖਾਂ, ਕੰਨਾਂ, ਮੂੰਹਾਂ, ਉੱਤੇ, ਆਪਣੇ
ਹੱਥ ਰੱਖੀ ਬੈਠੇ ਨਜ਼ਰ ਆਉਣਗੇ

ਉਨ੍ਹਾਂ ਦੇ ਆਕਾ ਦਾ, ਜੇਕਰ
ਹੁਕਮ ਹੋਵੇ-
ਤੁਸੀਂ, ਸ਼ਹਿਰ ਵਿੱਚ, ਨਫ਼ਰਤ ਦੇ ਵਾਇਰਸ ਦੇ
ਬੀਜ ਬੀਜਣੇ ਹਨ, ਤਾਂ, ਉਹ
ਆਪਣੀਆਂ, ਲੰਬੀਆਂ, ਲੰਬੀਆਂ, ਪੂਛਾਂ ਨੂੰ
ਅੱਗ ਲਗਾ, ਟੀਵੀ ਸਕਰੀਨਾਂ ਉੱਤੇ
ਗੋਲੀ ਮਾਰੋ, ਗੋਲੀ ਮਾਰੋ, ਗੋਲੀ ਮਾਰੋ
ਤਬਲੀਗੀ, ਤਬਲੀਗੀ, ਤਬਲੀਗੀ, ਤਬਲੀਗੀ
ਦੀ ਦੁਹਾਈ ਦਿੰਦੇ, ਬਾਂਦਰ ਟਪੂਸੀਆਂ
ਮਾਰਦੇ ਨਜ਼ਰ ਆਉਣਗੇ

ਉਨ੍ਹਾਂ ਦੇ ਆਕਾ ਦਾ, ਜੇਕਰ
ਹੁਕਮ ਹੋਵੇ-
ਤੁਸੀਂ, ਬੱਸ, ਬੁੱਧੀਜੀਵੀ, ਚਿੰਤਕ
ਲੇਖਕ ਹੋਣ ਦਾ, ਭਰਮ ਪਾਲਣਾ ਹੈ
ਤਾਂ, ਉਹ, ਪੁਤਲੀਆਂ ਬਣ
ਘਰਾਂ ਦੇ ਤਹਿਖ਼ਾਨਿਆਂ ਵਿੱਚ ਸਿਮਟ
ਫੇਸਬੁੱਕ, ਅਖਬਾਰਾਂ, ਇੰਟਰਨੈੱਟ, ਉੱਤੇ
ਹਕੂਮਤ ਦੇ ਏਲਚੀਆਂ ਦੇ, ਖੁਸ਼ਾਮਦੀ
ਸਿਹਰੇ ਲਿਖੀ ਜਾਣ ਵਿੱਚ
ਮਦ-ਮਸਤ ਹੋ ਜਾਣਗੇ
ਮੋਮਬੱਤੀਆਂ, ਦੀਵੇ, ਬੈਟਰੀਆਂ
ਜਗਾਉਣ ਦੇ, ਹਕੂਮਤੀ, ਆਦੇਸ਼ਾਂ ਦੇ
ਗੁਣ ਗਾਈ ਜਾਣਗੇ
ਥਾਲੀਆਂ, ਸੰਖ, ਵਜਾਉਣ ਦੇ
ਲਾਭ ਗਿਣਾਈ ਜਾਣਗੇ

ਦਰਬਾਰੀ ਹਨ-
ਉਨ੍ਹਾਂ, ਆਪਣੀ
ਪਹਿਚਾਣ, ਤਾਂ, ਦੱਸਣੀ ਹੈ
ਆਪਣੀਆਂ, ਭ੍ਰਿਸ਼ਟ ਹੋ ਚੁੱਕੀਆਂ
ਆਤਮਾਵਾਂ ਦੇ ਭੇਦ, ਤਾਂ
ਖੋਲ੍ਹਣੇ ਹਨ, ਪਿੱਠਾਂ ਪਿੱਛੇ
ਉੱਗ ਆਈਆਂ, ਖੁਸ਼ਾਮਦੀ ਪੂਛਾਂ
ਤਰੰਨੁਮ-ਨੁਮਾ ਅੰਦਾਜ਼ਾਂ 'ਚ
ਹਿਲਾਉਂਦਿਆਂ, ਆਪਣੇ ਹੀ
ਤਨ, ਮਨ, ਨੂੰ
ਆਪਣੇ ਹੀ, ਪੈਰਾਂ ਹੇਠ
ਰੌਂਦਣਾ ਹੈ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 24, 2020)

# ਜਮੂਰਾ

ਉਹ, ਜੋ
ਟੀਵੀ ਪਰਦੇ ਉੱਤੇ
ਬਾਰ, ਬਾਰ, ਦੁਹਰਾ ਰਿਹਾ ਹੈ:
"ਇੱਕ, ਸੰਤ ਮਰ ਗਿਆ ਹੈ
ਦੇਸ਼ ਉਸਦਾ ਫਿਕਰ ਕਰੇ"

ਉਹ, ਜੋ
ਇਸ ਸਭ ਕੁਝ ਤੋਂ
ਬੇਪ੍ਰਵਾਹ ਹੈ :
–ਦੇਸ਼, ਕਰੋਨਾ ਮਹਾਮਾਰੀ ਸੰਕਟ ਨਾਲ
ਜੂਝ ਰਿਹਾ ਹੈ
–ਕਰੋਨਾ ਮਹਾਮਾਰੀ ਸੰਕਟ ਕਾਰਨ
ਸੈਂਕੜੇ ਲੋਕ ਮਾਰੇ ਗਏ ਹਨ
–ਕਰੋਨਾ ਮਹਾਮਾਰੀ ਸੰਕਟ ਕਾਰਨ
ਕਰੋੜਾਂ ਲੋਕ ਭੁੱਖਮਾਰੀ ਦਾ ਸ਼ਿਕਾਰ ਹੋ ਗਏ ਹਨ
–ਕਰੋਨਾ ਮਹਾਮਾਰੀ ਸੰਕਟ ਕਾਰਨ
ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਹਨ
–ਕਰੋਨਾ ਮਹਾਮਾਰੀ ਸੰਕਟ ਕਾਰਨ
ਲੱਖਾਂ ਹੀ ਵਿਉਪਾਰ ਬੰਦ ਹੋ ਗਏ ਹਨ
–ਕਰੋਨਾ ਮਹਾਮਾਰੀ ਸੰਕਟ ਕਾਰਨ
ਹਜ਼ਾਰਾਂ ਸਿਹਤਕਰਮੀ, ਜਾਨਾਂ ਤਲੀ 'ਤੇ ਰੱਖ
ਕਰੋਨਾ ਪੀੜਤਾਂ ਦੀ ਮੱਦਦ ਕਰ ਰਹੇ ਹਨ

ਕਿਸੀ ਸਮੇਂ, ਗੀਤਾਂ ਦੇ
ਪੱਥਰ ਦੇ ਰਿਕਾਰਡ
ਹੋਇਆ ਕਰਦੇ ਸਨ

ਉਨ੍ਹਾਂ ਉੱਤੇ ਚੱਲਦੀ
ਗਰਾਮਾਫੋਨ ਦੀ, ਸੂਈ
ਕਦੀ, ਟੁੱਟ ਜਾਂਦੀ, ਤਾਂ
ਉਹ, ਬਾਰ, ਬਾਰ

ਗੀਤ ਦਾ, ਇੱਕ ਬੋਲ ਹੀ
ਸੁਣਾਈ ਜਾਂਦਾ

ਸ਼ਾਇਦ, ਇਸ
ਟੀਵੀ ਪੱਤਰਕਾਰ ਦੇ
ਦਿਮਾਗ਼ ਵਿੱਚ, ਲੱਗੀ ਸੂਈ
ਵੀ, ਟੁੱਟ ਗਈ ਹੈ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 26, 2020)

# ਕਰੋਨਾ ਦਾ ਡਰ

ਸ਼ਹਿਰ ਵਿੱਚ
ਕਰੋਨਾ ਮਹਾਮਾਰੀ ਦਾ
ਡਰ ਪੈਦਾ ਹੋਣ ਲੱਗਾ, ਤਾਂ
ਸ਼ਾਇਰ, ਚਿੰਤਕ, ਬੁੱਧੀਜੀਵੀ
ਇੱਕ ਦੂਜੇ ਤੋਂ, ਦੂਰੀਆਂ
ਬਨਾਉਣ ਲੱਗੇ

ਅਖਬਾਰਾਂ, ਮੈਗਜ਼ੀਨਾਂ, ਵਿੱਚ
ਕਰੋਨਾ ਮਹਾਮਾਰੀ ਦਾ
ਚਰਚਾ ਹੋਣ ਲੱਗਾ, ਤਾਂ
ਸ਼ਾਇਰ, ਚਿੰਤਕ, ਬੁੱਧੀਜੀਵੀ
ਅਖਬਾਰਾਂ, ਮੈਗਜ਼ੀਨਾਂ, ਤੋਂ
ਦੂਰੀ ਬਨਾਉਣ ਲੱਗੇ

ਫੇਸਬੁੱਕ, ਇੰਟਰਨੈੱਟ, ਉੱਤੇ
ਕਰੋਨਾ ਮਹਾਮਾਰੀ ਬਾਰੇ
ਨਜ਼ਮਾਂ, ਗੀਤ, ਨਿਬੰਧ
ਛਪਣ ਲੱਗੇ, ਤਾਂ
ਸ਼ਾਇਰ, ਚਿੰਤਕ, ਬੁੱਧੀਜੀਵੀ
ਫੇਸਬੁੱਕ, ਇੰਟਰਨੈੱਟ, ਤੋਂ, ਵੀ
ਫਾਸਲਾ ਰੱਖਣ ਲੱਗੇ

ਕਰੋਨਾ, ਇੱਕ
ਅਗਿਆਤ ਸ਼ੈਅ ਹੈ-
ਜਿਸ ਬਾਰੇ, ਕੋਈ ਵੀ
ਕੁਝ ਵੀ ਨਹੀਂ ਜਾਣਦਾ

ਕੀ ਪਤਾ, ਇਹ
ਮੋਬਾਈਲ ਫੋਨਾਂ 'ਚੋਂ
ਨਿਕਲ ਕੇ, ਕਿਸੇ ਨੂੰ
ਜੱਫਾ ਮਾਰ ਲਵੇ

ਇਸ ਏਲੀਅਨ ਦਾ
ਕੀ ਭਰੋਸਾ

■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 28, 2020)

# ਕਵਿਤਾ ਦਾ ਵਿਸਫੋਟ

ਧੜੰਮ ਕਰਕੇ, ਡਿੱਗ ਪਈ ਹੈ
ਕਵਿਤਾ-
ਵਿਸ਼ਵ-ਅਰਥਚਾਰੇ ਵਾਂਗ

ਮਜਬੂਰੀ ਹੈ, ਹੁਣ
ਕੀ ਕਰੇ, ਹਵਾਈ ਉਡਾਣਾਂ ਨਾਲ ਹੀ
ਬੱਝੀ ਹੋਈ ਸੀ, ਤਾੜੀਆਂ ਦੀ
ਗੜਗੜਾਹਟ, ਦਾਰੂ ਦੀਆਂ ਮਹਿਫ਼ਲਾਂ
ਸ਼ਰਧਾਲੂਆਂ ਦੀ ਜੀ ਹਜ਼ੂਰੀ
ਆਵਾਜ਼ ਦਾ ਜਾਦੂ
ਕਵਿਤਾ ਦਾ ਭਰਮ

ਕਵਿਤਾ, ਜੋ
ਵਿਸ਼ਵ-ਅਰਥਚਾਰੇ ਵਾਂਗ
ਪਾਠਕਾਂ, ਸਰੋਤਿਆਂ, ਦਰਸ਼ਕਾਂ, ਦੀਆਂ
ਅੱਖਾਂ 'ਚ ਘੱਟਾ ਪਾਉਂਦੀ ਰਹੀ
ਜ਼ਿਹਨ 'ਚ ਕੂੜਾ-ਕਰਕਟ
ਰੇਡੀਓ, ਟੀਵੀ, ਇੰਟਰਨੈੱਟ, ਪੱਤਰਕਾਵਾਂ
ਦੀਆਂ ਸੁਰਖੀਆਂ ਬਣ, ਬਣ

ਕਵਿਤਾ, ਜੋ
ਦੇਹਾਂ ਦੇ ਜਸ਼ਨ ਤੱਕ ਹੀ
ਸਿਮਟ ਗਈ ਸੀ
ਕਵਿਤਾ, ਜੋ
ਝਾਂਜਰਾਂ ਦੇ ਸ਼ੌਰ ਵਿੱਚ ਹੀ
ਗੁੰਮ ਗਈ ਸੀ
ਕਵਿਤਾ, ਜੋ
ਮੁਸ਼ਹਿਰਿਆਂ ਦੀਆਂ ਤਾੜੀਆਂ
ਵਿੱਚ ਹੀ ਜਿਉਂ ਰਹੀ ਸੀ
ਕਵਿਤਾ, ਜੋ
ਸਿਫਤ, ਸਲਾਹੁਣੀਆਂ, ਲਈ ਹੀ

ਲਿਖੀ ਜਾ ਰਹੀ ਸੀ
ਕਵਿਤਾ, ਜੋ
ਇਨਾਮਾਂ, ਸਨਮਾਨਾਂ, ਕੁਰਸੀਆਂ, ਦੀ ਦੌੜ ਵਿੱਚ
ਮੰਤਰ-ਮੁਗਧ ਹੋ ਗਈ ਸੀ

ਕਰੋਨਾ ਮਹਾਮਾਰੀ ਦੀ
ਇੱਕੋ, ਦਹਿਸ਼ਤ ਨਾਲ ਹੀ
ਫ਼ਰਸ਼ 'ਤੇ, ਡਿੱਗੀ ਪਈ ਹੈ

ਸੁੰਨੇ, ਸੁੰਨੇ, ਰਾਹਾਂ ਉੱਤੇ
ਹੁਣ, ਇਸ ਕਵਿਤਾ ਦੀ
ਕਿਤੇ ਵੀ, ਕੋਈ
ਪੈੜ ਨਹੀਂ ਦਿਖਦੀ
ਹੁਣ, ਇਸ ਕਵਿਤਾ ਨੂੰ
ਸੁੰਨੇ, ਸੁੰਨੇ, ਰਾਹਾਂ ਉੱਤੇ
ਕੋਈ ਵੀ, ਕਿਸੀ ਦੀ ਵੀ
ਪੈੜ ਨਹੀਂ ਦਿਖਦੀ
■

(ਅੰਬਾਲਾ ਛਾਉਣੀ, ਇੰਡੀਆ, ਮਈ 6, 2020)

# ਅੰਦਾਜ਼

ਨਵੇਂ ਸਮਿਆਂ ਦੇ
ਅੰਦਾਜ਼ ਵੀ ਨਵੇਂ ਹਨ-

ਹੁਣ, ਲੋਕ
ਧਰਮ ਕਹਿਕੇ
ਰਾਜਨੀਤੀ ਦਾ ਪ੍ਰਚਾਰ ਕਰ ਜਾਂਦੇ ਹਨ
ਰਾਜਨੀਤੀ ਕਹਿਕੇ
ਧਾਰਮਿਕ ਅੰਧਵਿਸ਼ਵਾਸ ਦਾ

ਹੁਣ, ਨੇਤਾ
ਰੌਸ਼ਨੀ ਕਹਿਕੇ
ਹਨ੍ਹੇਰਾ ਕਰ ਜਾਂਦੇ ਹਨ
ਕਲਿਆਣ ਕਹਿਕੇ
ਲੋਕਾਂ ਦੀ ਬਰਬਾਦੀ

ਹੁਣ, ਟੀਵੀ ਐਂਕਰ
ਅਮਨ ਕਹਿਕੇ
ਦਹਿਸ਼ਤ ਫੈਲਾਅ ਜਾਂਦੇ ਹਨ
ਦੇਸ਼ ਭਗਤੀ ਕਹਿਕੇ
ਫਿਰਕੂ ਨਫ਼ਰਤ ਦੀ ਜ਼ਹਿਰ

ਹੁਣ, ਪੱਤਰਕਾਰ
ਤਾਰੀਫ ਕਹਿਕੇ
ਚਮਚਾਗੀਰੀ ਕਰ ਜਾਂਦੇ ਹਨ
ਸੇਵਾ ਕਹਿਕੇ
ਜਨਤਾ ਦੀ ਆਰਥਿਕ ਲੁੱਟ

ਹੁਣ, ਧਰਮੀ ਆਗੂ
ਕਲਿਆਣ ਕਹਿਕੇ
ਬਲਾਤਕਾਰ ਕਰ ਜਾਂਦੇ ਹਨ
ਆਤਮਿਕ ਸ਼ਾਂਤੀ ਕਹਿਕੇ

## ਜਿਸਮਾਂ ਉੱਤੇ ਕਬਜ਼ਾ

ਹੁਣ, ਮੰਤਰੀ
ਸੁਰੱਖਿਆ ਸੌਦਾ ਕਹਿਕੇ
ਦਲਾਲੀ ਕਰ ਜਾਂਦੇ ਹਨ
ਜਨ-ਮਾਲ ਦੀ ਰਾਖੀ ਕਹਿਕੇ
ਲੋਕਾਂ ਵਿੱਚ ਭੁੱਖ-ਨੰਗ ਦਾ ਪਾਸਾਰ

ਹੁਣ, ਦੇਸ਼
ਖ਼ੁਦ ਨੂੰ ਸੁਪਰਪਾਵਰ ਇੱਕ ਕਹਿਕੇ
ਹਰ ਜਗ੍ਹਾ ਗੁੰਡਾਗਰਦੀ ਕਰ ਜਾਂਦੇ ਹਨ
ਕਰੋਨਾਵਾਇਰਸ ਨੂੰ, ਮਹਿਜ਼, ਫਲੂ ਕਹਿਕੇ
ਹਜ਼ਾਰਾਂ ਦੇਸਵਾਸੀਆਂ ਨੂੰ ਮਰਵਾ ਲੈਂਦੇ ਹਨ
ਨਵੇਂ ਸਮਿਆਂ ਦੇ
ਅੰਦਾਜ਼ ਵੀ ਨਵੇਂ ਹਨ-

ਜ਼ਰਾ ! ਬਚ ਕੇ ਰਹੋ
ਹਰ ਗਲੀ, ਹਰ ਮੋੜ
ਹਰ ਪਿੰਡ, ਹਰ ਸ਼ਹਿਰ
■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 23, 2020)

# ਜਿਉਣ ਦਾ ਸਲੀਕਾ
# ਸਿੱਖ ਰਹੀ ਕਵਿਤਾ

ਮਹਾਮਾਰੀ ਦੇ ਇਸ ਦੌਰ 'ਚ
ਜਿਉਣ ਦੇ, ਸਭ ਅੰਦਾਜ਼
ਬਦਲ ਰਹੇ ਹਨ-

ਮਨਾਂ ਦੇ ਫਾਸਲੇ ਹੀ, ਪਹਿਲਾਂ
ਰਾਹ ਰੋਕਦੇ ਸਨ, ਹੁਣ, ਤਾਂ
ਤਨਾਂ ਦੇ ਫਾਸਲੇ ਵੀ, ਸਮੇਂ ਦਾ
ਦਸਤੂਰ ਬਣਦੇ ਜਾ ਰਹੇ

ਜ਼ਾਤ-ਪਾਤ, ਊਚ-ਨੀਚ, ਗੋਰਾ-ਕਾਲਾ
ਮਨਾਂ ਦੇ ਇਹ ਫਾਸਲੇ, ਤਾਂ
ਸਦੀਆਂ ਤੋਂ, ਸਾਥੋਂ
ਤਹਿ ਨ ਕਰ ਹੋਏ-
ਹੁਣ, ਤਾਂ, ਹਰ ਤਨ ਤੋਂ ਵੀ
ਦੂਰੀ ਬਣਾ ਕੇ ਰੱਖਣ ਦਾ
ਅੰਦਾਜ਼ ਸਿੱਖ ਰਿਹਾ ਜਾਪਦਾ
ਹਰ ਕੋਈ, ਜਿਵੇਂ

ਫਿਰਕੂ ਨਫ਼ਰਤ ਦੇ ਵਾਇਰਸ ਦਾ
ਇੱਕ ਲੰਬਾ ਇਤਿਹਾਸ ਹੈ-

ਮਾਨਵਤਾ ਨੇ ਜਦ ਵੀ, ਕਾਲੀ ਮੌਤ, ਹੈਜ਼ਾ, ਏਡਜ਼
ਪਲੇਗ਼ ਜਿਹੀ, ਕਿਸੀ, ਮਹਾਮਾਰੀ ਦਾ ਸਾਹਮਣਾ ਕੀਤਾ
ਸੱਤਾਧਾਰੀਆਂ, ਅਮੀਰ ਵਰਗ ਨੇ
ਇਸ ਦਾ ਠੀਕਰਾ ਗੁਰਬਤ ਵਿੱਚ ਪਲ ਰਹੇ
ਲੋਕਾਂ ਸਿਰ ਭੰਨਿਆ, ਝੁੱਗੀਆਂ, ਝੌਂਪੜੀਆਂ
ਨੂੰ ਫੂਕ ਸਵਾਹ ਕੀਤਾ, ਘੱਟ ਗਿਣਤੀਆਂ
ਨੂੰ ਸੂਲੀ ਟੰਗਿਆ, ਬਦਨਾਮ ਕੀਤਾ

ਕਰੋਨਾ ਮਹਾਮਾਰੀ ਨੇ ਹਿੰਦੁਸਤਾਨ ‘ਚ
ਜਦ, ਦਸਤਕ ਦਿੱਤੀ, ਮੁੱਖਧਾਰਾ ਨੇ
ਫਿਰਕੂ ਨਫ਼ਰਤ ਦੇ ਵਾਇਰਸ ਦਾ ਮਾਰ
ਫੁੰਕਾਰਾ, ਘੱਟ ਗਿਣਤੀਆਂ ਦੇ ਸਭ
ਮਜ਼ਦੂਰਾਂ, ਫਲ ਵੇਚਣ ਵਾਲਿਆਂ
ਰੇਹੜੀ ਚਾਲਕਾਂ ਨੂੰ, ਇਸ ਮਹਾਮਾਰੀ ਦੇ
ਫੈਲਾਓ ਦੀ, ਕਿਸੀ ਡੂੰਘੀ
ਅੰਤਰ-ਰਾਸ਼ਟਰੀ ਸਾਜ਼ਿਸ਼ ਦੇ
ਪੁਰਜੇ ਕਹਿ ਦਿੱਤਾ-
‘ਗੋਲੀ ਮਾਰੋ, ਏਨ੍ਹਾਂ ਗੱਦਾਰਾਂ ਨੂੰ’
ਲੱਗਦੇ ਹੱਥ ਹੀ, ਫਿਰਕੂ-ਜ਼ਹਿਨੀਅਤ ਨੇ
ਦੇਸ ਵਾਸੀਆਂ ਨੂੰ, ਮਸ਼ਵਰਾ ਦੇ ਦਿੱਤਾ

ਬਗਲੇ ਭਗਤਾਂ ਵਰਗੇ
ਦੁੱਧ ਧੋਤੇ ਬਾਣੇ ਪਾ
ਟੀਵੀ ਪਰਦੇ ਉੱਤੇ ਬੈਠੇ, ਨੇਤਾ
ਬੈਂਕ ਘੋਟਾਲੇ ਕਰਨ ਵਾਲਿਆਂ
ਨਾਲ, ਜਿਨ੍ਹਾਂ ਦੀ ਗੂੜ੍ਹੀ ਯਾਰੀ
ਰਾਹਤ ਪੈਕੇਜਾਂ ਦਾ, ਜੋ
ਨਿੱਤ, ਐਲਾਨ ਕਰ ਰਹੇ-
ਸੜਕਾਂ ਉੱਤੇ, ਮੀਲੋ ਮੀਲ
ਤੁਰੇ ਜਾ ਰਹੇ, ਨੰਗੇ-ਪੈਰੀਂ
ਥੱਕੇ-ਟੁੱਟੇ, ਬੇਆਸਰਾ, ਭੁੱਖੇ-ਪਿਆਸੇ
ਨੈਣਾਂ ਤੋਂ ਨੀਰ ਵਹਾਂਦੇ
ਗਰੀਬਾਂ, ਮਜ਼ਦੂਰਾਂ, ਮਜ਼ਬੂਰਾਂ ਦੀ
ਜ਼ਿੰਦਗੀ ਨਾਲ ਵੀ, ਕੀ
ਕੋਈ ਰਿਸ਼ਤਾ ਜੁੜਦਾ, ਇਸ
ਰਾਹਤ ਦਾ, ਸੱਤਾ ਦੀਆਂ
ਸ਼ੈਤਾਨੀ ਨਜ਼ਰਾਂ ਵਿੱਚ
ਸ਼ਾਇਦ, ਇਹ ਤਾਂ
ਨਾਲੀ ਦੇ ਕੀੜਿਆਂ ਤੋਂ ਵੱਧ
ਕੁਝ ਵੀ ਨਹੀਂ, ਜਿਹੜੇ

ਸੱਤਾ ਦੇ ਬਗਲੇ ਭਗਤਾਂ ਦਾ

ਪ੍ਰਵਚਨ ਸੁਣਾਂ, ਜਦ
ਮੈਨੂੰ ਜਾਪੇ, ਅਲੀ ਬਾਬਾ ਦੇ
ਚਾਲੀ ਚੋਰਾਂ ਦੀ ਕਥਾ ਜਾਂ
ਪੰਚਤੰਤਰ ਦੀਆਂ ਕਹਾਣੀਆਂ ਦਾ
ਕੋਈ ਪਾਠ ਕਰ ਰਿਹਾ ਹੋਵੇ
ਮੇਰੇ ਸਾਹਵੇਂ–

ਕਦੀ ਜਾਪਦਾ, ਹੁਣੇ
ਹਨੂੰਮਾਨ ਦੇਵਤਾ, ਹੱਥਾਂ ਉੱਤੇ
ਸੰਜੀਵਨੀ ਬੂਟੀ ਵਾਲਾ, ਪਹਾੜ
ਚੁੱਕੀ ਆਵੇਗਾ–
ਮੀਲਾਂ ਲੰਬੇ ਰਾਹਾਂ ਉੱਤੇ ਚੱਲ ਚੱਲ
ਮਜ਼ਦੂਰਾਂ, ਮਜਬੂਰਾਂ, ਦੇ ਜ਼ਖਮੀ ਹੋਏ
ਪੈਰਾਂ ਉੱਤੇ ਮੱਲ੍ਹਮ ਲਾਵੇਗਾ

ਪਰ, ਕੋਈ ਨਹੀਂ ਆਇਆ
ਉਨ੍ਹਾਂ ਦੀ, ਮੱਦਦ ਲਈ–

ਭਾਵੇਂ, ਉਨ੍ਹਾਂ
33 ਕਰੋੜ ਦੇਵਤਿਆਂ ਅੱਗੇ ਵੀ
ਕੀਤੀਆਂ ਹੋਣੀਆਂ ਲੱਖ ਅਰਜ਼ੋਈਆਂ
ਬਹੁਤ ਦੀਵੇ ਜਗਾਏ, ਮੋਮਬੱਤੀਆਂ ਜਗਾਈਆਂ
ਬਹੁਤ ਸੰਖ ਵਜਾਏ, ਥਾਲੀਆਂ ਵਜਾਈਆਂ

ਪਤਾ ਨਹੀਂ ਕਿਉਂ
ਇਹ ਸਭ ਦੇਵਤੇ ਵੀ
ਕੁੰਭਕਰਨੀ ਨੀਂਦ ਸੁੱਤੇ ਰਹੇ
ਸੁਣ ਕੇ ਚੀਕਾਂ, ਹੌਕੇ
ਛਾਲਿਆਂ ਨਾਲ ਭਰੇ ਪੈਰਾਂ
ਸੰਗ ਤੁਰਦੇ, ਨਿੱਕੇ ਨਿੱਕੇ
ਬਾਲ ਵਿਚਾਰੇ, ਸੱਤਾ ਦੀ
ਬੇਰਹਿਮੀ ਦੇ ਦੇਖੋ ਕਾਰੇ

ਕੱਲ੍ਹ ਤੱਕ, ਤਾਂ, ਬਗਲੇ ਭਗਤਾਂ ਤੋਂ

ਸੁਣਦੇ ਸਾਂ-
ਖਾਲਿਸਤਾਨੀ, ਕਸ਼ਮੀਰੀ, ਨਾਗਾਲੈਂਡੀ
ਆਪਣੇ, ਆਪਣੇ, ਵੱਖਰੇ ਦੇਸ਼ ਦਾ
ਨਾਹਰਾ ਲਾਂਦੇ ਹਨ, ਹੁਣ, ਦੇਖੋ
ਸਮਿਆਂ ਦਾ ਕੀ ਫੇਰ ਹੈ-
ਹਿੰਦੁਸਤਾਨ ਦੇ ਹਰ ਸੂਬੇ ਨੇ
ਆਪਣੇ ਸੂਬੇ ਦੀ ਸਰਹੱਦ ਉੱਤੇ
ਹਥਿਆਰਬੰਦ ਪੁਲਿਸ ਦਾ, ਪਹਿਰਾ ਲਾ ਕੇ
ਆਪਣੇ ਗਵਾਂਢੀ ਸੂਬੇ ਨਾਲੋਂ
ਸਬੰਧ ਤੋੜ ਲਏ ਹਨ
ਜਿਵੇਂ, ਕਿਤੇ, ਹਿੰਦੁਸਤਾਨ-ਪਾਕਿਸਤਾਨ
ਦੋ, ਵੱਖੋ-ਵੱਖ, ਦੇਸ਼ਾਂ ਦੀ
ਅੰਤਰਰਾਸ਼ਟਰੀ ਸਰਹੱਦ
ਹੋਵੇ, ਇਹ ਕੋਈ

ਅੱਜ ਦਾ ਟੈਲੀਵੀਜ਼ਨ ਐਂਕਰ, ਹਰ ਗੱਲ
ਸਨਸਨੀਖੇਜ਼ ਬਣਾ ਕੇ ਵੇਚੇ, ਭਾਵੇਂ
ਦੋ ਧਰਮੀ ਸੰਤਾਂ ਦੇ, ਕਤਲ ਦਾ ਹੋਵੇ ਮਸਲਾ
ਭਾਵੇਂ, ਵਿਸ਼ਵ ਰਾਜਨੀਤੀ ਵਿੱਚ ਹੋਵੇ
ਕਰੋਨਾ ਮਹਾਮਾਰੀ ਨੂੰ ਲੈ ਕੇ ਚੱਲ ਰਹੀ
ਠੰਡੀ ਜੰਗ 'ਚ ਤੂੰ, ਤੂੰ, ਮੈਂ, ਮੈਂ, ਚੁੰਝ-ਚਰਚਾ-
ਪੂੰਜੀਵਾਦ ਅਮਰੀਕਾ, ਯੂ.ਕੇ., ਫਰਾਂਸ, ਜਰਮਨੀ
ਵਿਸ਼ਵ ਮੰਡੀ 'ਚ, ਆਪਣਾ
ਘਟਦਾ ਜਾਂਦਾ ਦਬਦਬਾ ਤੱਕ, ਬੌਖਲਾਹਟ ਵਿੱਚ
ਚੀਨ ਨੂੰ, ਹਰ ਗੱਲ ਲਈ, ਦੇਣ ਧਮਕੀਆਂ
ਮੀਡੀਆ ਨੂੰ ਵੀ, ਜਿਵੇਂ
ਕੋਈ ਖੇਡ ਲੱਭ ਪਵੇ, ਉਹ ਵੀ
ਇਸ ਚੁੰਝ-ਚਰਚਾ ਨੂੰ, ਨਿੱਤ
ਤੀਜੇ ਵਿਸ਼ਵ-ਯੁੱਧ ਦੀ
ਤਿਆਰੀ ਕਹਿ, ਕਹਿ, ਚਸਕਾ
ਲੈ, ਲੈ, ਪੇਸ਼ ਕਰ ਰਹੇ

ਪਰ, ਇਸ ਘਾਤਕ ਮਹਾਮਾਰੀ ਨੇ
ਮਾਨਵ ਨੂੰ, ਕੁਝ ਤਾਂ

ਚੰਗਾ ਵੀ ਦਿੱਤਾ ਹੈ-

ਪਰਾ-ਆਧੁਨਿਕ ਸਮਿਆਂ ਦੇ
ਵਿਕਾਸ ਦੀ ਦਹਿਸ਼ਤ ਦੇ ਝੰਭੇ, ਪੰਛੀ
ਜੋ, ਜੰਗਲਾਂ ਨੂੰ ਭੱਜ
ਤੁਰੇ ਸਨ, ਫਿਰ
ਆਪਣੀ ਮਰਿਆਦਾ ਵਿੱਚ ਬੱਝੇ
ਘਰਾਂ ਦੇ ਵਿਹੜਿਆਂ ਵਿੱਚ
ਰਾਗ ਅਲਾਪ ਰਹੇ ਹਨ
ਰੁੱਖਾਂ ਨਾਲ, ਆਪਣੇ
ਮੁੱਢ-ਕਦੀਮੀ, ਰਿਸ਼ਤਿਆਂ ਦੀ
ਗਹਿਰਾਈ ਨਾਪ ਰਹੇ ਹਨ

ਮਹਾਮਾਰੀ ਦਾ ਦੌਰ ਹੈ ਇਹ
ਜਿਉਣ ਦਾ, ਅਜੇ
ਸਲੀਕਾ ਸਿੱਖ ਰਹੀ ਹੈ
ਕਵਿਤਾ-
-ਮੇਰੇ ਵਾਂਗੂੰ
-ਤੁਹਾਡੇ ਵਾਂਗੂੰ
-ਸਭਨਾਂ ਵਾਂਗੂੰ
■
(ਅੰਬਾਲਾ ਛਾਉਣੀ, ਇੰਡੀਆ, ਮਈ 16, 2020)

# ਡਾਇਰੀ ਦੇ ਪੰਨੇ

1.
ਆਮ ਆਦਮੀ ਬੋਲਿਆ :
ਲੌਕਡਾਊਨ ਪਵੇ
ਢੱਠੇ ਖੂਹ ਵਿੱਚ-
ਦੇਸ਼ ਦੇ ਮਦਾਰੀ ਲਈ
ਕੋਈ ਥਾਂ ਨ ਰਹੀ
ਹੁਣ, ਮੇਰੀ ਰੂਹ ਵਿੱਚ

2.
ਮਜ਼ਦੂਰ ਬੋਲਿਆ :
ਰੋਲ ਦਿੱਤਾ, ਮੈਨੂੰ
ਇਨ੍ਹਾਂ, ਮਿੱਟੀ ਵਿੱਚ
ਲੌਕਡਾਊਨ ਲਗਾਉਣ ਵਾਲਿਆਂ-
ਦੇਸ਼ ਨੂੰ, ਆਪਣੀ
ਨਿੱਜੀ, ਜਾਇਦਾਦ ਸਮਝ
ਲੁਟੇਰਿਆਂ ਦਿਆਂ ਟੋਲਿਆਂ
ਇੱਕ ਦਿਨ, ਮੇਰਾ
ਡੁੱਲ੍ਹਿਆ ਲਹੂ ਵੀ
ਰੰਗ ਲਿਆਏਗਾ
ਕਾਤਲਾਂ ਦਾ ਇਹ ਟੋਲਾ
ਜਦੋਂ, ਆਪਣੇ ਹੀ
ਲਹੂ ਵਿੱਚ, ਗੋਤੇ
ਖਾਏਗਾ

3.
ਔਰਤ ਬੋਲੀ :
ਆਪਣੇ ਲਹੂ ਨਾਲ
ਲੋਕ-ਏਕਤਾ ਦੀਆਂ, ਹੁਣ
ਮਿਸ਼ਾਲਾਂ ਵੀ ਜਗਾਵਾਂਗੇ-
ਦੇਸ਼ ਦੀ ਆਰਥਿਕਤਾ ਦਾ
ਪਹੀਆ ਜਾਮ ਕਰਨ ਵਾਲਿਆ

ਆਉਣ ਦੇ ਸਹੀ ਵੇਲਾ
ਤੇਰੇ ਸਿਰ ਵਿੱਚ, ਅਸੀਂ
ਸੱਤਾਂ ਚੁੱਲ੍ਹਿਆਂ ਦੀ
ਸਵਾਹ ਪਾਵਾਂਗੇ

4.
ਬਾਬਾ ਬੋਲਿਆ :
ਅੱਗ ਲਾਈ
ਡੱਬੂ ਕੰਧ 'ਤੇ-
ਜਿਹੜੇ, ਦੁਨੀਆਂ ਦੇ
ਚੱਪੇ, ਚੱਪੇ, ਉੱਤੇ
ਨਿੱਤ, ਕਰਦੇ ਸੀ
ਸ਼ਰਾਰਤਾਂ, ਹੁਣ
ਕਿਉਂ, ਉਨ੍ਹਾਂ ਤੋਂ
ਆਪਣੇ, ਨਿਊਯਾਰਕ ਜਿਹੇ
ਮਹਾਂ-ਨਗਰ ਵੀ ਕਬਰਸਤਾਨ
ਬਨਣ ਤੋਂ, ਕਿਉਂ
ਰੋਕੇ ਨਹੀਂ ਜਾ ਰਹੇ
ਆਪਣੇ, ਜੇਕਰ
ਘਰ ਅੱਗ ਲੱਗੇ
ਤਾਂ, ਲੋਕ ਕਹਿੰਦੇ
ਅੱਗ ਲੱਗੀ, ਪਰ
ਦੂਜੇ ਦੇ ਘਰ ਲੱਗੀ
ਅੱਗ ਵੀ ਬਸੰਤਰ ਹੁੰਦੀ
ਇਹ ਸਭ, ਦੇਖੋ
ਸਮਿਆਂ ਦਾ ਗੇੜ ਹੈ

5.
ਅਮੀਰ ਆਦਮੀ ਬੋਲਿਆ :
ਮੁੜ, ਮੁੜ, ਆਵੇ
ਲੌਕਡਾਊਨ, ਮੇਰੇ ਦੇਸ਼ ਵਿੱਚ-
ਦੇਸ਼ ਨੂੰ ਲੁੱਟਣ ਦਾ
ਮੌਕਾ ਦੇਵੇ, ਸੱਤਾ ਸਾਨੂੰ
ਮੁੜ, ਮੁੜ, ਦੇਸ਼ ਵਿੱਚ ■(ਅੰਬਾਲਾ ਛਾਉਣੀ, ਇੰਡੀਆ, ਮਈ 17,

# ਤੀਸਰਾ ਮਹਾਂ-ਯੁੱਧ

ਨਵੇਂ ਸਮਿਆਂ ਵਿੱਚ
ਯੁੱਧ ਲੜਨ ਦੇ
ਤੌਰ-ਤਰੀਕੇ ਵੀ
ਬਦਲ ਗਏ ਹਨ

ਹੁਣ, ਹਿਟਲਰ ਦੀਆਂ
ਵਿਸ਼ਵ-ਸ਼ਕਤੀ ਬਨਣ ਦੀਆਂ
ਇਛਾਵਾਂ ਰੱਖਦੀਆਂ, ਨਾਜ਼ੀ ਫ਼ੌਜਾਂ ਦੇ
ਹਵਾਈ ਹਮਲਿਆਂ, ਕੰਨਸਨਟਰੇਸ਼ਨ ਕੈਂਪਾਂ ਦਾ
ਕਿਸੀ ਨੂੰ, ਡਰ ਨਹੀਂ-
ਨ, ਹੀ, ਅਮਰੀਕਾ ਦੇ
ਐਟਮ ਬੰਬਾਂ ਵੱਲੋਂ ਹੀ
ਹੀਰੋਸ਼ੀਮਾ, ਨਾਗਾਸਾਕੀ, ਜਿਹੇ
ਸ਼ਹਿਰਾਂ ਉੱਤੇ, ਮੌਤ-ਰੂਪੀ
ਰੇਡੀਅਮ ਕਿਰਨਾਂ ਦੀ, ਬਰਸਾਤ
ਹੋਣ ਦਾ ਹੀ ਕੋਈ ਡਰ

ਹੁਣ, ਨੈਟੋ ਫੌਜੀ ਗੱਠਜੋੜ
ਰੂਸ ਨੂੰ, ਚੁਣੌਤੀ ਦੇਣ ਲਈ
ਯੌਰਪ ਵਿੱਚ, ਮਿਜ਼ਾਈਲਾਂ ਵੀ
ਨਹੀਂ ਬੀੜੇਗਾ-
ਨ, ਹੀ, ਰੂਸ ਅਮਰੀਕਾ ਨੂੰ
ਲਲਕਾਰਣ ਲਈ, ਕਿਊਬਾ ਵਿੱਚ ਹੀ
ਮਿਜ਼ਾਈਲੀ ਅੱਡਿਆਂ ਦੀ
ਉਸਾਰੀ ਕਰੇਗਾ

ਹੁਣ, ਪੂੰਜੀਵਾਦ ਵੀ
ਵਿਸ਼ਵ-ਸ਼ਕਤੀ ਹਾਸਿਲ ਕਰਨ ਖਾਤਿਰ
ਦੇਸ-ਵਿਦੇਸ਼ ਦੇ, ਸੰਚਾਰ ਮਾਧਿਅਮਾਂ ਰਾਹੀਂ
ਲੋਕ-ਮਾਨਸਿਕਤਾ ਵਿੱਚ, ਕੰਨਜ਼ੀਊਮਰ ਕਲਚਰ ਦੇ
ਬੀਜ ਬੀਜਣ ਵਾਸਤੇ, ਗਲੋਬਲੀਕਰਨ ਦਾ

ਪਾਸਾਰ ਨਹੀਂ ਕਰੇਗਾ-
ਨ, ਹੀ, ਮਾਓਵਾਦੀਆਂ ਵੱਲੋਂ ਹੀ
ਇਨਕਲਾਬ ਲਿਆਉਣ ਲਈ, ਸਭਿਆਚਾਰਕ ਕ੍ਰਾਂਤੀ
ਨਾਮ ਹੇਠ, ਆਪਣੇ ਵਿਰੋਧੀਆਂ ਦੇ
ਸਿਰ ਕਲਮ ਕੀਤੇ ਜਾਣਗੇ

ਹੁਣ, ਵਿਸ਼ਵ-ਆਰਥਿਕਤਾ ਨੂੰ
ਆਪਣੀ, ਮੁੱਠੀ 'ਚ ਘੁੱਟ ਲੈਣ ਦੀਆਂ
ਡੋਨਲਡ ਟਰੰਪੀ, ਅੰਤਰੀਵ ਇਛਾਵਾਂ ਦਾ
ਟੈਰਿਫ-ਰੂਪੀ, ਭੈਅ ਵੀ
ਨਹੀਂ ਰਹੇਗਾ-
ਨ, ਹੀ, ਹੈਕਰਾਂ ਵੱਲੋਂ
ਕਿਸੇ ਦੇਸ਼ ਦੀਆਂ, ਸਰਕਾਰੀ ਵੈੱਬ ਸਾਈਟਾਂ
ਮੈਗਾ ਕਾਰਪੋਰੇਸ਼ਨਾਂ ਦੇ ਡੈਟਾ ਬੈਂਕਾਂ ਵਿੱਚ
ਸੰਨ੍ਹ ਲਗਾਏ ਜਾਣ ਦਾ ਹੀ
ਕੋਈ ਡਰ ਹੋਵੇਗਾ

ਨਵੇਂ ਸਮਿਆਂ ਵਿੱਚ
ਯੁੱਧ ਲੜਨ ਦੇ
ਤੌਰ-ਤਰੀਕੇ ਵੀ
ਬਦਲ ਗਏ ਹਨ

ਹੁਣ, ਤਾਂ, ਲੋਕ
ਚੁੱਪ-ਚੁਪੀਤੇ, ਇੱਕ
ਨਿੱਕਾ ਜਿਹਾ, ਕੀਟਾਣੂੰ
ਹਵਾ ਵਿੱਚ
ਉਡਾ ਦਿੰਦੇ ਹਨ

ਦੇਖਦੇ, ਦੇਖਦੇ
ਹਰ ਪਿੰਡ, ਹਰ ਸ਼ਹਿਰ, ਹਰ ਦੇਸ਼
ਹਫੜਾ ਦੱਫੜੀ ਮੱਚ ਜਾਂਦੀ ਹੈ-

ਵੱਡੇ, ਵੱਡੇ, ਆਰਥਿਕ ਢਾਂਚੇ
ਸਮਾਜਿਕ ਤਾਣੇ-ਬਾਣੇ

ਸੰਚਾਰ ਪ੍ਰਣਾਲੀਆਂ
ਹਵਾਈ, ਰੇਲਵੇ, ਬੱਸ ਸੇਵਾ ਸਿਸਟਮ
ਕੱਖਾਂ-ਕਾਨਿਆਂ ਦੀਆਂ
ਝੌਂਪੜੀਆਂ ਵਾਂਗ, ਢਹਿ-ਢੇਰੀ
ਹੋ ਜਾਂਦੇ ਹਨ

ਹਸਪਤਾਲ, ਕਬਰਸਤਾਨਾਂ ਵਿੱਚ
ਬਦਲ ਜਾਂਦੇ ਹਨ
ਦਿਨ-ਰਾਤ, ਮੇਲਿਆਂ ਵਾਂਗ
ਰੌਣਕਾਂ ਭਰੀਆਂ, ਰੈਸਟੋਰੈਂਟ, ਬਾਰ, ਕੌਫ਼ੀ ਕਾਰਨਰ
ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਕਬਰਾਂ ਵਰਗੀ, ਸੁੰਨ-ਮਸਾਨ
ਚੁੱਪ ਪਸਰ ਜਾਂਦੀ ਹੈ

ਮਾਵਾਂ, ਬੱਚਿਆਂ ਨੂੰ
ਡਰਾਉਣ ਲਈ, ਆਖਦੀਆਂ ਹਨ :
"ਬੱਚਾ, ਬਾਹਰ ਨ ਜਾਵੀਂ
ਕਰੋਨਾ ਫੜ ਕੇ ਲੈ ਜਾਵੇਗਾ"

ਨ, ਤਾਂ, ਕਿਸੇ ਨੇ
ਸ਼ਹਿਰ ਵਿੱਚ, ਬਲਿਸਟਿਕ ਮਿਜ਼ਾਈਲਾਂ ਹੀ
ਡਿੱਗਦੀਆਂ ਦੇਖੀਆਂ
ਨ, ਹੀ, ਕੋਈ
ਐਟਮ ਬੰਬ ਹੀ

ਪਰ, ਫਿਰ ਵੀ
ਪਤਾ ਨਹੀਂ, ਕਿਉਂ
ਹਰ ਕੋਈ, ਹੌਲੀ ਜਿਹੀ
ਚੁਗਲੀ ਕਰਨ ਵਾਂਗ
ਇੱਕ ਦੂਜੇ ਤੋਂ, ਪੁੱਛ ਰਿਹਾ
ਜਾਪਦਾ ਹੈ :
"ਇਹ ਤੀਸਰਾ ਮਹਾਂ-ਯੁੱਧ
ਕਿਸਨੇ, ਕਿਉਂ, ਛੇੜਿਆ ਹੈ"
■ (ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 27, 2020)

# ਅਸ਼ੀਰਵਾਦ

ਕਵੀ ਨੂੰ, ਬੇਸਬਰੀ ਨਾਲ
ਉਡੀਕ ਹੈ-
ਮਹਾਮਾਰੀ ਦਾ
ਅੰਤ ਹੋਣ ਵਾਲਾ ਹੈ

ਉਹ, ਅੱਠੇ ਪਹਿਰ
ਇਨ੍ਹਾਂ ਸ਼ਬਦਾਂ ਨੂੰ
ਚਿਤਵਦਾ ਹੈ :

'ਮੰਤਰੀ ਜੀ, ਅਹਿ ਲਵੋ
ਮੇਰੀਆਂ ਕਵਿਤਾਵਾਂ ਦੀ
ਨਵੀਂ ਕਿਤਾਬ, ਆਪਣੇ
ਸ਼ੁਭ ਹੱਥਾਂ ਨਾਲ, ਛੋਹ ਕੇ
ਇਨ੍ਹਾਂ ਕਵਿਤਾਵਾਂ ਨੂੰ
ਜਿਓਣ ਜੋਗਾ ਕਰ ਦਿਓ-
ਜਿਵੇਂ, ਤੁਸੀਂ-
ਮਹਾਮਾਰੀ ਨਾਲ ਪੀੜਤ, ਹਰ
ਸ਼ਹਿਰਵਾਸੀ ਨੂੰ, ਆਪਣੀ
ਤਸਵੀਰ ਵਾਲੀ, ਆਟੇ ਦੀ ਬੋਰੀ
ਭੀਖ ਵਜੋਂ, ਦੇਣ ਵੇਲੇ
ਟੀਵੀ ਕੈਮਰਿਆਂ ਸਾਹਮਣੇ
ਮੁਸਕਰਾ ਕੇ, ਅਸ਼ੀਰਵਾਦ
ਦਿੰਦੇ ਹੋ'

ਫਿਰ, ਜਿਵੇਂ
ਕੋਈ, ਗ਼ੈਬੀ ਆਵਾਜ਼
ਉਸਦੇ, ਕੰਨਾਂ 'ਚ
ਗੂੰਜਦੀ ਹੈ :

'ਸੰਕਟ ਦਾ ਸਮਾਂ ਹੈ
ਕਾਹਲੇ ਨ ਪਵੋ-

ਟੀਵੀ ਪਰਦੇ ਉੱਤੇ, ਨਿੱਤ
ਪੇਸ਼ ਹੋਣ ਵਾਲੇ, ਕਾਲ ਚੱਕਰ ਦੇ
ਮਹਾਂ-ਪੰਡਿਤ ਜੋਤਿਸ਼ੀ ਜੀ ਵਾਂਗ
ਮੰਤਰੀ ਜੀ ਵੀ, ਸਭ ਦੇ
ਦਿਲਾਂ ਦੇ ਭੇਤ ਜਾਣਦੇ ਹਨ
ਆਪਣੇ ਹੱਥਠੋਕਿਆਂ ਦੇ
ਚਿਹਰੇ, ਭਲੀਭਾਂਤ, ਪਹਿਚਾਣਦੇ ਹਨ
ਸਹੀ, ਸਮਾਂ ਆਉਣ 'ਤੇ
ਤੁਹਾਨੂੰ ਵੀ, ਨਿਓਤਾ ਆਏਗਾ
ਤੁਹਾਡੇ ਵੀ ਗਲ ਵਿੱਚ, ਅਸ਼ੀਰਵਾਦ ਰੂਪੀ
ਫੰਦਾ ਪਾਇਆ ਜਾਏਗਾ
ਤੁਹਾਨੂੰ ਵੀ, ਆਪਣਾ
ਤਨ, ਮਨ, ਨੀਲਾਮ ਕਰਨ ਦਾ
ਸ਼ੁਭ ਅਵਸਰ ਦਿੱਤਾ ਜਾਏਗਾ'

■

(ਅੰਬਾਲਾ ਛਾਉਣੀ, ਇੰਡੀਆ, ਮਈ 7, 2020)

# ਲਛਮਣ ਰੇਖਾ ਦੇ ਆਰ-ਪਾਰ

ਸੱਤਾ ਦਾ ਪ੍ਰਵਚਨ
ਕਰਨ ਵੇਲੇ, ਦੁੱਧ ਚਿੱਟੇ ਬਾਣੇ ਵਿੱਚ
ਦਿਖ ਰਿਹਾ, ਹੁਕਮਰਾਨ
ਕਿੰਨ੍ਹਾ ਸਹਿਜ ਸੀ-

ਜਿਵੇਂ, ਮਹਾਤਮਾ ਬੁੱਧ
ਗਯਾ ਦੇ ਬ੍ਰਿਖ ਹੇਠ ਬੈਠਾ
ਗੌਤਮ ਤੋਂ ਬੁੱਧ ਹੋ ਜਾਣ ਤੋਂ ਬਾਹਦ
ਆਪਣੇ ਭਿਖਸ਼ੂਆਂ ਨੂੰ
ਆਪਣਾ, ਪਹਿਲਾ ਵਿਖਿਆਨ
ਕਰ ਰਿਹਾ ਹੋਵੇ :
'ਦੇਸ ਵਾਸੀਓ, ਅੱਜ
ਰਾਤ ਦੇ ਠੀਕ ਬਾਰਾਂ ਵਜੇ
ਸਮੁੱਚੇ ਦੇਸ਼ ਦਾ
ਪਹੀਆ ਜਾਮ ਹੋ ਜਾਵੇਗਾ
ਆਪਣੀ, ਆਪਣੇ ਪ੍ਰਵਾਰ ਦੀ
ਸੁਰੱਖਿਆ ਲਈ, ਆਪਣੇ
ਘਰਾਂ ਦੀਆਂ ਬਾਲਕੋਨੀਆਂ ਵਿੱਚ
ਮੋਮਬੱਤੀਆਂ, ਦੀਵੇ, ਜਗਾਓ
ਸੰਖ ਵਜਾਓ, ਨੱਚੋ
ਗਾਓ, ਧਮਾਲਾਂ ਪਾਓ'

ਪਾਲਤੂ ਮੀਡੀਆ ਨੇ
ਨੀਰੋ ਦੀ ਉਸਤਤ ਵਿੱਚ
ਦੇਰ ਰਾਤ ਤੱਕ, ਬਾਂ ਬਾਂ
ਕੀਤੀ, ਜੈਕਾਰੇ ਲਗਾਏ

ਕਰਫਿਊ ਉਤਸਵ ਦਾ
ਇਹ, ਪਹਿਲਾ ਦਿਨ ਸੀ
ਰਹਿਨੁਮਾ ਦਾ, ਜਿਵੇਂ
ਆਦੇਸ਼ ਸੀ, ਹਰ ਕਿਸੀ ਨੇ

ਪੂਰੇ ਚਾਅ ਵਿੱਚ ਆ
ਘਰ ਦੀ ਦਹਿਲੀਜ਼ ਮੂਹਰੇ
ਲਛਮਣ ਰੇਖਾ ਵਾਹੀ

ਫਿਰ, ਉਤਸਵ ਦੇ ਜਸ਼ਨ ਵਜੋਂ
ਰਾਤ ਭਰ–
–ਮੈਂ, ਮੈਂ
–ਬਾਂ, ਬਾਂ
–ਹੀਂ, ਹੀਂ
–ਢੀਚੂੰ, ਢੀਚੂੰ
ਕਰ, ਸਾਰਾ ਦੇਸ਼
ਥੱਕ ਟੁੱਟ, ਸੁਸਰੀ ਵਾਂਗ
ਗੂੜ੍ਹੀ ਨੀਂਦ, ਸੌਂ ਗਿਆ
ਕਰਫਿਊ ਉਤਸਵ ਦੀ ਹਕੀਕਤ ਤੋਂ ਅਣਜਾਣ
ਕੁਝ ਉਤਸ਼ਾਹੀ ਅਤੇ ਮਨਚਲੇ ਨੌਜਵਾਨ, ਸਜ ਧਜ ਕੇ
ਸ਼ੋਰੀਲੇ, ਗੀਤ–ਸੰਗੀਤ ਦੀਆਂ ਧੁਨਾਂ
ਸੁਨਣ ਵਿੱਚ, ਪੂਰੀ ਤਰ੍ਹਾਂ, ਮਸਤ
ਆਪਣੇ, ਸਕੂਟਰਾਂ, ਮੋਟਰਸਾਈਕਲਾਂ, ਸਪੋਰਟਸ ਕਾਰਾਂ
ਉੱਤੇ ਸਵਾਰ ਹੋ, ਸ਼ਹਿਰ ਦਾ ਨਜ਼ਾਰਾ ਲੈਣ ਲਈ
ਸੁੰਨ–ਮਸਾਨ, ਸੜਕਾਂ ਉੱਤੇ ਨਿਕਲ ਪਏ–

ਪਰ, ਉਨ੍ਹਾਂ, ਮਨਚਲਿਆਂ ਨੂੰ
ਕਰਫਿਊ ਸ਼ਬਦ ਦੇ
ਸਹੀ ਅਰਥਾਂ ਦਾ ਪਤਾ
ਉਦੋਂ ਹੀ ਲੱਗਾ, ਜਦੋਂ
ਸੜਕਾਂ ਉੱਤੇ ਘੁੰਮ ਰਹੇ
ਪੁਲਿਸ ਦੇ ਸਿਪਾਹੀਆਂ ਨੇ
ਉਨ੍ਹਾਂ ਦੇ, ਸਿਰਾਂ ਉੱਤੇ
ਸੁੰਮਾਂ ਵਾਲੀਆਂ ਡਾਂਗਾਂ ਦਾ
ਮੋਹਲੇਧਾਰ ਮੀਂਹ ਵਰ੍ਹਾਅ ਦਿੱਤਾ

ਆਪਣੀ ਬਰਬਰਤਾ ਦੀ ਸੰਘਣੀ ਤਸਵੀਰ
ਲੋਕਾਂ ਦੀ ਮਾਨਸਿਕਤਾ ਵਿੱਚ ਛੱਡਣ ਲਈ
ਪਹਿਲਾਂ, ਪੁਲਿਸ, ਘਰੋਂ ਨਿਕਲ ਆਏ, ਲੋਕਾਂ ਨੂੰ

ਵੱਡੇ ਗੁਨਾਹਗਾਰਾਂ ਵਜੋਂ ਪੇਸ਼ ਕਰ, ਉਨ੍ਹਾਂ ਦੀ
ਬੇਰਹਿਮੀ ਨਾਲ, ਕੁੱਟ-ਮਾਰ ਕਰਦੀ, ਫਿਰ
ਉਸ, ਕੁੱਟ-ਮਾਰ ਦੇ, ਦ੍ਰਿਸ਼ ਦੀ
ਵੀਡੀਓ ਬਣਾ, ਆਪ ਹੀ
ਸੋਸ਼ਲ ਮੀਡੀਓ ਉੱਤੇ
ਵਾਇਰਲ ਕਰ ਦਿੰਦੀ

ਲਛਮਣ ਰੇਖਾ ਦੀ ਪਾਲਣਾ ਕਰ ਰਹੇ
ਮੰਦਹਾਲੀ 'ਚ ਦਿਨ ਕੱਟਦੇ, ਹਜ਼ਾਰਾਂ ਮਜ਼ਦੂਰ
ਜੇਕਰ, ਆਪਣੇ, ਘਰਾਂ ਨੂੰ ਪਰਤਣ ਦੀ
ਗੱਲ ਕਰਦੇ, ਤਾਂ, ਹਕੂਮਤ
ਮਸ਼ਵਰਾ ਦਿੰਦੀ :
'ਜਿੱਥੇ ਹੋ, ਉੱਥੇ ਹੀ ਟਿਕੇ ਰਹੋ'

ਪਰ, ਧਾਰਮਿਕ ਸ਼ਰਧਾਲੂਆਂ
ਅਮੀਰਾਂ ਦੇ ਕਾਕਿਆਂ ਨੂੰ ਲੋੜ ਪਵੇ
ਤਾਂ, ਹਕੂਮਤ, ਚਾਈਂ, ਚਾਈਂ
ਉਨ੍ਹਾਂ ਲਈ, ਲਗਜ਼ਰੀ ਬੱਸਾਂ ਦਾ
ਇੰਤਜ਼ਾਮ ਕਰ ਦਿੰਦੀ

ਸੱਤਾ ਦਾ ਅੰਧਭਗਤ ਬਣਿਆ
ਗਰੀਬ ਮਜ਼ਦੂਰ ਵੀ, ਆਖਿਰ
ਆਪਣੀ, ਕੁੰਭਕਰਨੀ ਨੀਂਦ 'ਚੋਂ
ਜਾਗ ਪਿਆ ਹੈ, ਉਹ ਵੀ
ਹੁਣ, ਅੱਖਾਂ 'ਚੋਂ ਹੰਝੂ ਵਹਾਂਦਾ
ਬੋਲਣ ਲੱਗਾ ਹੈ :
'ਸਾਨੂੰ, ਰੋਟੀ ਦਿਓ
ਜਾਂ ਗੋਲੀ ਮਾਰ ਦਿਓ'
ਵੋਟਾਂ ਵੇਲੇ, ਤਾਂ
ਇਹ, ਮਕਾਰ, ਰਾਜਨੀਤੀਵਾਨ
ਸਾਡੇ ਅੱਗੇ, ਹੱਥ ਜੋੜਦੇ ਸਨ
ਹੁਣ, ਅਸੀਂ, ਜਦੋਂ
ਭੁੱਖੇ, ਪਿਆਸੇ, ਬੇਰੁਜ਼ਗਾਰ, ਬੇਘਰੇ
ਸੜਕਾਂ ਉੱਤੇ, ਕੱਖਾਂ ਕਾਨਿਆਂ ਵਾਂਗ

ਰੁਲ ਰਹੇ, ਵਿਲਕ ਰਹੇ ਹਾਂ
ਤਾਂ, ਕੋਈ ਵੀ
ਸਾਡੀ ਬਾਂਹ ਨਹੀਂ ਫੜਦਾ
ਅਸੀਂ, ਦੀਵੇ, ਮੋਮਬੱਤੀਆਂ, ਜਗਾਣ ਲਈ
ਬਾਲਕੋਨੀਆਂ ਵਾਲੇ ਘਰ ਕਿੱਥੋਂ ਲਿਆਈਏ
ਸਾਡੇ ਕੋਲ ਤਾਂ ਰਾਤਾਂ ਗੁਜ਼ਾਰਨ ਲਈ
ਘਰਾਂ ਦੀਆਂ ਛੱਤਾਂ ਵੀ ਨਹੀਂ ਹਨ
ਸਾਡੇ ਤਾਂ ਘਰਾਂ ਦੇ ਚੁੱਲ੍ਹਿਆਂ ਦੀ ਸੁਆਹ ਵੀ
ਸਾਡੇ ਹੀ ਸਿਰਾਂ ਵਿੱਚ ਪੈ ਰਹੀ ਹੈ'

ਲਛਮਣ ਰੇਖਾ ਦੇ
ਆਰ-ਪਾਰ ਦੇਖਦਿਆਂ
ਹੁਣ, ਤਾਂ
ਸਮਾਂ ਆ ਗਿਆ ਹੈ
ਲੋਕਾਂ ਨੂੰ, ਹਰ ਦਿਨ
ਇਹ ਅਰਦਾਸ ਵੀ ਕਰਨੀ ਪਵੇਗੀ :
ਕਰੋਨਾਵਾਇਰਸ ਮਹਾਮਾਰੀ ਸੰਕਟ ਦੌਰਾਨ
ਜਿਨ੍ਹਾਂ ਗਰੀਬ, ਬੇਘਰ, ਬੇਸਹਾਰਾ, ਮਜ਼ਦੂਰਾਂ ਨੂੰ
ਭੁੱਖੇ, ਪਿਆਸੇ, ਆਪਣੇ ਘਰਾਂ ਵੱਲ ਪਰਤਦਿਆਂ
ਅੰਗਿਆਰਾਂ ਵਾਂਗ ਭਖਦੀਆਂ, ਸੜਕਾਂ ਉੱਤੇ
ਪੈਦਲ ਤੁਰਦਿਆਂ, ਬੱਸਾਂ, ਟਰੱਕਾਂ, ਗੱਡੀਆਂ, ਕਾਰਾਂ
ਥੱਲੇ ਆ ਕੇ, ਆਪਣੇ, ਜਿਸਮਾਂ ਨੂੰ
ਚੀਥੜਾ, ਚੀਥੜਾ, ਕਰਵਾਉਣਾ ਪਿਆ
ਜਿਨ੍ਹਾਂ, ਡਾਕਟਰਾਂ, ਨਰਸਾਂ, ਸਿਹਤਕਰਮੀਆਂ, ਪੁਲਿਸ
ਸਿਪਾਹੀਆਂ, ਸਮਾਜ ਸੇਵਕਾਂ, ਅਧਿਆਪਕਾਂ ਨੂੰ
ਇਸ ਮਹਾਮਾਰੀ ਸੰਕਟ ਦੌਰਾਨ, ਦੁਨੀਆਂ ਦੇ
ਕੋਨੇ, ਕੋਨੇ ਵਿੱਚ, ਸਰਕਾਰਾਂ ਦੀਆਂ
ਨਿਕਾਮੀਆਂ, ਅਣਗਹਿਲੀਆਂ, ਬੇਪ੍ਰਵਾਹੀਆਂ, ਸਦਕਾ
ਮਨੁੱਖਤਾ ਦਾ ਭਲਾ ਕਰਦਿਆਂ, ਆਪਣੀਆਂ ਕੀਮਤੀ
ਜਾਨਾਂ ਕੁਰਬਾਨ ਕਰਨੀਆਂ ਪਈਆਂ, ਉਨ੍ਹਾਂ ਨੂੰ
ਯਾਦ ਕਰਦਿਆਂ, ਸਭ ਬੋਲੋ :
'ਜੈ ਮਨੁੱਖਤਾ'
'ਜੈ ਮਨੁੱਖੀ ਕਲਿਆਣ'
'ਜੈ ਮਨੁੱਖੀ ਭਾਈਚਾਰਾ' ■ (ਅੰਬਾਲਾ ਛਾਉਣੀ, ਇੰਡੀਆ, ਮਈ 13, 2020)

# ਟੈਲੀਵੀਜ਼ਨ

ਟੈਲੀਵੀਜ਼ਨ ਵੀ
ਇੱਕ ਅਜੀਬ ਸ਼ੈਅ ਹੈ-

ਦੇਖਦਿਆਂ ਹੀ ਦੇਖਦਿਆਂ
ਕਿਵੇਂ, ਇਸ ਉੱਤੇ, ਮੌਸਮ
ਬਦਲ ਜਾਂਦੇ ਹਨ, ਪਤਾ ਹੀ
ਨਹੀਂ ਲੱਗਦਾ

ਭਾਰਤੀ ਟੈਲੀਵੀਜ਼ਨ, ਸ਼ਾਹੀਨ ਬਾਗ਼, ਜਾਮੀਆਂ ਮਿਲੀਆ, ਜੇਐਨਯੂ
ਰੋਸ ਮੁਜਾਹਰਿਆਂ, ਪੁਲਿਸ ਝੜੱਪਾਂ, ਖ਼ੂਨ ਖਰਾਬਾ
ਦਿਖਾਉਣ ਵਿੱਚ ਰੁੱਝਿਆ ਹੋਇਆ ਸੀ-

ਅਚਾਨਕ, ਮੌਸਮ ਬਦਲਿਆ
'ਨਮਸਤੇ ਟਰੰਪ', ਸ਼ਾਹੀ, ਸਮਾਰੋਹਾਂ ਦੀ
ਚਕਾਚੌਂਦ, ਧੂਮ-ਧੜੱਕੇ, ਦਾਅਵਤਾਂ
ਅਮਰੀਕਾ-ਹਿੰਦੁਸਤਾਨ ਦੋਸਤੀ ਦੀਆਂ
ਨਵੀਆਂ ਬੁਲੰਦੀਆਂ ਦੀ ਗੱਲ ਹੋਣ ਲੱਗੀ

ਮੌਸਮ ਨੇ, ਫਿਰ
ਕਰਵਟ ਲਈ-
ਸ਼ਾਹੀ ਮਹਿਮਾਨਾਂ ਨੇ, ਅਜੇ, ਰਾਜਧਾਨੀ ਦਿੱਲੀ ਨੂੰ
ਅਲਵਿਦਾ ਵੀ ਨਹੀਂ ਕਹੀ ਸੀ, ਸ਼ਹਿਰ ਦੇ
ਅਨੇਕਾਂ ਹਿੱਸਿਆਂ ਵਿੱਚ, ਫਿਰਕੂ-ਦੰਗੇ ਭੜਕ ਪਏ

ਟੈਲੀਵੀਜ਼ਨ, ਸੜ ਰਹੇ ਘਰ, ਸਕੂਲ, ਹਸਪਤਾਲ, ਬਾਜ਼ਾਰ
ਦਿਖਾਉਣ ਵਿੱਚ ਰੁੱਝ ਗਿਆ
ਸੱਤਾ, ਆਪਣੇ, ਘਿਸੇ-ਪਿਟੇ, ਪ੍ਰਵਚਨ-ਰੂਪੀ
ਐਲਾਨਨਾਮੇ ਕਰਨ ਵਿੱਚ ਰੁੱਝ ਗਈ :
'ਫਿਰਕੂ ਦੰਗਿਆਂ ਲਈ ਜ਼ਿੰਮੇਵਾਰ, ਕਿਸੀ ਵੀ
ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ'

ਪਰ, ਪੁਲਿਸ ਦੇ ਸੂਹੀਏ ਕੁੱਤੇ, ਜਦੋਂ, ਤਫ਼ਦੀਸ਼
ਕਰਦੇ, ਕਰਦੇ, ਸੱਤਾ 'ਚ ਭਾਈਵਾਲ, ਨੇਤਾਵਾਂ ਦੇ
ਘਰਾਂ ਵੱਲ ਹੀ ਜਾਣ ਲੱਗੇ, ਤਾਂ, ਹਕੂਮਤ ਨੇ
ਇਹ ਸਭ ਗੱਲਾਂ ਭੁੱਲ-ਜਾਣ
ਵਿੱਚ ਹੀ, ਆਪਣੀ, ਬੇਹਤਰੀ ਸਮਝੀ

ਫਿਰਕੂ-ਦੰਗਿਆਂ ਨਾਲ ਝੰਬੀ
ਰਾਜਧਾਨੀ, ਅਜੇ, ਸੌਖਾ ਸਾਹ
ਲੈਣ ਜੋਗੀ ਹੀ ਹੋਈ ਸੀ, ਕਰੋਨਾ ਵਾਇਰਸ ਨੇ
ਆਣ ਦਸਤਕ ਦਿੱਤੀ, ਟੈਲੀਵੀਜ਼ਨ ਉੱਤੇ
ਫਿਰ, ਮੌਸਮ ਬਦਲ ਗਿਆ

ਫਿਰ, ਦੌੜ ਲੱਗ ਗਈ
ਆਪਣੇ, ਆਕਾ ਦੀ ਬੋਲੀ
ਬੋਲਣ ਦੀ-

ਸੱਤਾ ਦੇ ਪ੍ਰਵਚਨ ਦੀ ਪੈਰਵੀ
ਕਰਦਾ, ਟੈਲੀਵੀਜ਼ਨ ਮੀਡੀਆ
ਆਪਣੀ ਸਾਰੀ ਸ਼ਕਤੀ, ਇਸ ਨੁਕਤੇ ਉੱਤੇ
ਲਗਾਉਣ ਵਿੱਚ ਰੁੱਝ ਗਿਆ
ਕਰੋਨਾਵਾਇਰਸ ਮਹਾਮਾਰੀ ਨੂੰ ਫੈਲਾਉਣ ਵਿੱਚ
ਕਿਸ ਧਰਮ, ਸਭਿਆਚਾਰ, ਫਿਰਕੇ, ਨਾਲ ਸਬੰਧਤ ਲੋਕ
ਸਭ ਤੋਂ ਵੱਧ ਹਿੱਸਾ ਪਾ ਰਹੇ ਹਨ

ਕਿਸੀ ਨੂੰ ਵੀ, ਇਸ ਗੱਲ ਬਾਰੇ
ਸੋਚਣ ਦੀ ਵਿਹਲ ਨਹੀਂ ਸੀ, ਇਸ ਮਹਾਮਾਰੀ ਦੀ
ਲਪੇਟ ਵਿੱਚ ਆਏ, ਕਰੋੜਾਂ
ਗਰੀਬ, ਬੇਰੁਜ਼ਗਾਰ, ਭੁੱਖੇ, ਪਿਆਸੇ, ਬੇਸਹਾਰਾ
ਮਜ਼ਦੂਰਾਂ ਦਾ ਕੀ ਬਣੇਗਾ

ਟੈਲੀਵੀਜ਼ਨ ਨੂੰ ਤਾਂ, ਬੱਸ
ਇਹ ਗੱਲ, ਲੋਕਾਂ ਨੂੰ, ਯਾਦ ਕਰਵਾਉਣ ਦੀ ਹੀ
ਚਿੰਤਾ ਸਤਾ ਰਹੀ ਸੀ, ਦੇਸ ਦੇ
ਪ੍ਰਧਾਨ ਮੰਤਰੀ ਨੇ, ਮੋਮਬੱਤੀਆਂ, ਦੀਵੇ, ਬੈਟਰੀਆਂ

ਜਗਾਉਣ ਲਈ, ਕਿੰਨ੍ਹੇ ਵਜੇ
ਸ਼ਾਮ ਦਾ ਸਮਾਂ ਕਿਹਾ ਸੀ

■

(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 9, 2020)

# ਘਰਾਂ ਨੂੰ ਪਰਤਣ ਦੀ ਉਡੀਕ

ਹੁਣ, ਘਰਾਂ ਨੂੰ
ਪਰਤਣਾਂ ਸੌਖਾ ਨਹੀਂ-

ਹੁਣ, ਉਨ੍ਹਾਂ ਦੇ
ਮੱਥਿਆਂ ਉੱਤੇ
ਲਿਖਿਆ ਗਿਆ :
'ਪਰਵਾਸੀ'

ਆਪਣੇ ਹੀ ਦੇਸ ਵਿੱਚ
ਹੁਣ, ਉਹ, ਬੇਗਾਨੇ
ਬਣ ਗਏ ਹਨ

ਕੱਲ੍ਹ ਤੱਕ, ਜੋ
ਸੰਘ ਪਾੜ, ਪਾੜ
ਨਾਹਰੇ ਲਗਾ ਰਹੇ ਸਨ :
'ਭਾਰਤ ਮਾਤਾ ਦੀ ਜੈ'

ਅੱਜ, ਉਨ੍ਹਾਂ ਨੂੰ
ਇੱਕ ਪਿੰਡ ਤੋਂ ਦੂਜੇ ਪਿੰਡ
ਇਕ ਸ਼ਹਿਰ ਤੋਂ ਦੂਜੇ ਸ਼ਹਿਰ
ਇੱਕ ਪ੍ਰਾਂਤ ਤੋਂ ਦੂਜੇ ਪ੍ਰਾਂਤ
ਜਾਣ ਦੀ ਵੀ ਖੁੱਲ੍ਹ ਨਹੀਂ

ਆਪਣੇ ਹੀ ਜੱਦੀ ਘਰਾਂ ਵੱਲ
ਪਰਤਣ ਦੀ ਵੀ ਖੁੱਲ੍ਹ ਨਹੀਂ

ਦਹਾਕਿਆਂ ਤੋਂ, ਮੋਢੇ ਨਾਲ ਮੋਢਾ
ਜੋੜਕੇ ਤੁਰਨ ਵਾਲੇ, ਉਨ੍ਹਾਂ ਦੇ ਗਵਾਂਢੀ
ਹੁਣ, ਪਿੰਡ ਦੀਆਂ ਜੂਹਾਂ 'ਤੇ
ਪਹੁੰਚਦਿਆਂ ਹੀ, ਉਨ੍ਹਾਂ ਨੂੰ
ਨਫ਼ਰਤ ਦੀ ਨਿਗਾਹ ਨਾਲ ਦੇਖ

ਉਨ੍ਹਾਂ ਦਾ ਰਾਹ ਰੋਕਦੇ ਹਨ

ਉਨ੍ਹਾਂ ਪਿੰਡ ਵਾਸੀਆਂ ਨੂੰ ਭੈਅ ਹੈ
ਇਹ, ਪਰਵਾਸੀ, ਕਰੋਨਾ ਦਾ
ਕਹਿਰ ਲੈ ਕੇ ਆਉਣਗੇ
ਫਨੀਅਰ ਸੱਪਾਂ ਦੀ, ਹਵਾ 'ਚ
ਜ਼ਹਿਰ ਲੈ ਕੇ ਆਉਣਗੇ

ਦੇਸ, ਕਿੰਨ੍ਹੇ, ਟੁੱਕੜਿਆਂ ਵਿੱਚ
ਵੰਡਿਆ ਗਿਆ ਹੈ-
ਅਸੀਂ, ਮਨੁੱਖੀ ਇਤਿਹਾਸ ਦੀਆਂ
ਕਿੰਨ੍ਹੀਆਂ ਸਦੀਆਂ ਪਿੱਛੇ
ਪਰਤ ਗਏ ਹਾਂ
ਭੁੱਖੇ, ਪਿਆਸੇ, ਲੋਕਾਂ ਦੇ ਕਾਫ਼ਲੇ
ਇੱਕ ਸ਼ਹਿਰ ਤੋਂ ਦੂਜੇ ਸ਼ਹਿਰ
ਤੁਰ ਪਏ ਹਨ, ਬਿਨ੍ਹਾਂ ਕੋਈ
ਉਮੀਦ ਜ਼ਿਹਨ ਵਿੱਚ-
-ਨ ਪੈਸਾ
-ਨ ਕੰਮ
-ਨ ਰੋਟੀ

ਕਦ ਪਹੁੰਚਣਗੇ
ਉਹ, ਆਪਣੇ ਘਰਾਂ ਨੂੰ-
ਸੈਂਕੜੇ ਮੀਲਾਂ ਦਾ, ਜ਼ੋਖਮ ਭਰਿਆ ਫ਼ਾਸਲਾ
ਤਹਿ ਕਰ, ਕਦਮ-ਦਰ-ਕਦਮ
ਤੁਰਦੇ ਹੋਏ, ਜਿੱਥੇ ਛਣਕਦੀ ਕੋਈ ਝਾਂਜਰ
ਖਣਕਦੀ ਕੋਈ ਵੰਗ, ਕਿਸੀ ਦੀ
ਕਹਿ ਰਹੀ ਹੈ-
-ਚਾਹਤ
-ਨਿੱਘ
-ਪਿਆਰ
-ਉਮੰਗ
-ਰੀਝ
-ਦਿਲਰੁਬਾ

-ਮਹਿਰਮ

ਬਿੱਖੜੇ ਪੈਂਡਿਆਂ ਦੀਆਂ ਮੁਸੀਬਤਾਂ
ਚਿੰਤਾ ਰੋਗ, ਮਾਨਸਿਕ ਬੀਮਾਰੀਆਂ, ਨਿਰਾਸ਼ਾਵਾਂ
ਬੇਰਹਿਮ, ਪੁਲਿਸ ਕਰਮੀਆਂ ਦੀਆਂ
ਸਿਰਾਂ ਉੱਤੇ, ਪੈਂਦੀਆਂ ਡਾਂਗਾਂ ਦਾ ਮੀਂਹ
ਖਾਲੀ ਢਿੱਡ, ਸੁੱਕੇ ਬੁੱਲ, ਲਹੂ-ਲੁਹਾਨ ਹੋਏ ਪੈਰ
ਥਕਾਵਟ ਨਾਲ ਚੂਰ ਚੂਰ ਹੋਏ ਬਦਨ-

ਕੋਈ ਨਹੀਂ, ਉਨ੍ਹਾਂ ਨੂੰ ਦਿਲਾਸਾ ਦੇਣ ਵਾਲਾ
ਕੋਈ ਨਹੀਂ, ਉਨ੍ਹਾਂ ਦੀਆਂ ਭਾਵਨਾਵਾਂ, ਅਹਿਸਾਸਾਂ ਨੂੰ ਪੜ੍ਹਣ ਵਾਲਾ
ਕੋਈ ਨਹੀਂ, ਉਨ੍ਹਾਂ ਦੇ ਦਰਦ ਨੂੰ ਸਮਝਣ ਵਾਲਾ

ਮਜਬੂਰ, ਨ ਘਰ ਦੇ ਰਹੇ ਨ ਪਰਵਾਸ ਦੇ
ਪਤਾ ਨਹੀਂ ਕਿੰਨ੍ਹੇ ਕੁ, ਰਸਤਿਆਂ ਵਿੱਚ ਹੀ
ਮਿੱਟੀ ਨਾਲ ਮਿੱਟੀ ਹੋ ਜਾਣਗੇ
ਘਰਾਂ ਨੂੰ ਪਰਤਣ ਦੀ ਉਡੀਕ ਵਿੱਚ

ਹਾਕਮਾਂ ਲਈ, ਤਾਂ, ਉਹ, ਬੱਸ
ਖ੍ਰੀਦੀ ਜਾਂ ਵੇਚੀ ਜਾਣ ਵਾਲੀ ਸ਼ੈਅ ਹਨ
ਇਨਸਾਨ ਨਹੀਂ-

ਉਹ, ਆਪਣੇ ਘਰਾਂ ਨੂੰ ਛੱਡ ਪਰਵਾਸ ਭੋਗਦੇ
ਆਪਣੇ ਦੋ ਹੱਥਾਂ ਨਾਲ ਮਿਹਨਤ-ਮਜ਼ਦੂਰੀ ਕਰਨ ਆਏ ਹਨ
ਖ਼ੈਰਾਤ ਵਿੱਚ ਮਿਲੀਆਂ ਦੋ ਰੋਟੀਆਂ, ਕੜਛੀ ਕੁ ਦਾਲ ਖਾਣ ਨਹੀਂ
ਹਿਰ ਦੇ ਅਹਿਲਕਾਰਾਂ ਨੂੰ
ਤਾਂ, ਬੱਸ, ਸ਼ਹਿਰ ਦੇ
ਅਮੀਰਜ਼ਾਦਿਆਂ ਦਾ ਫ਼ਿਕਰ ਹੈ-

ਜਿਨ੍ਹਾਂ ਦੀਆਂ ਤਲੀਆਂ 'ਤੇ
ਰੱਖੇ ਚੋਗ, ਇਹ ਅਹਿਲਕਾਰ
ਪੰਛੀਆਂ ਵਾਂਗ, ਆਪਣੀਆਂ
ਚੁੰਝਾਂ ਨਾਲ ਚੁਗਦੇ ਹਨ

ਜਿਨ੍ਹਾਂ ਅਮੀਰਜ਼ਾਦਿਆਂ ਦੀਆਂ
ਬੈਂਕ ਤਜੌਰੀਆਂ ਭਰਨ ਦਾ
ਇਨ੍ਹਾਂ ਅਹਿਲਕਾਰਾਂ ਨੂੰ
ਬੱਸ, ਫਿਕਰ ਹੈ

ਜਿਨ੍ਹਾਂ ਲੋਕਾਂ ਦੀਆਂ ਰਗਾਂ ਵਿੱਚ
ਸੁਭਾਸ਼, ਆਜ਼ਾਦ, ਸਰਾਭੇ, ਭਗਤ ਦਾ
ਅਜੇ ਵੀ, ਖ਼ੂਨ ਖ਼ੌਲਦਾ ਹੈ-

ਉਹ, ਕਦੀ, ਤਾਂ, ਜਾਗਣਗੇ-
'ਆਪਣਾ ਦੇਸ' ਸ਼ਬਦ ਦੇ
ਅਰਥ ਢੂੰਡਣ ਲਈ

ਉਹ, ਕਦੀ, ਤਾਂ, ਬੋਲਣਗੇ-
'ਭਾਰਤ ਦੇਸ' ਸ਼ਬਦ ਦੇ
ਅਰਥ ਬੋਲਣ ਲਈ

ਸੂਰਤ, ਪੂਨਾ, ਅਹਿਮਦਾਬਾਦ, ਹੈਦਰਾਬਾਦ, ਦਿੱਲੀ, ਲੁਧਿਆਣਾ
ਹਜ਼ਾਰਾਂ ਮਜ਼ਦੂਰਾਂ ਦੇ, ਹਵਾ ਵਿੱਚ ਲਹਿਰਾ ਰਹੇ ਮੁੱਕੇ
ਬਲਦੇ ਹੱਥ, ਹਵਾ ਵਿੱਚ, ਲਿਖ ਰਹੇ ਬਗ਼ਾਵਤੀ ਸੁਰਾਂ :
'ਇਨਕਲਾਬ
ਜ਼ਿੰਦਾਬਾਦ'
■
(ਅੰਬਾਲਾ ਛਾਉਣੀ, ਇੰਡੀਆ, ਅਪ੍ਰੈਲ 30, 2020)

# ਬੋਲਿਆ ਬਨ੍ਹੇਰੇ ਉੱਤੇ ਕਾਂ

ਘਰ ਦੇ ਬਨ੍ਹੇਰੇ ਉੱਤੇ ਕਾਂ ਬੋਲਿਆ ਹੈ
ਪਰ, ਉਸ ਵਿਚਾਰੇ ਨੂੰ ਕੀ ਪਤਾ ਹੈ
ਉਸ ਦੇ ਸੁਨੇਹਾ ਦੇਣ ਦਾ, ਹੁਣ
ਕੋਈ ਲਾਭ ਨਹੀਂ-

ਘਰ ਦੇ ਬੂਹੇ ਅੱਗੇ, ਤਾਂ
ਲਛਮਣ ਰੇਖਾ ਵਾਹੀ ਹੋਈ ਹੈ
ਕੋਈ ਵੀ ਮਹਿਮਾਨ, ਘਰ ਦੀ
ਦਹਿਲੀਜ਼ ਵੀ ਨਹੀਂ ਟੱਪ ਸਕਦਾ

ਹੁਣ, ਤਾਂ, ਇਸ ਕਹਾਵਤ ਦੇ ਵੀ
ਕੋਈ ਅਰਥ ਬਾਕੀ ਨਹੀਂ ਰਹਿ ਗਏ ਲੱਗਦੇ
'ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ'

ਹੁਣ, ਤਾਂ, ਲੋਕ
ਘਰੋਂ ਨਿਕਲਦਿਆਂ ਹੀ ਡਰਦੇ ਹਨ
ਇੱਕ ਪਾਸੇ, ਤਾਂ, ਕਰੋਨਾ ਦਾ ਡਰ ਸਤਾਂਦਾ ਹੈ
ਦੂਜਾ, ਬੇਰਹਿਮ, ਪੁਲਿਸ ਇਹ ਵੀ ਨਹੀਂ ਦੇਖਦੀ
ਉਨ੍ਹਾਂ ਸਾਹਮਣੇ, ਪਿਓ ਵਰਗਾ ਕੋਈ ਬਜ਼ੁਰਗ ਖੜ੍ਹਾ ਹੈ
ਜਾਂ ਕੋਈ ਨਾਨੀ, ਦਾਦੀ, ਦੀ ਉਮਰ ਦੀ ਕੋਈ ਔਰਤ
ਉਹ, ਤਾਂ, ਬੱਸ, ਬੰਦੇ ਨੂੰ ਦੇਖਦਿਆਂ ਹੀ
ਉਸ ਉੱਤੇ, ਡਾਂਗਾਂ ਦਾ ਮੀਂਹ ਵਰ੍ਹਾਅ ਦਿੰਦੇ ਹਨ

ਹੁਣ, ਤਾਂ, ਇਹ ਸਮਝਣਾ ਹੀ
ਮੁਸ਼ਕਿਲ ਹੋ ਚੁੱਕਾ ਹੈ-
ਕੀ ਹਕੀਕਤ ਹੈ
ਕੀ ਅਫਸਾਨਾ ਹੈ

ਉਦੋਂ ਤੱਕ, ਜਨਤਾ ਲਈ, ਜਨਤਕ ਕਰਫਿਊ
ਦੀਵੇ, ਮੋਮਬੱਤੀਆਂ, ਜਗਾਉਣ, ਪਟਾਖੇ ਚਲਾਉਣ, ਭੰਗੜਾ ਪਾਉਣ ਲਈ
ਮਹਿਜ਼, ਦੀਵਾਲੀ ਵਰਗਾ ਹੀ ਕੋਈ ਖੁਸ਼ੀ ਦਾ ਤਿਓਹਾਰ ਸੀ

ਜਦੋਂ ਤੱਕ, ਉਨ੍ਹਾਂ ਨੂੰ, ਇੱਕ, ਇੱਕ, ਰੋਟੀ ਲਈ
ਲੰਬੀਆਂ ਕਤਾਰਾਂ ਵਿੱਚ, ਘੰਟਿਆਂ ਬੱਧੀ, ਖੜ੍ਹੋਣਾ ਨਹੀਂ ਪਿਆ
ਜਦੋਂ ਤੱਕ, ਉਨ੍ਹਾਂ ਨੂੰ, ਭੁੱਖੇ-ਪਿਆਸੇ, ਰਾਤ ਗੁਜ਼ਾਰਣ ਲਈ
ਕਬਰਸਤਾਨਾਂ ਵਿੱਚ, ਬਣੇ ਬੈਂਚਾਂ ਉੱਤੇ, ਸੌਣ ਲਈ ਮਜਬੂਰ ਹੋਣਾ ਨਹੀਂ ਪਿਆ
ਜਦੋਂ ਤੱਕ, ਉਨ੍ਹਾਂ ਨੂੰ, ਹਕੂਮਤ ਵੱਲੋਂ ਭੇਜੀ, 500-500 ਰੁਪਏ ਦੀ ਭੀਖ
ਪ੍ਰਾਪਤ ਕਰਨ ਲਈ, ਬੈਂਕਾਂ ਸਾਹਮਣੇ, ਸਵੇਰ ਤੋਂ ਸ਼ਾਮ ਤੱਕ, ਰੁਲਣਾ ਨਹੀਂ
ਪਿਆ

ਆਖਿਰ, ਸਬਰ ਦੀ, ਵੀ, ਤਾਂ
ਕੋਈ ਹੱਦ ਹੁੰਦੀ ਹੈ-

-ਧਾਰਮਿਕ ਯਾਤਰੀਆਂ ਲਈ ਬਣਾਏ
ਸਰਕਾਰੀ ਇਕਾਂਤਵਾਸ ਘਰਾਂ ਵਿੱਚ
ਕਾਕਰੌਚਾਂ ਦਾ ਪਹਿਰਾ ਹੈ
-ਬੇਰੁਜ਼ਗਾਰ, ਭੁੱਖੀਆਂ, ਪਿਆਸੀਆਂ
ਗਰਭਵਤੀ ਮਜ਼ਦੂਰ ਔਰਤਾਂ
ਸੜਕਾਂ ਉੱਤੇ ਤੁਰੀਆਂ ਜਾਂਦੀਆਂ ਹੀ
ਬੱਚਿਆਂ ਨੂੰ ਜਨਮ ਦੇ ਰਹੀਆਂ ਹਨ
-ਕਈ, ਕਈ, ਦਿਨਾਂ ਤੋਂ ਭੁੱਖੇ
ਮਜ਼ਦੂਰ, ਆਖਿਰ, ਪੁਲਿਸ ਉੱਤੇ ਹੀ
ਪਥਰਾਓ ਕਰ ਦਿੰਦੇ ਹਨ
-ਬੇਰੁਜ਼ਗਾਰ ਮਜ਼ਦੂਰਾਂ ਦੀ
ਆਰਥਿਕ ਮੱਦਦ ਕਰਨ ਦੀ ਥਾਂ
ਹਕੂਮਤ ਬੈਂਕਾਂ ਦੇ ਘਪਲੇ ਕਰਨ ਵਾਲੇ
ਅਮੀਰਾਂ ਦੇ ਕਰਜ਼ੇ ਮੁਆਫ ਕਰ ਦਿੰਦੀ ਹੈ
-ਹਸਪਤਾਲਾਂ ਵਿੱਚ ਕਰੋਨਾ ਮਹਾਮਾਰੀ ਨਾਲ
ਪੀੜਤ ਲੋਕਾਂ ਦੀ ਸੇਵਾ ਕਰ ਰਹੇ
ਡਾਕਟਰਾਂ, ਨਰਸਾਂ, ਉੱਤੇ, ਕੁਝ
ਜਾਹਲ ਲੋਕ ਇੱਟਾਂ, ਰੋੜੇ, ਮਾਰ ਰਹੇ ਹਨ

ਬਦਲ ਰਹੇ ਸਮਿਆਂ ਵਿੱਚ
ਹੁਣ, ਕਿਸੀ ਵੀ ਗੱਲ ਦਾ
ਭਰੋਸਾ ਨਹੀਂ ਰਿਹਾ-

ਅੱਜ, ਘਰਾਂ ਦੇ ਬਨ੍ਹੇਰਿਆਂ ਉੱਤੇ
ਕਾਂ ਬੋਲਦਾ ਹੈ, ਕੀ ਪਤਾ
ਕਦੋਂ, ਘਰਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਬੰਦੂਕਾਂ ਚੱਲਣ ਦੀਆਂ
ਅਵਾਜ਼ਾਂ ਆਉਣ ਲੱਗ ਜਾਣ
■

(ਅੰਬਾਲਾ ਛਾਉਣੀ, ਇੰਡੀਆ, ਮਈ 4, 2020)

# ਭ੍ਰਿਸ਼ਟ ਰਾਜਨੀਤੀ ਦੇ ਵਾਇਰਸ

ਸੜਕ ਉੱਤੇ, ਭੁੱਖ ਅਤੇ ਪਿਆਸ ਨਾਲ
ਵਿਲਕ ਰਹੇ, ਵਿਅਕਤੀ ਨੇ ਕਿਹਾ :
'ਸਾਨੂੰ, ਰੋਟੀ ਦਿਓ
ਜਾਂ ਸਾਨੂੰ ਗੋਲੀ ਮਾਰ ਦਿਓ'
ਕੋਲ ਖੜ੍ਹਾ, ਇੱਕ ਸਿਪਾਹੀ ਬੋਲਿਆ :
'ਇਹ ਗੱਲ, ਅਸੀਂ, ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਸੜਕ ਉੱਤੇ, ਤੁਰੀ ਜਾ ਰਹੀ
ਗਰਭਵਤੀ ਔਰਤ ਨੇ
ਬੱਚੇ ਨੂੰ ਜਨਮ ਦਿੰਦਿਆਂ ਕਿਹਾ :
'ਕੀ, ਨਵਜੰਮੇ ਬੱਚੇ ਲਈ
ਦੁੱਧ ਦੀ ਬੋਤਲ ਮਿਲ ਸਕਦੀ ਹੈ'
ਕੋਲ ਖੜ੍ਹਾ, ਹਕੂਮਤ ਦਾ ਬੁਲਾਰਾ ਬੋਲਿਆ :
'ਇਹ ਗੱਲ, ਅਸੀਂ, ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਸੜਕ ਉੱਤੇ, ਤੁਰੇ ਜਾ ਰਹੇ
ਵਿਅਕਤੀ ਨੇ, ਕਰੋਨਾ ਮਹਾਮਾਰੀ ਨਾਲ ਪੀੜਤ
ਬੱਚੇ ਨੂੰ ਸੜਕ ਕਿਨਾਰੇ ਲਿਟਾਂਦਿਆਂ ਕਿਹਾ :
'ਕੀ ਕੋਈ ਇਸ ਬੱਚੇ ਨੂੰ
ਹਸਪਤਾਲ ਵਿੱਚ ਦਾਖਲ ਕਰਵਾ ਸਕਦਾ ਹੈ'
ਕੋਲ ਖੜ੍ਹਾ, ਇੱਕ ਸਿਹਤ-ਕਰਮੀ ਬੋਲਿਆ :
'ਇਹ ਗੱਲ, ਅਸੀਂ, ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਸੜਕ ਉੱਤੇ, ਤੁਰੇ ਜਾ ਰਹੇ
ਵਿਅਕਤੀ ਨੇ, ਭੁੱਖ-ਪਿਆਸ ਨਾਲ ਮਰ ਗਏ
ਬੱਚੇ ਦੀ ਲਾਸ਼ ਮੋਢੇ ਨਾਲ ਲਗਾਂਦਿਆਂ ਕਿਹਾ :
'ਕੀ ਕੋਈ ਇਸ ਬੱਚੇ ਦੀ ਲਾਸ਼
ਕਬਰਸਤਾਨ ਵਿੱਚ ਦਫ਼ਨਾ ਸਕਦਾ ਹੈ'

ਕੋਲ ਖੜ੍ਹਾ, ਇੱਕ ਪੁਜਾਰੀ ਬੋਲਿਆ :
'ਇਹ ਗੱਲ, ਅਸੀਂ, ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਅਚਾਨਕ, ਹਵਾ ਦਾ
ਤੇਜ਼ ਬੁੱਲ੍ਹਾ ਆਇਆ-

ਜਿਵੇਂ, ਕਿਤੇ ਕੋਈ
ਦਰਦ ਭਰੀ, ਆਵਾਜ਼ ਵਿੱਚ
ਗੁਣਗੁਣਾ ਰਿਹਾ ਹੋਵੇ:
-ਸਾਜ਼ਿਸ਼ !
-ਸਾਜ਼ਿਸ਼ !!
-ਸਾਜ਼ਿਸ਼ !!!
■

(ਅੰਬਾਲਾ ਛਾਉਣੀ, ਇੰਡੀਆ, ਮਈ 21, 2020)

# ਤ੍ਰਾਸਦੀ

ਸੰਵੇਦਨਾਹੀਣ ਰਾਜਨੀਤੀ ਦਾ
ਹੁਣ, ਹਰ ਤਰਫ਼ ਪਹਿਰਾ ਹੈ-

ਸੰਵੇਦਨਾਹੀਣ ਰਾਜਨੀਤੀ
ਦਹਿਸ਼ਤ ਦਾ ਸੰਚਾਰ ਕਰਦੀ ਹੈ

ਸੰਵੇਦਨਾਹੀਣ ਰਾਜਨੀਤੀ
ਹਰ ਖੇਤਰ ਵਿੱਚ, ਆਪਣੇ
ਪਾਲਤੂ ਪਾਲਦੀ ਹੈ

ਸੰਵੇਦਨਾਹੀਣ ਰਾਜਨੀਤੀ
ਆਪਣੇ ਪਾਲਤੂਆਂ ਰਾਹੀਂ
ਫਿਰਕੂ ਨਫ਼ਰਤ ਦੇ ਵਾਇਰਸ ਦੀ
ਮਹਾਮਾਰੀ ਦਾ ਸੰਸਾਰ ਉਸਾਰਦੀ ਹੈ

ਸੰਵੇਦਨਾਹੀਣ ਰਾਜਨੀਤੀ
ਫਿਰਕੂ ਨਫ਼ਰਤ ਦੇ ਵਾਇਰਸ ਦੇ ਪਾਸਾਰ ਰਾਹੀਂ
ਗਰੀਬਾਂ ਦੀਆਂ ਝੁੱਗੀਆਂ-ਝੌਂਪੜੀਆਂ ਸਾੜ ਕੇ ਸੁਆਹ ਕਰਦੀ ਹੈ

ਸੰਵੇਦਨਾਹੀਣ ਰਾਜਨੀਤੀ
ਦੇਸ਼ ਦੀ ਆਰਥਿਕਤਾ ਦਾ ਚੱਕਾ ਜਾਮ ਕਰਕੇ
ਦੇਸ਼ ਦੇ ਗਰੀਬਾਂ ਨੂੰ ਭਿਖਾਰੀ ਬਣਾ ਧਰਦੀ ਹੈ

ਸੰਵੇਦਨਾਹੀਣ ਰਾਜਨੀਤੀ
ਚੰਗੇ ਦਿਨ ਆਉਣ ਦਾ ਵਾਹਦਾ ਕਰਕੇ
ਜੇਹਬ ਕਤਰਿਆਂ ਵਾਂਗ, ਮੁਸੀਬਤਾਂ ਦੇ ਮਾਰੇ
ਗਰੀਬਾਂ ਦੀਆਂ ਜੇਹਬਾਂ ਵਿੱਚ ਪਏ
ਪੈਸਿਆਂ ਉੱਤੇ ਡਾਕਾ ਮਾਰਦੀ ਹੈ

ਸੰਵੇਦਨਾਹੀਣ ਰਾਜਨੀਤੀ
ਆਪਣੇ ਸਵਾਰਥਾਂ ਖਾਤਿਰ

ਸਮੁੱਚੇ ਦੇਸ਼ ਦੀ, ਮਾਣ-ਮਰਿਆਦਾ
ਨੂੰ ਵੀ, ਲੀਰੋ ਲੀਰ
ਕਰ ਮਾਰਦੀ ਹੈ

■

(ਅੰਬਾਲਾ ਛਾਉਣੀ, ਇੰਡੀਆ, ਮਈ 19, 2020)

# ਕੌਣ ਚਾਹੇਗਾ

ਕੌਣ ਚਾਹੇਗਾ, ਉਸ ਨੂੰ
ਆਪਣਾ ਦੇਸ਼ ਕਹਿਣਾ-

ਜਿੱਥੇ, ਕਿਸੀ ਨੂੰ
ਏਨੀ ਵੀ ਵਿਹਲ ਨ ਹੋਵੇ
ਭੁੱਖੇ, ਪਿਆਸੇ, ਬੇਘਰੇ
ਮੀਲਾਂ ਲੰਬੇ, ਕਾਫਲਿਆਂ ਦੀਆਂ
ਅੱਖਾਂ 'ਚੋਂ ਵਹਿ ਰਹੇ
ਹੰਝੂਆਂ ਨੂੰ ਪੂੰਝਣ ਦੀ
ਉਨ੍ਹਾਂ ਦੀਆਂ ਸਿਸਕੀਆਂ ਨੂੰ
ਸੁਨਣ ਦੀ, ਉਨ੍ਹਾਂ ਦੇ
ਬੁਝੇ ਹੋਏ, ਦਿਲਾਂ ਨੂੰ
ਦਿਲਾਸਾ ਦੇਣ ਦੀ
ਉਨ੍ਹਾਂ ਦੇ, ਲਹੂ-ਲੁਹਾਨ
ਪੈਰਾਂ ਦੇ ਛਾਲਿਆਂ 'ਤੇ
ਮੱਲ੍ਹਮ ਲਗਾਉਣ ਦੀ

ਕੌਣ ਚਾਹੇਗਾ, ਉਸਨੂੰ
ਆਪਣਾ ਦੇਸ਼ ਕਹਿਣਾ-

ਜਿੱਥੇ, ਇਨਸਾਨਾਂ ਨੂੰ
ਇਨਸਾਨ ਹੀ ਨ ਸਮਝਿਆ ਜਾਂਦਾ ਹੋਵੇ
ਜਿੱਥੇ, ਰੋਟੀ ਦੇ ਗੋਲ ਟੁੱਕੜੇ ਲਈ
ਤੜਫਦੇ ਲੋਕਾਂ ਨੂੰ, ਹਕੂਮਤ ਦੇ ਸਿਪਾਹੀ
ਡਾਂਗਾਂ ਨਾਲ ਕੁੱਟ-ਕੁੱਟ, ਅਧਮੋਏ ਕਰ
ਸੜਕਾਂ ਉੱਤੇ ਹੀ ਸੁੱਟ ਜਾਂਦੇ ਹੋਣ
ਜਿੱਥੇ, ਆਪਣੇ, ਘਰਾਂ ਨੂੰ ਪਹੁੰਚਣ ਦੀ
ਇੱਛਾ ਦੱਸਦੇ ਲੋਕਾਂ ਨੂੰ, ਦੇਸ਼ ਦੀ ਸਰਕਾਰ
ਕੋਈ ਮਾਣਤਾ ਹੀ ਨ ਦਿੰਦੀ ਹੋਵੇ
ਜਿੱਥੇ, ਦੇਸ਼ ਦੇ ਟੈਲੀਵੀਜ਼ਨ ਚੈਨਲਾਂ ਉੱਤੇ
ਚੱਲਦੀਆਂ ਬਹਿਸਾਂ ਵਿੱਚ, ਨੇਤਾ

ਮਜ਼ਦੂਰਾਂ ਦੇ ਨਾਮ ਉੱਤੇ, ਤੂੰ, ਤੂੰ, ਮੈਂ, ਮੈਂ
ਕਰਨ ਤੋਂ ਵੱਧ, ਕੁਝ ਨ ਕਰਦੇ ਹੋਣ
ਜਿੱਥੇ, ਦੇਸ਼ ਦੀ ਸਰਕਾਰ, ਗਰੀਬਾਂ ਨੂੰ
ਮਹਾਮਾਰੀ ਦੇ ਪਾਸਾਰ ਲਈ ਜ਼ਿੰਮੇਵਾਰ ਸਮਝ
ਝੁੱਗੀਆਂ-ਝੌਂਪੜੀਆਂ ਵਿੱਚ ਕੈਦ ਕਰੀ ਰੱਖਣਾ
ਦੇਸ਼ ਲਈ ਬੇਹਤਰ ਸਮਝਦੀ ਹੋਵੇ

ਕੌਣ ਚਾਹੇਗਾ, ਉਸਨੂੰ
ਆਪਣਾ ਦੇਸ਼ ਕਹਿਣਾ-

ਜਿੱਥੇ, ਹਕੂਮਤਾਂ ਨੂੰ ਫਿਕਰ ਹੋਵੇ, ਬੱਸ
ਮੰਗਲ ਗ੍ਰਹਿ ਵੱਲ ਆਪਣੇ ਰਾਕਟ ਭੇਜਣ ਦਾ
ਜਿੱਥੇ, ਹਕੂਮਤਾਂ ਦੇ ਅਹਿਲਕਾਰ ਇਸ ਮੁੱਦੇ 'ਤੇ ਉਲਝੇ ਰਹਿਣ, ਬੱਸ
ਮਜ਼ਦੂਰਾਂ ਨੂੰ ਘਰਾਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਕਿਸਦੀ ਹੈ
ਜਿੱਥੇ, ਭੁੱਖ ਨਾਲ ਵਿਲਕਦੇ ਲੋਕਾਂ ਨੂੰ ਹਕੂਮਤ, ਬੱਸ
ਬੈਂਕਾਂ ਤੋਂ ਕਰਜ਼ੇ ਲੈਣ ਦੀਆਂ ਸਹੂਲਤਾਂ ਦੇ ਰਹੀ ਹੋਵੇ
ਜਿੱਥੇ, ਲੋਕ ਰੇਲ ਗੱਡੀਆਂ ਥੱਲੇ ਆ ਕੇ ਮਾਰੇ ਜਾਂਦੇ ਹੋਣ, ਬੱਸ
ਪੁਲਿਸ ਦੀ ਕੁੱਟ-ਮਾਰ ਤੋਂ ਡਰਦੇ ਰੇਲਵੇ ਲਾਈਨਾਂ ਉੱਤੇ
ਸੁੱਤੇ ਰਹਿ ਗਏ ਹੋਣ ਕਰਕੇ

ਕੌਣ ਚਾਹੇਗਾ, ਉਸਨੂੰ
ਆਪਣਾ ਦੇਸ਼ ਕਹਿਣਾ-

ਨਾਂਵਾਂ 'ਚ ਭਲਾ
ਕੀ ਪਿਆ ਹੈ-

ਭਾਰਤ, ਹਿੰਦੁਸਤਾਨ, ਇੰਡੀਆ
ਜਾਂ, ਚਾਹੇ, ਕੋਈ ਵੀ ਨਾਮ ਹੋਵੇ
ਧਰਤੀ ਦੇ ਉਸ ਹਿੱਸੇ ਦਾ
■

(ਅੰਬਾਲਾ ਛਾਉਣੀ, ਇੰਡੀਆ, ਮਈ 27, 2020)

# ਵੂਹਾਨ ਤੋਂ ਨਿਊਯਾਰਕ ਤੱਕ

ਮਸਲਾ, ਇਹ ਨਹੀਂ
ਕਰੋਨਾਵਾਇਰਸ ਵੂਹਾਨ ਵਿੱਚ ਜਨਮਿਆ
ਪਰ, ਉਸਨੇ, ਨਿਊਯਾਰਕ ਵਿੱਚ
ਤਬਾਹੀ ਮਚਾਈ–

ਦਰਅਸਲ, ਮਸਲਾ ਇਹ ਹੈ
ਨਿੱਕੇ ਜਿਹੇ, ਕੀਟਾਣੂੰ ਨੇ
ਵਿਸ਼ਵ ਭਰ ਦੇ, ਰਾਜਨੀਤਕ, ਸਮਾਜਿਕ, ਆਰਥਿਕ
ਢਾਂਚਿਆਂ ਦੀਆਂ, ਚੂਲਾਂ
ਹਿਲਾ ਦਿੱਤੀਆਂ

ਮਨੁੱਖੀ ਚੇਤਨਾ ਵਿੱਚ
ਜ਼ਬਰਦਸਤ, ਭੂਚਾਲ ਲੈ ਆਂਦਾ–
ਜ਼ਿੰਦਗੀ ਨਾਲ ਸਬੰਧਤ, ਸ਼ਾਇਦ ਹੀ
ਅਜਿਹਾ, ਕੋਈ, ਖੇਤਰ ਬਚਿਆ
ਰਹਿ ਗਿਆ ਹੋਵੇ, ਜਿਸ ਨੂੰ
ਇਸ, ਕੀਟਾਣੂੰ ਨੇ, ਸਿੱਧੇ
ਜਾਂ ਅਸਿੱਧੇ ਢੰਗ ਨਾਲ
ਪ੍ਰਭਾਵਿਤ ਨ ਕੀਤਾ ਹੋਵੇ

ਸਥਿਤੀ ਦਾ ਮਸਖਰਾਪਣ ਦੇਖੋ–
ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ, ਵਿੱਚ
ਬੈਠਾ ਰੱਬ, ਉਸਦੇ, ਸਭ ਏਜੰਟ
ਅਰਥਹੀਨ ਹੋ ਕੇ ਰਹਿ ਗਏ

ਰੱਬ ਦੇ ਘਰਾਂ ਦੀ ਹਾਲਤ ਖਸਤਾ ਹੋ ਗਈ
ਆਪਣੇ, ਖਰਚੇ ਚਲਾਉਣ ਲਈ, ਉਨ੍ਹਾਂ ਨੂੰ
ਨਕਲੀ ਕਰੰਸੀ ਛਾਪਣੀ ਪੈ ਗਈ

ਆਖਿਰ, ਕਿੱਥੇ ਚਲਾ ਗਿਆ, ਸਾਰਾ
ਮਨੁੱਖੀ, ਗਿਆਨ–ਵਿਗਿਆਨ–

ਮਨੁੱਖ, ਮੰਗਲ ਗ੍ਰਹਿ ਤੱਕ ਰਾਕਟ
ਭੇਜਣ ਦੀ ਸਮਰੱਥਾ ਰੱਖਦਾ ਸੀ
ਪਰ, ਧਰਤੀ ਉੱਤੇ, ਇੱਕ ਦੇਸ਼ ਤੋਂ
ਦੂਜੇ ਦੇਸ਼ ਤੱਕ, ਹਵਾਈ ਉਡਾਣਾਂ ਭਰਨ ਵਾਲੇ
ਸਭ ਹਵਾਈ ਅੱਡੇ, ਇੱਕ, ਕੀਟਾਣੂੰ
ਸਾਹਮਣੇ ਨਿਹੱਥੇ ਹੋ ਕੇ ਰਹਿ ਗਏ

ਅਮਰੀਕਾ ਦੇ ਲੜਾਕੂ ਜਹਾਜ਼ਾਂ ਨੇ, ਤਾਂ
ਸ਼ਰੇਆਮ, ਜਾਪਾਨ ਦੇ ਸ਼ਹਿਰਾਂ, ਹੀਰੋਸ਼ੀਮਾ, ਨਾਗਾਸਾਕੀ, ਉੱਤੇ
ਐਟਮ ਬੰਬ ਸੁੱਟੇ ਸਨ, ਪਰ
ਕਿਸੀ ਨੇ ਅਮਰੀਕੀ ਸਰਕਾਰ ਨੂੰ
ਲੱਖਾਂ ਜਾਪਾਨੀਆਂ ਦਾ ਕਤਲ ਕਰਨ ਲਈ
ਅਦਾਲਤਾਂ ਵਿੱਚ ਨਹੀਂ ਸੀ ਘਸੀਟਿਆ

ਪਰ, ਹੁਣ, ਜਦੋਂ
ਕਿਸੀ ਕੋਲ, ਕੋਈ, ਸਬੂਤ ਨਹੀਂ
ਚੀਨ ਨੇ ਬਲਿਸਟਿਕ ਮਿਜ਼ਾਈਲ ਨਾਲ
ਬੰਨ੍ਹ ਕੇ ਕਰੋਨਾ ਵਾਇਰਸ, ਵੂਹਾਨ ਤੋਂ
ਨਿਊਯਾਰਕ ਉੱਤੇ ਨਹੀਂ ਸੁੱਟਿਆ, ਤਾਂ
ਪ੍ਰਧਾਨ ਡੋਨਲਡ ਟਰੰਪ ਚੀਨ ਉੱਤੇ
ਏਨਾ, ਖਫ਼ਾ ਕਿਉਂ ਹੈ

ਹਵਾ ਨਾਲ ਉੱਡ ਕੇ, ਤਾਂ
ਕੋਈ ਵੀ ਚੀਜ਼, ਦੁਨੀਆਂ ਦੇ
ਕਿਸੀ ਵੀ ਕੋਨੇ ਵਿੱਚ, ਜਾ ਸਕਦੀ ਹੈ

ਪੰਜਾਬ ਦੇ ਕਿਸਾਨ, ਆਪਣੇ
ਖੇਤਾਂ ਵਿੱਚ, ਕੁਝ ਸਾੜਦੇ ਹਨ, ਤਾਂ
ਦਿੱਲੀ ਦਾ ਮੁੱਖ ਮੰਤਰੀ
ਕੇਜਰੀਵਾਲ ਬੋਲ ਉੱਠਦਾ ਹੈ :
ਦਿੱਲੀ ਵਿੱਚ, ਵੱਧ ਰਹੀ, ਪ੍ਰਦੂਸ਼ਨ ਲਈ
ਪੰਜਾਬ ਦੇ ਖੇਤਾਂ 'ਚੋਂ ਉੱਠ ਰਿਹਾ ਧੂੰਆਂ
ਜ਼ਿੰਮੇਵਾਰ ਹੈ, ਚਲੋ, ਇਹ ਗੱਲ
ਤਾਂ, ਕੁਝ ਹੱਦ ਤੱਕ

ਸਮਝ ਵੀ ਆਉਂਦੀ ਹੈ

ਪਰ, ਵੂਹਾਨ ‘ਚ ਜਨਮੇ
ਇੱਕ, ਨਿੱਕੇ ਜਿਹੇ, ਕੀਟਾਣੂੰ ਨੇ
ਏਨੀ ਤਬਾਹੀ ਮਚਾਉਣ ਲਈ
ਨਿਊਯਾਰਕ ਨੂੰ ਹੀ, ਆਪਣਾ
ਨਿਸ਼ਾਨਾ, ਕਿਉਂ, ਕਿਵੇਂ, ਬਣਾਇਆ

ਇਹ ਸੁਆਲ, ਆਪਣੇ
ਆਪ ਵਿੱਚ ਹੀ, ਇੱਕ
ਬਹੁਤ ਵੱਡਾ ਮਸਲਾ ਹੈ
■

(ਅੰਬਾਲਾ ਛਾਉਣੀ, ਇੰਡੀਆ, ਮਈ 22, 2020)

# ਅੱਗ ਦੇ ਭਾਂਬੜ

ਅਚਾਨਕ–
ਮੂਧੇ ਮੂੰਹ, ਜਾ ਡਿੱਗਿਆ
ਬੜਬੋਲਾ, ਅਮਰੀਕਾ

ਸ਼ਾਇਦ, ਉਹ
ਧਰਤੀ ਵੱਲ ਦੇਖਣਾ
ਭੁੱਲ ਗਿਆ ਸੀ, ਉਸ ਦੀਆਂ
ਨਿਗਾਹਾਂ, ਹੁਣ, ਹੋਰਨਾਂ
ਧਰਤੀਆਂ, ਤਾਰਿਆਂ, ਉਪ–ਗ੍ਰਿਹਾਂ
ਵੱਲ ਸਨ

ਆਪਣੀ, ਧਰਤੀ ਦੇ ਲੋਕ
ਉਸ ਲਈ, ਮਹਿਜ਼
ਕੀੜਿਆਂ, ਮਕੌੜਿਆਂ, ਤੋਂ
ਵੱਧ, ਕੁਝ, ਵੀ
ਨਹੀਂ ਸਨ

ਅਮਰੀਕਾ ਦਾ ਪ੍ਰਧਾਨ
ਕਰੋਨਾ ਮਹਾਮਾਰੀ ਨਾਲ ਪੀੜਤ
ਦੋ ਲੱਖ ਅਮਰੀਕਾ ਵਾਸੀਆਂ ਦੀ
ਸੰਭਾਵੀ ਮੌਤ ਦਾ ਆਂਕੜਾ, ਇਸ ਤਰ੍ਹਾਂ
ਸਹਿਜ ਭਾਵ ਨਾਲ, ਸਵੀਕਾਰ
ਕਰਨ ਲਈ ਤਿਆਰ ਜਾਪਦਾ ਸੀ–
ਜਿਵੇਂ, ਕੋਈ, ਰਾਹ ਵਿੱਚ ਪਏ
ਕੇਲੇ ਦੇ ਛਿਲਕੇ ਤੋਂ, ਤਿਲਕ ਕੇ
ਡਿੱਗ ਜਾਣ ਬਾਹਦ, ਹਸਦਿਆਂ
ਆਪਣੀ, ਪਤਲੂਨ ਉੱਤੇ ਲੱਗੀ
ਮਿੱਟੀ ਝਾੜਦਿਆਂ, ਬੁੜਬੁੜਾਂਦਾ ਹੈ:
‘ਕੋਈ ਗੱਲ ਨਹੀਂ’

ਅਚਾਨਕ, ਅਮਰੀਕਾ

ਜਵਾਲਾ ਮੁਖੀ ਵਾਂਗ ਕੰਬਿਆ-
ਹਰ ਪਾਸੇ, ਇੱਕ ਹੀ, ਆਵਾਜ਼
ਗੂੰਜ ਉੱਠੀ:
'ਮੈਂ ਸਾਹ ਨਹੀਂ ਲੈ ਸਕਦਾ'

ਸ਼ਹਿਰ, ਸ਼ਹਿਰ, ਪਿੰਡ, ਪਿੰਡ, ਗਲੀ, ਗਲੀ
ਅੱਗ ਦੇ ਭਾਂਬੜ ਦਿਖਣ ਲੱਗੇ-
ਅਮਰੀਕਾ ਜਲ ਉੱਠਿਆ, ਜਿਵੇਂ
ਸੀਰੀਆ, ਇਰਾਕ ਜਾਂ ਲਿਬਨਾਨ ਹੋਵੇ

ਅਚਾਨਕ, ਅਮਰੀਕਾ
ਰੋਸ ਮੁਜਾਹਰਿਆਂ ਦੀ ਧਰਤੀ ਬਣ ਗਿਆ-

ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਨੌਜਵਾਨ, ਹਕੂਮਤ ਖਿਲਾਫ਼
ਨਾਹਰੇ ਬੁਲੰਦ ਕਰਦੇ ਹੋਏ
ਪੁਲਿਸ ਨਾਲ ਗੁੱਥਮ-ਗੁੱਥਾ ਹੋਣ ਲੱਗੇ

ਪੁਲਿਸ ਵੀ, ਬੇਕਾਬੂ ਹੋ ਰਹੀ
ਭੀੜ ਉੱਤੇ, ਡਾਂਗਾਂ ਦਾ ਮੀਂਹ
ਬਰਸਾ ਰਹੀ ਸੀ

ਇੱਕ ਵਾਰ, ਫਿਰ
ਹਰ ਤਰਫ਼, ਚਰਚਾ
ਹੋਣ ਲੱਗਾ ਸੀ-

ਅਮਰੀਕਾ ਵਿੱਚ
ਰੰਗਦਾਰ ਲੋਕਾਂ ਨਾਲ ਹੁੰਦੀਆਂ
ਜ਼ਿਆਦਤੀਆਂ, ਜ਼ੁਲਮਾਂ, ਨਸਲੀ ਵਿਤਕਰਿਆਂ ਦਾ

ਲੋਕ, ਇੱਕ ਵਾਰ, ਫਿਰ
ਜੈਸੀ ਜੈਕਸਨ, ਮਾਰਟਿਨ ਲੂਥਰ ਕਿੰਗ, ਨੈਲਸਨ ਮੰਡੇਲਾ
ਡੈਸਮੰਡ ਟੂਟੂ, ਮੁਹੰਮਦ ਅਲੀ, ਦੀਆਂ
ਗੱਲਾਂ ਕਰਨ ਲੱਗੇ ਸਨ

ਕੁਝ, ਤਾਂ
ਹੋਇਆ ਹੀ ਹੋਵੇਗਾ–

ਅਚਾਨਕ–
ਮੂਧੇ ਮੂੰਹ, ਜਾ ਡਿੱਗਿਆ
ਬੜਬੋਲਾ, ਅਮਰੀਕਾ
■

(ਅੰਬਾਲਾ ਛਾਉਣੀ, ਇੰਡੀਆ, ਜੂਨ 3, 2020)

# ਬਾਪੂ ਗਾਂਧੀ ਦੇ ਤਿੰਨ ਬਾਂਦਰ

ਹਕੂਮਤਾਂ, ਹਮੇਸ਼ਾ
ਤਿੰਨ ਬਾਂਦਰਾਂ ਦੀ
ਪੂਜਾ ਕਰਦੀਆਂ ਹਨ-

ਬਾਂਦਰ, ਜੋ
ਆਖਦੇ ਹਨ :
-ਨ ਕੁਝ ਦੇਖੋ
-ਨ ਕੁਝ ਸੁਣੋ
-ਨ ਕੁਝ ਬੋਲੋ

ਕਰੋਨਾ ਦਹਿਸ਼ਤ ਦੇ ਦੌਰ ਵਿੱਚ
ਅੰਗਿਆਰਾਂ ਵਾਂਗ, ਭਖਦੀਆਂ
ਸੜਕਾਂ ਉੱਤੇ, ਭੁੱਖੇ, ਪਿਆਸੇ, ਬੇਆਸਰਾ
ਲੋਕਾਂ ਦੇ, ਖ਼ੂਨ ਨਾਲ ਲੱਥ-ਪੱਥ
ਪੈਰਾਂ ਦੇ ਨਿਸ਼ਾਨ ਉੱਕਰਦੇ ਰਹੇ
ਰੇਲਵੇ ਪਟੜੀਆਂ ਉੱਤੇ, ਬੇਆਸਰਾ
ਲੋਕਾਂ ਦੇ ਜਿਸਮਾਂ ਦੇ ਚੀਥੜੇ ਹੁੰਦੇ ਰਹੇ

ਮਜਬੂਰੀ ਵੱਸ, ਘਰਾਂ 'ਚੋਂ ਬਾਹਰ ਨਿਕਲਦੇ
ਬੀਮਾਰੀਆਂ ਦੀ ਪੀੜਾ ਨਾਲ ਕਰਾਹ ਰਹੇ
ਲੋਕਾਂ ਦੇ ਸਿਰਾਂ ਉੱਤੇ, ਪੁਲਿਸ ਦੀਆਂ
ਡਾਂਗਾਂ ਦਾ ਮੀਂਹ ਵਰ੍ਹਦਾ ਰਿਹਾ

ਪਰ, ਸਾਡੇ, ਸ਼ਾਇਰ-
ਆਪਣੇ, ਆਪਣੇ, ਘਰਾਂ ਦੇ
ਤਹਿਖ਼ਾਨਿਆਂ ਵਿੱਚ ਬੈਠੇ
ਬਾਪੂ ਗਾਂਧੀ ਦੇ, ਤਿੰਨ ਬਾਂਦਰਾਂ
ਵੱਲੋਂ ਦਿੱਤੇ, ਮੰਤਰਾਂ ਦਾ
ਜਾਪ ਕਰਦੇ ਰਹੇ :
-ਨ ਕੁਝ ਦੇਖੋ
-ਨ ਕੁਝ ਸੁਣੋ

-ਨ ਕੁਝ ਬੋਲੋ

ਬਾਂਦਰਾਂ ਦੀ ਮੁਹੱਬਤ 'ਚ ਗ੍ਰੱਸੇ
ਸਾਡੇ, ਸ਼ਾਇਰਾਂ ਦੇ ਇਹ ਬੋਲ, ਹੀ
ਸ਼ਾਇਦ, ਉਨ੍ਹਾਂ ਦੇ
ਮੁਹੱਬਤੀ, ਗੀਤ ਸਨ-

ਉਨ੍ਹਾਂ ਦੀ-
ਮੁਹੱਬਤੀ, ਸ਼ਾਇਰੀ
ਸੀ, ਸ਼ਾਇਦ
■

(ਅੰਬਾਲਾ ਛਾਉਣੀ, ਇੰਡੀਆ, ਜੂਨ 12, 2020)

# ਅਨਲੌਂਕਡਾਊਨ

ਚਲੋ, ਯਾਰੋ–
ਹੁਣ, ਨਵੇਂ ਝੱਗੇ, ਪਜਾਮੇ, ਪਤਲੂਨਾਂ, ਸਿਵਾਈਏ
ਅਨਲੌਂਕਡਾਊਨ ਦਾ ਮੌਸਮ ਆ ਗਿਆ ਹੈ

ਚਲੋ, ਯਾਰੋ–
ਹੁਣ, ਬੱਸਾਂ, ਗੱਡੀਆਂ, ਜਹਾਜ਼ਾਂ, ਦੀਆਂ
ਟਿਕਟਾਂ ਬੁੱਕ ਕਰਵਾਈਏ
ਕਾਨਫਰੰਸਾਂ, ਸੈਮੀਨਾਰਾਂ, ਸੰਮੇਲਨਾਂ, ਦਾ
ਮੌਸਮ ਆ ਗਿਆ ਹੈ

ਸਕੂਲਾਂ, ਕਾਲਿਜਾਂ, ਵਿਸ਼ਵਵਿਦਿਆਲਿਆਂ, ਵਿੱਚ
ਜਦੋਂ, ਕਰੋਨਾ ਦਹਿਸ਼ਤ ਦਾ ਲੌਂਕਡਾਊਨ ਹੁੰਦਾ ਸੀ
ਘਰਾਂ ਦੇ ਖੂੰਜਿਆਂ ਵਿੱਚ ਸਿਮਟ ਕੇ
ਵਿਸਕੀ ਦੇ ਪੈੱਗ ਲਾਉਣ ਜੋਗੇ
ਰਹਿ ਗਏ ਸਨ, ਯਾਰ, ਸਾਰੇ
ਅਦਬੀ, ਤਰੰਨਮੀ, ਮਹਿਫ਼ਲਾਂ ਲਾਉਣ ਵਾਲੇ

ਅਦੀਬਾਂ, ਚਿੰਤਕਾਂ, ਬੁੱਧੀਜੀਵੀਆਂ, ਦੀਆਂ
ਜਿਵੇਂ, ਟੁੱਕੀਆਂ ਗਈਆਂ ਹੋਣ ਜੀਭਾਂ
ਸ਼ਹਿਰ ਵਿੱਚ ਕੋਈ ਵੀ ਬੋਲਦਾ ਨਹੀਂ ਸੀ

ਭੁੱਖੇ, ਪਿਆਸੇ, ਬੇਆਸਰਾ, ਲੋਕਾਂ ਦੀਆਂ
ਸੜਕਾਂ, ਪਾਰਕਾਂ, ਰੇਲਵੇ ਲਾਈਨਾਂ 'ਤੇ ਪਈਆਂ
ਲਾਸ਼ਾਂ ਨੂੰ ਕੋਈ ਗੌਲਦਾ ਨਹੀਂ ਸੀ

ਥਾਲੀਆਂ ਦੀ ਗੜਗੜਾਹਟ ਵਿੱਚ
ਮਸਤ ਸਨ ਸਭ, ਨੀਰੋ ਦੀ ਬੰਸਰੀ
ਦੀ ਧੁਣ ਵਿੱਚ ਗਲਤਾਨ ਹੋਏ
ਜੀ ਹਜ਼ੂਰੀ ਸ਼ਬਦਾਂ ਦੀ ਸੋਚ ਵਿੱਚ
ਚਿੰਤਨ ਕਰ ਰਹੇ

ਚਲੋ, ਯਾਰੋ–
ਹੁਣ, ਰੇਡੀਓ, ਟੀਵੀ, ਅਖਬਾਰਾਂ, 'ਚ ਛਾ ਜਾਈਏ
ਹੁਣ, ਹਕੂਮਤ ਦੀਆਂ ਨਜ਼ਰਾਂ 'ਚ ਨੰਬਰ ਬਣਾ ਆਈਏ
ਹੁਣ, ਘਰਾਂ ਵਿੱਚ ਬੈਠੇ ਰਹਿਣ ਦਾ ਵੇਲਾ ਨਹੀਂ
ਸੈਮੀਨਾਰਾਂ, ਕਾਨਫਰੰਸਾਂ, ਆਲਮੀ ਸੰਮੇਲਨਾਂ, ਦਾ
ਇਲਹਾਮ ਹੋ ਰਿਹਾ ਹੈ

ਚਲੋ, ਯਾਰੋ–
ਨਵੇਂ ਝੱਗੇ, ਪਜਾਮੇ, ਪਤਲੂਨਾਂ, ਸਿਵਾਈਏ
ਆਲਮੀ ਕਾਨਫਰੰਸਾਂ, ਸੰਮੇਲਨਾਂ, ਸੈਮੀਨਾਰਾਂ, ਦਾ
ਮੌਸਮ ਆ ਗਿਆ ਹੈ

ਚਲੋ, ਯਾਰੋ !
ਚਲੋ, ਯਾਰੋ !!
ਚਲੋ, ਯਾਰੋ !!!
■
(ਅੰਬਾਲਾ ਛਾਉਣੀ, ਇੰਡੀਆ, ਮਈ 31, 2020)

# ਸੰਸਥਾਵਾਂ

ਸੰਸਥਾਵਾਂ ਨੂੰ, ਜਦੋਂ
ਕਰੋਨਾ ਹੋ ਜਾਵੇ, ਤਾਂ
ਕੋਈ ਵੈਂਟੀਲੇਟਰ ਵੀ
ਉਨ੍ਹਾਂ ਨੂੰ, ਸਾਹ ਨਹੀਂ
ਦਿਵਾ ਸਕਦਾ-

ਫਿਰ, ਭਾਵੇਂ, ਹਕੂਮਤਾਂ
ਜਿੰਨੇ, ਮਰਜ਼ੀ, ਸਲਾਹਕਾਰ ਬੋਰਡ
ਬਣਾਈ ਜਾਣ, ਸੰਸਥਾਵਾਂ
ਆਪਣੇ, ਪੈਰੀਂ, ਤੁਰਨ
ਜੋਗੀਆਂ ਨਹੀਂ
ਹੋ ਸਕਦੀਆਂ

ਸੰਸਥਾਵਾਂ ਨੂੰ, ਕਰੋਨਾ
ਹੋਣ ਦੀਆਂ ਅਲਾਮਤਾਂ, ਉਦੋਂ ਹੀ
ਜ਼ਾਹਿਰ ਹੋਣੀਆਂ ਸ਼ੁਰੂ
ਹੋ ਜਾਂਦੀਆਂ ਹਨ, ਜਦੋਂ
ਇਨ੍ਹਾਂ ਸੰਸਥਾਵਾਂ ਦੀਆਂ
ਅਖੌਤੀ, ਸਲਾਹਕਾਰ ਕਮੇਟੀਆਂ ਦੇ
ਅਖੌਤੀ, ਸਾਹਿਤਕਾਰ, ਦੋ-ਦੋ, ਚਾਰ-ਚਾਰ
ਲੱਖ ਰੁਪਏ, ਇਨਾਮ-ਸਨਮਾਨ
ਆਪਣੀਆਂ ਹੀ, ਜੇਹਬਾਂ ਵਿੱਚ
ਪਾਉਣ ਲੱਗ ਜਾਂਦੇ ਹਨ

ਸੰਸਥਾਵਾਂ ਦੇ ਨਿਯਮਾਂ ਵਿੱਚ
ਚੋਰ-ਮੋਰੀਆਂ ਬਨਾਉਣ
ਲੱਗ ਜਾਂਦੇ ਹਨ

ਸੰਸਥਾਵਾਂ ਦੀਆਂ ਨੀਂਹਾਂ
ਢਾਹੁਣ ਲੱਗ ਜਾਂਦੇ ਹਨ

ਸੰਸਥਾਵਾਂ ਨੂੰ, ਜਦੋਂ
ਕਰੋਨਾ ਹੋ ਜਾਵੇ, ਤਾਂ
ਥਾਲੀਆਂ ਵਜਾਉਣ, ਜਾਂ
ਸੰਖ ਵਜਾਉਣ ਨਾਲ ਵੀ
ਇਨ੍ਹਾਂ ਨੂੰ, ਬਚਾਇਆ
ਨਹੀਂ ਜਾ ਸਕਦਾ-

ਹਾਂ, ਇਨ੍ਹਾਂ, ਸੰਸਥਾਵਾਂ ਦੇ
ਨਾਮ ਉੱਤੇ, ਵੰਡੇ ਜਾਣ ਵਾਲੇ
ਸਿਰੋਪਿਆਂ ਨੂੰ, ਭਾਵੇਂ, ਤੁਸੀਂ
ਸ਼ਹਿਰ ਦੇ, ਕਿਸੀ ਵੀ
ਲਲਾਰੀ ਤੋਂ, ਕਿਸੀ ਵੀ
ਰੰਗ ਵਿੱਚ, ਰੰਗਾ ਵੇਖੋ
ਤੁਹਾਨੂੰ-
ਇਸ ਗੱਲ ਦੀ
ਪੂਰੀ ਖੁੱਲ੍ਹ ਹੋਵੇਗੀ
■

(ਜੂਨ 6, 2020, ਅੰਬਾਲਾ ਛਾਉਣੀ, ਇੰਡੀਆ)

# ਕਸੂਰ

ਅਧਿਆਪਕਾਂ ਨੂੰ
ਤਨਖਾਹਾਂ ਨ ਮਿਲੀਆਂ, ਤਾਂ
ਉਹ, ਅਖਬਾਰਾਂ ਵਿੱਚ
ਧੂੰਆਂਧਾਰ, ਲਿਖਤਾਂ ਲਿਖਣ ਲੱਗੇ

ਮਜ਼ਦੂਰਾਂ ਨੂੰ
ਦਿਹਾੜੀਆਂ ਨ ਮਿਲੀਆਂ, ਤਾਂ
ਉਹ, ਸੜਕਾਂ ਉੱਤੇ ਆ, ਸ਼ੌਰੀਲੇ
ਰੋਸ ਮੁਜਾਹਰੇ ਕਰਨ ਲੱਗੇ

ਬਜ਼ੁਰਗਾਂ ਨੂੰ
ਪੈਨਸ਼ਨਾਂ, ਭੱਤੇ, ਨ ਮਿਲੇ, ਤਾਂ
ਉਹ, ਆਂਢੀਆਂ, ਗਵਾਂਢੀਆਂ, ਕੋਲ
ਸਰਕਾਰ ਦੀ ਮਿਟੀ ਪਲੀਤ ਕਰਨ ਲੱਗੇ

ਰਸੋਈ ਕਾਮਿਆਂ ਨੂੰ
ਲੌਕਡਾਊਨ ਕਾਰਨ, ਘਰਾਂ ਦੇ
ਮਾਲਿਕਾਂ ਨੇ ਪੈਸੇ ਨ ਦਿੱਤੇ, ਤਾਂ
ਉਹ, ਘਰਾਂ ਦੇ ਬਾਹਰ ਖੜ੍ਹੋ ਕੇ
ਰੋਣ-ਕੁਰਲਾਉਣ ਲੱਗੇ

ਖੇਤ ਕਾਮਿਆਂ ਨੂੰ
ਫਸਲਾਂ ਤਬਾਹ ਹੋ ਜਾਣ ਕਾਰਨ
ਕਿਸਾਨਾਂ ਨੇ ਪੈਸੇ ਨ ਦਿੱਤੇ, ਤਾਂ
ਉਹ, ਕਿਸਾਨਾਂ ਖਿਲਾਫ਼
ਅਦਾਲਤਾਂ 'ਚ ਜਾਣ ਦੀਆਂ
ਧਮਕੀਆਂ ਦੇਣ ਲੱਗੇ

ਇਸ ਸਭ ਕੁਝ ਲਈ
ਹੁਣ, ਕਸੂਰ

ਕਿਸਦਾ ਕੱਢੋਗੇ–

ਕਰੋਨਾ ਮਹਾਮਾਰੀ ਨੂੰ
ਦੂਰ ਭਜਾਉਣ ਲਈ, ਤਾਂ
ਸਮੁੱਚਾ ਦੇਸ਼ ਹੀ
ਥਾਲੀਆਂ ਵਜਾਉਣ
ਦੀਵੇ ਜਗਾਉਣ
ਵਿੱਚ, ਪੂਰੀ ਤਰ੍ਹਾਂ
ਮਦਮਸਤ ਸੀ

ਕੀ ਕਿਸੀ ਨੂੰ, ਉਦੋਂ
ਕੋਈ ਫਿਕਰ ਸੀ–

ਅਧਿਆਪਕਾਂ, ਮਜ਼ਦੂਰਾਂ, ਕਾਮਿਆਂ, ਬਜ਼ੁਰਗਾਂ, ਨੂੰ
ਤਨਖਾਹਾਂ, ਪੈਨਸ਼ਨਾਂ, ਭੱਤੇ, ਦੇਣ, ਲਈ
ਪੈਸਾ ਕਿੱਥੋਂ ਆਵੇਗਾ
■

(ਅੰਬਾਲਾ ਛਾਉਣੀ, ਇੰਡੀਆ, ਜੂਨ 10, 2020)

# ਸ਼ਾਇਰੀ

ਜਿਨ੍ਹਾਂ ਸ਼ਾਇਰਾਂ ਦਾ
ਆਮ ਲੋਕਾਂ ਦੀ ਜ਼ਿੰਦਗੀ ਨਾਲ
ਕੋਈ ਸਬੰਧ ਨਹੀਂ ਹੁੰਦਾ–

ਭਾਵੇਂ, ਕਰੋਨਾ ਮਹਾਮਾਰੀ
ਸੰਕਟ ਹੋਵੇ, ਚਾਹੇ
ਪਲੇਗ਼ ਦਾ ਪਾਸਾਰ
ਉਹ, ਤਾਂ
ਹਰ ਮੁਸ਼ਹਿਰੇ ਵਿੱਚ
ਆਪਣੀ ਧੁਨ ਵਿੱਚ, ਮਦਮਸਤ
ਬਸ, ਕਹੀ ਜਾਣਗੇ :
ਵੀਰ ਮੇਰਿਆ, ਜ਼ਰਾ ਧਿਆਨ ਕਰੀਂ
ਇਸ ਖ਼ੂਬਸੂਰਤ ਸ਼ੇਅਰ ਦੀ
ਤਰੰਨਮ ਵਿੱਚ ਪੇਸ਼ਕਾਰੀ ਵੱਲ

ਵੇਖ, ਕਿਵੇਂ, ਮੈਂ
ਲੈਅ, ਤੋਲ, ਤੁਕਾਂਤ, ਵਿੱਚ
ਬੰਨ੍ਹ ਦਿੱਤਾ ਹੈ, ਗ਼ਜ਼ਲ ਦਾ
ਹਰ ਸ਼ੇਅਰ, ਜਿਵੇਂ
ਕਿੱਲੇ ਨਾਲ, ਕਿਸੀ ਨੇ
ਅੜਿੰਗਦੀ, ਮੱਝ
ਬੰਨ੍ਹ ਦਿੱਤੀ ਹੋਵੇ

ਉਹ, ਤਾਂ
ਹਰ ਮੁਸ਼ਹਿਰੇ ਵਿੱਚ
ਮੁਸਕਰਾਹਟ ਭਰੇ ਚਿਹਰੇ ਨਾਲ
ਕਹਿਣਗੇ : ਵੇਖੋ, ਕਿਵੇਂ
ਮੇਰੀ ਗ਼ਜ਼ਲ ਦੇ ਸ਼ੇਅਰ
ਕਿਸੇ ਬੱਕਰੀ ਦੇ ਪੈਰਾਂ ‘ਚ
ਪਾਈਆਂ ਝਾਂਜਰਾਂ ਵਾਂਗ
ਛਣਣ, ਛਣਣ, ਕਰਦੇ ਹਨ

ਕਰੋਨਾ ਮਹਾਮਾਰੀ, ਜਾਂ
ਪਲੇਗ਼ ਮਹਾਮਾਰੀ ਤੋਂ, ਕਿਸੇ ਨੇ
ਕੀ ਲੈਣਾ ਹੈ–

ਰਾਖਾ ਸਭ ਦਾ
ਆਪ, ਸੱਚਾ ਕਰਤਾਰ
■

(ਅੰਬਾਲਾ ਛਾਉਣੀ, ਇੰਡੀਆ, ਜੂਨ 15, 2020)

# ਰੱਬ ਦੇ ਏਜੰਟ

ਚਲੋ, ਅਰਦਾਸ
ਕਰੀਏ-

ਰੱਬ ਦੇ ਏਜੰਟ
ਭਾਈ, ਪੰਡਤ, ਮੁੱਲਾਂ, ਪਾਦਰੀ
ਜੋ, ਕਰੋਨਾ ਮਹਾਮਾਰੀ ਦੀ ਦਹਿਸ਼ਤ
ਕਾਰਨ, ਰੱਬ ਦੇ ਘਰਾਂ ਨੂੰ ਵੀ
ਤਾਲੇ ਲੱਗ ਜਾਣ ਕਾਰਨ
ਰੋਟੀ-ਪਾਣੀ ਤੋਂ ਵੀ
ਆਤਰ ਹੋ ਗਏ ਸਨ
ਉਨ੍ਹਾਂ ਨੂੰ, ਵੀ
ਰੋਟੀ-ਪਾਣੀ ਮਿਲੇ

ਉਹ, ਵੀ
ਅਖੰਡ ਪਾਠਾਂ ਦੀ
ਐਡਵਾਂਸ ਬੁਕਿੰਗ ਕਰ ਸਕਣ, ਜਿਵੇਂ
ਰੈਸਟੋਰੈਂਟਾਂ, ਬੈਂਕੁਟ ਹਾਲਾਂ, ਕਮਿਊਨਿਟੀ ਸੈਂਟਰਾਂ ਦੀ
ਬੁਕਿੰਗ ਸ਼ੁਰੂ ਹੋਣ ਦਾ
ਐਲਾਨ ਹੋ ਚੁੱਕਾ ਹੈ

ਚਲੋ, ਅਰਦਾਸ
ਕਰੀਏ-

ਕਰੋਨਾ ਮਹਾਮਾਰੀ ਸੰਕਟ ਕਾਰਨ
ਜਿਨ੍ਹਾਂ ਲੋਕਾਂ ਨੇ ਮੰਨ ਲਿਆ ਸੀ-
ਰੱਬ ਮਰ ਚੁੱਕਾ ਹੈ, ਉਨ੍ਹਾਂ ਨੂੰ ਵੀ
ਕੁਝ, ਧੀਰਜ ਮਿਲੇ

ਹਕੂਮਤ ਦੀ ਮਿਹਰਨਬਾਨੀ
ਅਖੰਡ ਪਾਠਾਂ ਦੀ
ਮੰਡੀ ਵਿੱਚ ਵੀ

ਐਡਵਾਂਸ ਬੁਕਿੰਗ
ਸ਼ੁਰੂ ਹੈ

ਆਓ, ਭਗਤੋ–
ਢੋਲਕੀਆਂ, ਛੈਣੇ, ਖੜਕਾਓ
ਦੀਵੇ, ਮੋਮਬੱਤੀਆਂ, ਜਗਾਓ
ਝੋਲੇ ਭਰ ਭਰ
ਨੋਟਾਂ ਦੇ, ਲੈ ਕੇ
ਆਓ

ਭਾਵੇਂ, ਲਿਆਓ–
ਵਿਸਕੀ ਦੀਆਂ ਬੋਤਲਾਂ
ਰੰਮ, ਵੋਦਕਾ, ਬਰਾਂਡੀ, ਮਾਰਟੀਨੀ
ਦੇਵੀ-ਦੇਵਤਿਆਂ ਨੂੰ
ਸਭ ਮਨਜ਼ੂਰ ਹੈ
ਇਸ ਲੰਬੀ, ਕੁਲਹਿਣੀ
ਔੜ ਤੋਂ ਬਾਹਦ

'ਫਸਟ ਕਮ, ਫਸਟ ਸਰਵ'
ਨੋਟਿਸ ਲੱਗ ਗਏ ਹਨ

ਸਭ, ਰੱਬ ਦੇ ਘਰਾਂ ਅੱਗੇ
■

(ਅੰਬਾਲਾ ਛਾਉਣੀ, ਇੰਡੀਆ, ਮਾਰਚ 24, 2020)

# ਦੇਸ਼ ਦੀ ਮਾਨਸਿਕਤਾ

ਹਿੰਦੁਸਤਾਨ, ਬੇਪ੍ਰਵਾਹ
ਲੋਕਾਂ ਦਾ ਦੇਸ਼ ਹੈ-

ਖਬਰ ਹੈ, ਇੱਥੇ
ਚੌਦਾਂ ਲੱਖ ਲੋਕ
ਕਰੋਨਾ ਪੀੜਤ ਹਨ

ਪਰ, ਇਸ ਦੀ ਚਿੰਤਾ
-ਨ ਜਨਤਾ ਨੂੰ ਹੈ
-ਨ ਮੀਡੀਆ ਨੂੰ ਹੈ
-ਨ ਸਰਕਾਰ ਨੂੰ ਹੈ

ਹਰ ਕੋਈ, ਦੀਵਾਲੀ ਵਾਂਗ
ਦੀਵੇ ਜਗਾ ਕੇ, ਮੰਦਰ ਦੀ ਉਸਾਰੀ ਦਾ
ਜਸ਼ਨ ਮਨਾਉਣ ਦੇ
ਚਾਅ ਵਿੱਚ ਝੂਮ
ਰਿਹਾ ਹੈ

ਰਾਮ ਲੱਲਾ ਆਉਣਗੇ
ਕਰੋਨਾਵਾਇਰਸ ਨਾਲ ਮਰ ਚੁੱਕੇ
ਹਜ਼ਾਰਾਂ, ਲੋਕਾਂ ਨੂੰ ਸੰਜੀਵਨੀ ਬੂਟੀ
ਸੁੰਘਾਉਣਗੇ

ਸਭ ਮੁਰਦੇ
ਸਿਵਿਆਂ 'ਚੋਂ ਉੱਠ
ਖੁਸ਼ੀ ਵਿੱਚ ਝੂਮਦੇ ਹੋਏ
ਹੱਥਾਂ 'ਚ ਸੁਦਰਸ਼ਨ ਚੱਕਰ ਫੜ੍ਹ
ਅਯੁੱਧਿਆ ਦੀਆਂ ਸੜਕਾਂ ਉੱਤੇ
ਹਰ ਹਰ ਮੋਦੀ ਦਾ ਜਾਪ ਕਰਦਿਆਂ
ਕਰੋਨਾ ਰਾਖਸ਼ਸ਼ ਨਾਲ
ਯੁੱਧ ਕਰਨ ਲਈ

ਜੁੱਟ ਜਾਣਗੇ

ਫਿਰ, ਦੇਸ਼ ਵਿੱਚ
ਹਰ ਪਾਸੇ, ਰਾਮਰਾਜ
ਸਥਾਪਤ ਹੋ ਜਾਏਗਾ-

ਹਰ ਪਰਾਂਤਕ, ਮੁੱਖ ਮੰਤਰੀ
ਵਿਧਾਨ ਸਭਾ ਦੇ ਗੁੰਬਦ ਉੱਤੇ ਚੜ੍ਹ
ਆਪਣੇ ਸਮੂਹ ਵਿਧਾਇਕਾਂ ਸੰਗ
ਹਨੂੰਮਾਨ ਚਾਲੀਸਾ ਦਾ
ਪਾਠ ਪੜ੍ਹੇਗਾ

ਕਰੋਨਾਵਾਇਰਸ ਮਹਾਮਾਰੀ ਸੰਕਟ
ਫਿਰ, ਛੂਮੰਤਰ ਵਾਂਗ
ਸਾਰੇ ਦੇਸ਼ 'ਚੋਂ
ਉੱਡ ਜਾਏਗਾ
■

(ਅੰਬਾਲਾ ਛਾਉਣੀ, ਇੰਡੀਆ, ਜੁਲਾਈ 27, 2020)

# ਕਰੋਨਾ ਮਾਫ਼ੀਆ

ਦਵਾਈਆਂ ਵੇਚਣ ਵਾਲੇ
ਵਿਉਪਾਰੀਆਂ ਦੀ, ਜਦੋਂ
ਮੁਨਾਫ਼ਾ ਕਮਾਉਣ ਦੀ ਭੁੱਖ
ਵਧਣ ਲੱਗੀ, ਤਾਂ, ਉਨ੍ਹਾਂ-
ਕਰੋਨਾਵਾਇਰਸ ਦੀ ਰੋਕਥਾਮ ਕਰਨ ਵਾਲੇ
ਟੀਕਿਆਂ ਦੀ ਕੀਮਤ, ਕਈ, ਕਈ
ਗੁਣਾਂ ਵਧਾ, ਕਾਲੇ ਬਾਜ਼ਾਰ ਦਾ
ਧੰਦਾ ਗਰਮਾ ਦਿੱਤਾ

ਘੁਟਾਲੇ ਕਰਨ ਵਾਲੇ
ਰਾਜਨੀਤੀਵਾਨਾਂ ਦੀ, ਜਦੋਂ
ਆਰਥਿਕ ਲੁੱਟ ਮਚਾਉਣ ਦੀ
ਭੁੱਖ ਵਧਣ ਲੱਗੀ, ਤਾਂ, ਉਨ੍ਹਾਂ-
ਕਰੋਨਾਵਾਇਰਸ ਨਾਲ ਪੀੜਤ ਲੋਕਾਂ ਦਾ
ਇਲਾਜ ਕਰ ਰਹੇ ਡਾਕਟਰਾਂ ਵੱਲੋਂ
ਆਪਣੀ ਸੁਰੱਖਿਆ ਲਈ ਪਹਿਨਣ ਵਾਲੇ
ਕੱਪੜਿਆਂ ਦੀ ਖਰੀਦ ਦੇ, ਬਦੇਸ਼ੀ
ਸੌਦਿਆਂ ਵਿੱਚ ਵੀ, ਕਰੋੜਾਂ
ਰੁਪਏ ਦੀ, ਹੇਰਾ ਫੇਰੀ
ਕਰ ਲਈ

ਹਸਪਤਾਲਾਂ ਅਤੇ ਟੈਸਟ ਲੈਬਾਂ ਦੇ
ਮਾਲਿਕਾਂ ਦੀ, ਜਦੋਂ
ਰਾਤੋ-ਰਾਤ, ਅਮੀਰ ਬਨਣ ਦੀ
ਭੁੱਖ ਵਧਣ ਲੱਗੀ, ਤਾਂ, ਉਨ੍ਹਾਂ-
ਸਿਹਤਮੰਦ ਲੋਕਾਂ ਨੂੰ ਵੀ
ਕਰੋਨਾਵਾਇਰਸ ਪੀੜਤ ਕਹਿ
ਉਨ੍ਹਾਂ ਤੋਂ, ਇਲਾਜ ਦੇ
ਝੂਠੇ ਬਿਲ ਬਣਾ, ਲੱਖਾਂ ਰੁਪਏ
ਲੁੱਟ ਲਏ

ਹਵਾਈ ਕੰਪਨੀਆਂ ਦੇ
ਮਾਲਿਕਾਂ ਦੀ, ਜਦੋਂ
ਭ੍ਰਿਸ਼ਟਾਚਾਰ ਦੇ ਪਾਣੀਆਂ ਦੀ
ਵਗ ਰਹੀ ਗੰਗਾ 'ਚ
ਹੱਥ ਧੋ ਲੈਣ ਦੀ ਭੁੱਖ
ਵਧਣ ਲੱਗੀ, ਤਾਂ, ਉਨ੍ਹਾਂ-
ਕਰੋਨਾ ਸੰਕਟ ਕਾਰਨ, ਬਦੇਸ਼ਾਂ 'ਚ ਫਸੇ
ਦੇਸ਼ਵਾਸੀਆਂ ਨੂੰ ਦੇਸ਼ ਵਾਪਿਸ
ਲਿਆਉਣ ਬਦਲੇ, ਹਵਾਈ ਜਹਾਜ਼ਾਂ ਦੀ
ਟਿਕਟ ਦੇ, ਤਿੰਨ ਤਿੰਨ ਗੁਣਾਂ
ਕਿਰਾਏ, ਸਵਾਰੀਆਂ ਤੋਂ
ਝਾੜ ਲਏ

ਦੇਸ਼ ਦੀ ਹਕੂਮਤ ਦੇ
ਟੈਕਸ ਵਿਭਾਗ ਦੀ, ਜਦੋਂ
ਜਨਤਾ ਨੂੰ ਲੁੱਟਣ ਦੀ ਭੁੱਖ
ਵਧਣ ਲੱਗੀ, ਤਾਂ, ਉਨ੍ਹਾਂ-
ਕਰੋਨਾ ਸੰਕਟ ਦੀ, ਪਹਿਲਾਂ ਹੀ
ਬੁਰੀ ਤਰ੍ਹਾਂ, ਮਾਰ ਝੱਲ ਚੁੱਕੇ
ਆਰਥਿਕ ਪੱਖੋਂ, ਕੰਗਾਲ ਹੋ ਚੁੱਕੇ
ਲੋਕਾਂ ਉੱਤੇ, ਹੋਰ ਨਵੇਂ
ਕਰੋਨਾ ਟੈਕਸਾਂ ਦਾ, ਵਾਧੂ
ਭਾਰ ਪਾ, ਉਨ੍ਹਾਂ ਦਾ
ਲੱਕ ਤੋੜ ਦਿੱਤਾ

ਕਰੋਨਾ ਮਹਾਮਾਰੀ, ਤਾਂ
ਅਮੀਰਾਂ ਦੀ, ਇੱਕ
ਸੋਚੀ-ਸਮਝੀ, ਸਜ਼ਿਸ਼
ਬਣ ਕੇ ਰਹਿ ਗਈ ਹੈ-

ਬਹੁ-ਰੂਪੀ, ਮੁਖੌਟੇ
ਚਿਹਰਿਆਂ ਉੱਤੇ, ਪਹਿਣ-
ਇਹ ਬਘਿਆੜ, ਖ਼ੂਨ, ਤਾਂ
ਆਮ ਬੰਦੇ ਦਾ ਹੀ

ਚੂਸਦੇ ਰਹੇ ਹਨ

ਲੁੱਟਦੇ ਤਾਂ, ਇਹ
ਆਮ ਆਦਮੀ ਨੂੰ ਹੀ
ਰਹੇ ਹਨ

ਜ਼ਿੰਦਗੀ ਨਾਲ ਸਬੰਧਤ
ਚਾਹੇ, ਇਹ
ਕੋਈ ਵੀ ਖੇਤਰ
ਕਿਉਂ ਨ ਹੋਵੇ
■

(ਅੰਬਾਲਾ ਛਾਉਣੀ, ਇੰਡੀਆ, ਜੁਲਾਈ 30, 2020)

# ਦੇਸ ਵਾਪਸੀ

ਕਰੋਨਾ ਦੀ ਦਹਿਸ਼ਤ ਨੇ
ਹਵਾਈ ਅੱਡਿਆਂ ਦੁਆਲੇ ਵੀ
ਲਛਮਣ ਰੇਖਾ ਵਾਹ ਦਿੱਤੀ-

ਯਾਤਰੀ ਧਰਤੀ ਦੇ ਜਿਸ ਕਿਸੀ
ਹਿੱਸੇ ਵਿੱਚ ਵੀ ਬੈਠਾ ਸੀ
ਉੱਥੇ ਹੀ ਬੈਠਾ ਰਹਿ ਗਿਆ

ਹਕੂਮਤਾਂ ਵੱਲੋਂ, ਜ਼ਬਰਦਸਤੀ
ਠੋਸਿਆ ਗਿਆ, ਮਹੀਨਿਆਂ ਬੱਧੀ
ਬਣਵਾਸ ਕੱਟਣ ਲਈ

ਦੇਸ ਪਰਤਿਆ, ਤਾਂ
ਇਹ ਗੱਲ ਮੇਰੇ ਕੰਨੀਂ ਪਈ-
ਬਾਂਦਰਾਂ ਦੀ ਗਿਣਤੀ 'ਚ
ਭਾਰੀ ਵਾਧਾ ਹੋ ਗਿਆ ਹੈ
ਥਾਂ, ਥਾਂ, ਪਿਸਤੌਲਾਂ, ਬੰਦੂਕਾਂ, ਨਾਲ
ਠੂਹ, ਠਾਹ, ਹੋ ਰਹੀ ਹੈ

ਬੰਦਿਆਂ ਦੀ ਬਸਤੀ, ਹੁਣ
ਬਾਂਦਰਾਂ ਦੀ ਬਸਤੀ 'ਚ
ਬਦਲਦੀ ਜਾ ਰਹੀ ਹੈ

ਦੇਸ ਪਰਤਿਆ, ਤਾਂ
ਇਹ ਗੱਲ ਮੇਰੇ ਕੰਨੀਂ ਪਈ-
ਕੈਨੇਡਾ ਦੇ ਪੰਜਾਬੀ ਮੀਡੀਆ ਨੂੰ
ਅਜੇ ਵੀ, ਪਹਿਲਾਂ ਵਾਂਗ ਹੀ
ਪੰਜਾਬ ਵਿੱਚ ਵੱਧ ਰਹੀ
ਕਰੋਨਾ ਮਹਾਮਾਰੀ ਦੀ ਹੀ ਚਿੰਤਾ ਹੈ
ਪਰ, ਕਰੋਨਾ ਮਹਾਮਾਰੀ ਵੱਲੋਂ ਕੀਤੀ ਗਈ
ਕੈਨੇਡਾਵਾਸੀਆਂ ਦੀ ਤਬਾਹੀ ਬਾਰੇ

ਉਹ, ਘੱਟ ਹੀ, ਕੋਈ
ਗੱਲ ਕਰਦੇ ਹਨ

ਦੇਸ ਪਰਤਿਆ, ਤਾਂ
ਇਹ ਗੱਲ ਮੇਰੇ ਕੰਨੀਂ ਪਈ-
ਪੰਜਾਬੀ ਸਾਹਿਤ ਸਭਾਵਾਂ ਵਿੱਚ, ਅਜੇ ਵੀ
ਲੋਕ 'ਲਗਤਾ ਨਹੀਂ ਹੈ ਦਿਲ ਮੇਰਾ
ਉੱਜੜੇ ਦਿਆਰ ਮੇਂ' ਗੁਣਗੁਣਾ ਕੇ
ਆਪਣਾ ਸਮਾਂ ਬਤੀਤ ਕਰਦੇ ਹਨ
'ਕਰੋਨਾ ਮਹਾਮਾਰੀ ਨੇ ਦੇਸਵਾਸੀਆਂ ਨੂੰ
ਕਿਵੇਂ ਝੰਭਿਆ' ਜਿਹੇ ਵਿਸ਼ੇ, ਅਜੇ ਵੀ
ਕੈਨੇਡੀਅਨ ਪੰਜਾਬੀ ਸਾਹਿਤਕਾਰਾਂ ਦੀ
ਮਾਨਸਿਕਤਾ ਨੂੰ ਜੰਜੋੜ ਨਹੀਂ ਰਹੇ

ਦੇਸ ਪਰਤਿਆ, ਤਾਂ
ਇਹ ਗੱਲ ਮੇਰੇ ਕੰਨੀਂ ਪਈ-
ਕੁਝ ਲੋਕ ਕਰੋਨਾ ਮਹਾਮਾਰੀ ਦੇ ਦਹਿਸ਼ਤ
ਭਰੇ ਮਾਹੌਲ ਵਿੱਚ ਵੀ, ਆਪਣੀਆਂ
ਅੰਤਰੀਵ ਇਛਾਵਾਂ ਦੀ ਪੂਰਤੀ ਖਾਤਰ
ਖਾਲਿਸਤਾਨ ਰੈਫਰੈਂਡਮ ਜਿਹੇ ਰਾਜਸੀ ਸੁਆਲਾਂ
ਬਾਰੇ ਹੀ ਚਿੰਤਤ ਹਨ, ਨ ਕਿ
ਕਰੋਨਾ ਸੰਕਟ ਕਾਲ ਦੀਆਂ
ਆਰਥਿਕ, ਸਮਾਜਿਕ, ਸਭਿਆਚਾਰਕ, ਸਿਹਤਕ
ਸਮੱਸਿਆਵਾਂ ਦੀਆਂ, ਚੁਣੌਤੀਆਂ ਨਾਲ
ਯੁੱਧ ਲੜਨ ਲਈ
ਚਿੰਤਤ ਹੋਣ ਦੇ
■

(ਮਾਲਟਨ, ਅਗਸਤ 22, 2020)

# ਲੋਕ ਬੋਲੀਆਂ

ਬਾਂਦਰ ਬਾਂਦਰ ਕਰਿਆ ਨ ਕਰ
ਬਾਂਦਰ ਦੇਸ 'ਚ ਬਥੇਰੇ
ਬਾਂਦਰ ਬੈਠੇ ਦੇਸ ਦੀ ਰਾਜ ਗੱਦੀ ਤੇ
ਬਾਂਦਰਾਂ ਲਾ ਲਏ ਪਾਰਲੀਮੈਂਟ ਵਿੱਚ ਡੇਰੇ
ਬਾਂਦਰ ਬਣ ਗਏ ਸਾਹਿਤ ਸਭਾਵਾਂ, ਅਕੈਡਮੀਆਂ, ਦੇ ਘੜੰਮ ਚੌਧਰੀ
ਸਾਹਿਤਕ ਮਾਹੌਲ ਗੰਧਲੇ ਕਰਤੇ ਬਥੇਰੇ
ਟੀਵੀ ਚੈਨਲਾਂ ਤੇ ਐਂਕਰ ਬਣਕੇ ਬਹਿ ਗਏ ਬਾਂਦਰ
ਝੂਠੀਆਂ ਖਬਰਾਂ ਦੇਣ ਉਹ ਸ਼ਾਮ, ਰਾਤ, ਸਵੇਰੇ
ਕਰੋਨਾ ਦੇ ਨਾਂ ਤੇ ਖਾਹ ਗਏ ਅਰਬਾਂ ਰੁਪਈਏ
ਜ਼ੂਮ ਵੈਬੀਨਾਰਾਂ 'ਚ ਗੱਜਦੇ ਫਿਰਨ ਫਸਲੀ ਬਟੇਰੇ
ਨੱਚ ਲੈ ਮੋਰਨੀਏਂ
ਬਾਂਦਰ ਚੋਗਾ ਪਾਉਣਗੇ
ਤੈਨੂੰ ਬਥੇਰੇ
ਨੱਚ ਲੈ ਮੋਰਨੀਏਂ

ਕਰੋਨਾ ਕਰੋਨਾ ਕਰਿਆ ਨ ਕਰ
ਕਰੋਨਾ ਦੇ ਨਾਂ ਉੱਤੇ ਲੁੱਟਣ ਵਾਲੇ ਬਥੇਰੇ
ਜਣੇ ਖਣੇ ਨੂੰ ਕਰੋਨਾ ਮਰੀਜ਼ ਦਸਕੇ ਲੁੱਟਣ
ਝੂਠੇ ਡਾਕਟਰ, ਨਰਸਾਂ, ਬਣੇ ਫਿਰਦੇ ਲੁਟੇਰੇ
ਕਰੋਨਾ ਦੇ ਨਾਂ ਉੱਤੇ ਨਕਲੀ ਦਵਾਈਆਂ ਵੇਚਦੇ ਫੜੇ ਗਏ ਕਈ ਯੋਗੀ
ਗਊ ਮੂਤਰ, ਗੋਬਰ, ਵੇਚ ਵੇਚ ਕੇ ਉਨ੍ਹਾਂ ਭਰ ਲਏ ਬੈਂਕ ਬਥੇਰੇ
ਕਰੋਨਾ ਦੇ ਨਾਂ ਉੱਤੇ ਜ਼ਹਿਰ ਦੀਆਂ ਪੁੜੀਆਂ ਵੰਡਣ ਟੀਵੀ ਐਂਕਰ
ਫਨੀਅਰ ਸੱਪਾਂ ਵਰਗੇ ਰਾਜਨੀਤੀਵਾਨ ਉਨ੍ਹਾਂ ਦੇ ਸੰਗੀ ਸਾਥੀ ਘਨੇਰੇ
ਅੰਨ੍ਹੇ ਭਗਤ ਵਜਾਉਂਦੇ ਫਿਰਦੇ ਥਾਲੀਆਂ, ਚਮਚੇ
ਗਲੀਆਂ 'ਚ ਧਰਮੀ ਕੱਟੜਵਾਦੀ ਸੱਪ ਛੱਡਦੇ ਫਿਰਨ ਸਪੇਰੇ
ਨੱਚ ਲੈ ਮੋਰਨੀਏਂ
ਅੰਨ੍ਹੇ ਭਗਤ ਵੀ
ਨੱਚਣਗੇ ਨਾਲ ਤੇਰੇ
ਨੱਚ ਲੈ ਮੋਰਨੀਏਂ

■

(ਮਾਲਟਨ, ਅਗਸਤ 25, 2020)

# ਚਾਅ

ਹਿੰਦੁਸਤਾਨ, ਜਦੋਂ
ਕਰੋਨਾ ਯੁੱਧ-ਭੂਮੀ ਦਾ
ਵਿਸ਼ਵ-ਕੇਂਦਰ ਬਣ ਗਿਆ, ਤਾਂ
ਬਹੁਤ ਚਾਅ ਸੀ, ਆਪਣੇ
ਦੇਸ ਪਰਤ ਜਾਣ ਦਾ-

ਕੈਨੇਡਾ ਪਰਤਾਂਗਾ, ਤਾਂ
ਆਂਢੀਆਂ, ਗੁਆਂਢੀਆਂ, ਦੋਸਤਾਂ, ਸਾਥੀਆਂ, ਨਾਲ
ਖੁੱਲ੍ਹ ਕੇ ਗੱਲਾਂ ਕਰਾਂਗਾ

ਪੁੱਛਾਂਗਾ :
ਕਰੋਨਾ ਮਹਾਮਾਰੀ ਦੀ
ਦਹਿਸ਼ਤ ਦੇ ਦਿਨਾਂ ਵਿੱਚ
ਜ਼ਿੰਦਗੀ, ਕਿਵੇਂ ਗੁਜ਼ਰਦੀ ਸੀ-

ਕੀ, ਲੌਕਡਾਊਨ ਦੇ ਦਿਨਾਂ ਵਿੱਚ
ਇੱਥੇ ਵੀ, ਜ਼ਰੂਰੀ ਕੰਮ ਕਾਰਨ
ਘਰੋਂ ਬਾਹਰ ਨਿਕਲਣ ਵੇਲੇ
ਪੁਲਿਸ, ਡਾਂਗਾਂ ਨਾਲ, ਕੁੱਟ, ਕੁੱਟ
ਲਹੂ-ਲੁਹਾਨ ਕਰ ਦਿੰਦੀ ਸੀ-

ਕੀ, ਦੁੱਧ ਲਈ ਤੜਪ ਰਹੇ
ਨਿੱਕੇ, ਬਾਲ ਨੂੰ ਛਾਤੀ ਨਾਲ ਲਗਾਈ
ਕਿਸੀ ਮਾਂ ਨੂੰ, ਪੁਲਿਸ ਦੇ, ਬੇਰਹਿਮ
ਸਿਪਾਹੀਆਂ ਕੋਲੋਂ, ਲੁੱਚੀਆਂ ਗਾਹਲਾਂ ਦੀ
ਬੁਛਾੜ ਸੰਗ, ਮਾਨਸਿਕ ਤੌਰ ਉੱਤੇ
ਜ਼ਖਮੀ ਹੋਣਾ ਪੈਂਦਾ ਸੀ-

ਕੀ, ਪੁਲਿਸ, ਭੁੱਖਾਂ ਦੇ ਸਤਾਏ
ਗਰੀਬ ਮਜ਼ਦੂਰਾਂ ਨੂੰ, ਨੰਗੇ ਪੈਰਾਂ ਨਾਲ
ਅੰਗਿਆਰਾਂ ਵਾਂਗ, ਭਖਦੀਆਂ ਸੜਕਾਂ ਉੱਤੇ

ਤੁਰੇ ਜਾਂਦਿਆਂ ਨੂੰ, ਇਹ ਕਹਿਕੇ
ਜਲੀਲ ਕਰਦੀ ਸੀ :
'ਤੁਸੀਂ ਦੇਸ ਵਿੱਚ ਕਰੋਨਾ ਮਹਾਮਾਰੀ
ਫੈਲਾਉਣ ਲਈ ਜ਼ਿੰਮੇਵਾਰ ਹੋ'-

ਪਰ, ਮੈਂ ਦੇਖਿਆ-
'ਪੰਜਾਬੀਆਂ ਦੀ ਕੌਮ ਵੱਖਰੀ' ਦਾ ਅਹਿਸਾਸ
ਆਪਣੇ, ਮਨਾਂ ਵਿੱਚ, ਲਈ, ਇੱਥੇ, ਲੋਕ
ਕਰੋਨਾ ਮਹਾਮਾਰੀ ਬਾਰੇ ਚਿੰਤਤ ਹੋਣ ਦੀ ਥਾਂ
ਇਸ ਗੱਲ ਬਾਰੇ ਹੀ ਚਿੰਤਤ ਹਨ
ਧਾਰਮਿਕ ਅਦਾਰਿਆਂ ਦੇ ਘੜੰਮ ਚੌਧਰੀ
ਸੈਂਕੜੇ ਧਾਰਮਿਕ ਗ੍ਰੰਥ ਚੋਰੀ ਵੇਚ ਕੇ
ਲੱਖਾਂ ਹੀ ਰੁਪਏ ਹੜੱਪ ਗਏ ਹਨ

ਪਰ, ਮੈਂ ਦੇਖਿਆ-
ਇੱਥੇ, ਲੋਕ, ਕਰੋਨਾ ਮਹਾਮਾਰੀ ਬਾਰੇ
ਚਿੰਤਤ ਹੋਣ ਦੀ ਥਾਂ, ਆਪਣੇ, ਪੰਜਾਬੀ
ਬਜ਼ੁਰਗਾਂ ਦੀਆਂ ਹੱਡੀਆਂ ਦੀ ਸੁਆਹ
ਕੈਨੇਡਾ ਦੇ, ਕਿਸੀ, ਨਦੀ ਰੂਪੀ
ਪਾਣੀਆਂ ਵਿੱਚ ਰੋੜ੍ਹੇ ਜਾਣ ਦੀ
ਖਬਰ ਸੁਣ ਕੇ ਹੀ
ਝੂਮ ਰਹੇ ਹਨ

ਪਰ, ਮੈਂ ਦੇਖਿਆ-
ਇੱਥੇ, ਲੋਕ, ਕਰੋਨਾ ਮਹਾਮਾਰੀ ਬਾਰੇ
ਚਿੰਤਤ ਹੋਣ ਦੀ ਥਾਂ, ਕੁਝ ਪੰਜਾਬੀ
ਗਰੋਸਰੀ ਸਟੋਰਾਂ ਵੱਲੋਂ, ਗਾਹਕਾਂ ਨੂੰ
ਮੁਫ਼ਤ ਕੁੱਕਰ ਦਿੱਤੇ ਜਾਣ ਦਾ ਐਲਾਨ ਸੁਣ
ਕਰੋਨਾ ਮਹਾਮਾਰੀ ਦੇ ਪਾਸਾਰ ਤੋਂ
ਬੇਪ੍ਰਵਾਹ, ਸ਼ਾਪਿੰਗ ਪਲਾਜ਼ਿਆਂ ਵਿੱਚ
ਭੇਡਾਂ, ਬੱਕਰੀਆਂ, ਵਾਂਗ, ਆਪਸ ਵਿੱਚ
ਧੱਕਮ-ਧੱਕਾ ਹੋ ਰਹੇ ਹਨ

ਬਹੁਤ ਚਾਅ ਸੀ, ਆਪਣੇ

ਦੇਸ ਪਰਤ ਜਾਣ ਦਾ, ਸੋਚਦਾ ਸਾਂ
ਕੈਨੇਡਾ ਪਰਤਾਂਗਾ, ਤਾਂ
ਆਂਢੀਆਂ, ਗੁਆਂਢੀਆਂ, ਦੋਸਤਾਂ, ਸਾਥੀਆਂ, ਨਾਲ
ਖੁੱਲ੍ਹ ਕੇ ਗੱਲਾਂ ਕਰਾਂਗਾ-

ਪਰ, ਮੈਂ ਦੇਖਿਆ-
ਇੱਥੇ, ਤਾਂ, ਆਪਣੇ, ਲੋਕ
ਕਿਸੀ ਹੋਰ ਹੀ ਦੁਨੀਆਂ ਵਿੱਚ
ਵੱਸਦੇ ਹਨ, ਹਿੰਦੁਸਤਾਨ ਅਤੇ
ਕੈਨੇਡਾ ਦਰਮਿਆਨ, ਤ੍ਰੈਸ਼ੰਕੂ ਵਾਂਗ
■

(ਮਾਲਟਨ, ਸਤੰਬਰ 12, 2020)

# ਪੈਰੋਡੀ : ਨੀ ਜਿੰਦੇ

ਕਰੋਨਾਵਾਇਰਸ
ਮਹਾਮਾਰੀ ਵਾਂਗ
ਜਿਉਂ ਨੀ ਜਿੰਦੇ
ਡੋਨਲਡ ਟਰੰਪ ਨੂੰ
ਦੇ ਵਖਤ ਪਾ

ਕਰੋਨਾਵਾਇਰਸ
ਮਹਾਮਾਰੀ ਵਾਂਗ
ਜਿਉਂ ਨੀ ਜਿੰਦੇ
4 ਘੰਟੇ ਦਾ ਨੋਟਿਸ
ਦੇ ਕੇ, ਸਾਰੇ ਇੰਡੀਆ
ਵਿੱਚ, ਲੌਕਡਾਊਨ
ਦੇ ਲਗਾ

ਕਰੋਨਾਵਾਇਰਸ
ਮਹਾਮਾਰੀ ਵਾਂਗ
ਜਿਉਂ ਨੀ ਜਿੰਦੇ
ਕਦੀ, ਥਾਲੀ ਵਜਾ
ਕਦੀ, ਸੰਖ ਵਜਾ
ਕਦੀ, ਸ਼ਿਵਜੀ
ਮਹਾਰਾਜ ਦਾ
ਡਮਰੂ ਵਜਾ

ਕਰੋਨਾਵਾਇਰਸ
ਮਹਾਮਾਰੀ ਵਾਂਗ
ਜਿਉਂ ਨੀ ਜਿੰਦੇ
ਗਰੀਬਾਂ ਨੂੰ
ਭੁੱਖੇ ਮਾਰ
ਬੈਂਕ ਘੁਟਾਲੇ
ਕਰਨ ਵਾਲਿਆਂ
ਨੂੰ, ਦੇਸ਼ 'ਚੋਂ

ਆਪੇ ਹੀ
ਦੇ ਭਜਾ

ਕਰੋਨਾਵਾਇਰਸ
ਮਹਾਮਾਰੀ ਵਾਂਗ
ਜਿਉਂ ਨੀ ਜਿੰਦੇ
ਦੇਸ਼ ਵਾਸੀਆਂ ਨੂੰ
ਦੂਜੇ ਦੇਸ਼ਾਂ ਤੋਂ
ਲਿਆਉਣ ਦੇ
ਨਾਮ ਹੇਠਾਂ
ਲੋਕਾਂ ਤੋਂ
ਦੁੱਗਣੇ ਹਵਾਈ
ਕਿਰਾਏ ਲੁੱਟਦੀ
ਜਾ

ਕਰੋਨਾਵਾਇਰਸ
ਮਹਾਮਾਰੀ ਵਾਂਗ
ਜਿਉਂ ਨੀ ਜਿੰਦੇ
ਲੌਕਡਾਊਨ ਦੇ
ਪਰਦੇ ਹੇਠਾਂ
ਭਾਜਪਾ ਦਾ
ਜਨਮ ਦਿਨ
ਮਨਾ
■

(ਅੰਬਾਲਾ ਛਾਉਣੀ, ਇੰਡੀਆ, ਮਈ 24, 2020)

# ਹਨੂੰਮਾਨ

ਹਨੂੰਮਾਨ, ਭਾਰਤੀ ਮਿਥਿਹਾਸ ਦਾ
ਇੱਕ ਮਹਾਂਬਲੀ ਯੋਧਾ ਹੈ-

ਉਸਨੇ, ਆਪਣੀ ਪੂਛ ਨੂੰ
ਅੱਗ ਲਗਾ ਕੇ, ਰਾਵਣ ਦੀ
ਲੰਕਾ ਫੂਕ ਦਿੱਤੀ ਸੀ

ਹਨੂੰਮਾਨ, ਕੁਝ ਵੀ
ਕਰ ਸਕਦਾ ਹੈ-

ਜੇਕਰ, ਕਿਸੇ ਦੇਸ਼ ਦੀ
ਹਕੂਮਤ, ਹਨੂੰਮਾਨ ਚਾਲੀਸਾ ਦਾ
ਪਾਠ ਕਰਕੇ, ਸੱਚੇ ਦਿਲੋਂ ਅਰਦਾਸ
ਕਰੇ, ਤਾਂ, ਹਨੂੰਮਾਨ-
ਉਸ ਦੇਸ਼ ਦੇ, ਕਿਸੇ ਵੀ
ਸੂਬੇ ਦੀਆਂ ਚੋਣਾਂ ਵਿੱਚ
ਵਰਤੀਆਂ ਗਈਆਂ, ਏਵੀਐਮ
ਮਸ਼ੀਨਾਂ ਦੇ ਕੋਡ ਬਦਲ ਕੇ
ਹਾਰੇ ਹੋਏ ਉਮੀਦਵਾਰਾਂ ਨੂੰ, ਭਾਰੀ ਬਹੁ-ਮੱਤ ਨਾਲ
ਜਿਤਾ ਸਕਦਾ ਹੈ, ਜਿੱਤੇ ਹੋਏ ਉਮੀਦਵਾਰਾਂ ਨੂੰ
ਵੱਡੀ ਗਿਣਤੀ ਨਾਲ, ਹਰਾ ਸਕਦਾ ਹੈ

ਹਨੂੰਮਾਨ, ਕੁਝ ਵੀ
ਕਰ ਸਕਦਾ ਹੈ-

ਜੇਕਰ, ਕਿਸੀ ਵਿਸ਼ਵਵਿਦਿਆਲੇ ਵਿੱਚ
ਘੁਸਬੈਠ ਕਰਕੇ, ਮਾਸੂਮ ਲੋਕਾਂ ਉੱਤੇ
ਕਾਤਲਾਨਾ ਹਮਲੇ ਕਰਨ ਵਾਲੇ ਨਕਾਬਪੋਸ਼
ਹਨੂੰਮਾਨ ਚਾਲੀਸਾ ਦਾ ਪਾਠ ਕਰਕੇ
ਸੱਚੇ ਦਿਲੋਂ ਅਰਦਾਸ ਕਰਨ, ਤਾਂ
ਨਕਾਬਪੋਸ਼ ਜੇਲ੍ਹ ਤੋਂ ਬਾਹਰ

ਕਾਤਲਾਨਾ ਹਮਲੇ ਵਿੱਚ ਜ਼ਖਮੀ
ਹੋਏ ਵਿਅਕਤੀ ਜੇਲ੍ਹ ਵਿੱਚ
ਬੰਦ ਹੋ ਸਕਦੇ ਹਨ

ਹਨੂੰਮਾਨ, ਕੁਝ ਵੀ
ਕਰ ਸਕਦਾ ਹੈ-

ਜੇਕਰ, ਕਿਸੇ ਦੇਸ਼ ਦਾ
ਸੰਸਦ ਮੈਂਬਰ ਬਲਾਤਕਾਰ ਕਰਦਾ
ਪਕੜਿਆ ਜਾਵੇ, ਉਹ
ਹਨੂੰਮਾਨ ਚਾਲੀਸਾ ਦਾ ਪਾਠ ਕਰਕੇ
ਸੱਚੇ ਦਿਲੋਂ ਅਰਦਾਸ ਕਰੇ, ਤਾਂ
ਬਲਾਤਕਾਰੀ ਸੰਸਦ ਮੈਂਬਰ
ਜੇਲ੍ਹ ਤੋਂ ਬਾਹਰ, ਬਲਾਤਕਾਰ ਦਾ ਸ਼ਿਕਾਰ
ਪੀੜਤ ਔਰਤ, ਜੇਲ੍ਹ ਵਿੱਚ
ਬੰਦ ਹੋ ਸਕਦੀ ਹੈ

ਹਨੂੰਮਾਨ, ਕੁਝ ਵੀ
ਕਰ ਸਕਦਾ ਹੈ-

ਅਜੋਕੇ ਸਮਿਆਂ ਦੀ
-ਸਿਆਸਤ
-ਸਭਿਆਚਾਰ
-ਕਾਨੂੰਨ
-ਧਰਮ
ਹਰ ਖੇਤਰ ਵਿੱਚ
ਆਪਣੀ ਸ਼ਕਤੀ ਦਾ
ਪ੍ਰਦਰਸ਼ਨ ਕਰ ਸਕਦਾ ਹੈ
ਹਨੂੰਮਾਨ ਮਹਾਂਬਲੀ ਹੈ
■

(ਅੰਬਾਲਾ ਛਾਉਣੀ, ਇੰਡੀਆ, ਜਨਵਰੀ 22, 2020)

# ਤਰੰਨਮ ਸ਼ਾਇਰੀ

ਪੂਛ ਨੂੰ ਅੱਗ ਲਾ ਕੇ
ਬਾਂਦਰ ਬਹਿ ਗਿਆ
ਰਾਜ ਸਿੰਘਾਸਨ 'ਤੇ
ਜਿਵੇਂ, ਸਮਾਧੀ ਲਾ ਕੇ
ਬੈਠਾ ਯੋਗੀ, ਕੋਈ
ਯੋਗਾ ਆਸਨ 'ਤੇ

ਸ਼ਹਿਰ ਦੇ ਜਿਸ ਕੋਨੇ ਵੀ
ਮਾਰ ਟਪੂਸੀ, ਬਾਂਦਰ
ਜਾ ਪਹੁੰਚੇ, ਬਲ ਉੱਠਦਾ
ਉਹੀ, ਭਾਂਬੜ ਬਣ ਬਣ ਕੇ

ਸ਼ਹਿਰ 'ਚ ਹੋਏ
ਫਿਰਕੂ ਦੰਗਿਆਂ ਵਿੱਚ
ਕਿੰਨੇ ਲੋਕੀਂ ਮਾਰੇ ਗਏ
ਜਾਂ ਜ਼ਖਮੀ ਹੋਏ
ਇਸ ਨਾਲ
ਬਾਂਦਰ ਸੈਨਾ ਨੂੰ
ਨ ਕੋਈ ਫਰਕ ਪਵੇ
ਅੱਲ੍ਹਾ-ਹੂ-ਅਕਬਰ ਦੇ
ਨਾਹਰੇ ਵੀ, ਗਲੀਆਂ ਵਿੱਚ
ਉੱਚੀ ਉੱਚੀ ਲੱਗ ਰਹੇ

ਕੋਈ, ਅਕਲਮੰਦ, ਜੱਜ
ਅਦਾਲਤ ਵਿੱਚ, ਖੜ੍ਹ ਕੇ
ਪੁਲਿਸ ਦੀ ਨਾਕਾਮੀ ਵੱਲ
ਜੇਕਰ, ਉਂਗਲ
ਕਰ ਦੇਵੇ, ਉਸੇ ਪਲ ਹੀ
ਰਾਜੇ ਦਾ ਕੋਈ ਪਾਲਤੂ
ਉਸ ਦੇ ਗਲ 'ਤੇ
ਅੰਗੂਠਾ ਆਣ ਧਰੇ

ਸ਼ਹਿਰ ਦੀਆਂ ਸੜਕਾਂ ‘ਤੇ
ਨੇਤਾ, ਜ਼ਹਿਰੀ
ਭਾਸ਼ਨ ਦਿੰਦੇ ਨੇ
ਸੱਚ ਦਾ ਹੌਕਾ
ਦੇਣ ਵਾਲਾ, ਸਰਕਾਰੀ
ਅੱਖਾਂ ਵਿੱਚ ਰੜਕੇ
■
(ਅੰਬਾਲਾ ਛਾਉਣੀ, ਇੰਡੀਆ, ਮਾਰਚ 1, 2020)

# ਕਾਵਿ-ਉਤਸਵ

ਕਾਵਿ-ਉਤਸਵ, ਅੱਜ ਕੱਲ੍ਹ
ਝਾਂਜਰਾਂ ਦਾ ਛਣਕਾਟਾ
ਪਾਉਣ ਵਾਲੇ, ਗੀਤਾਂ, ਗ਼ਜ਼ਲਾਂ, ਦੀ
ਪੇਸ਼ਕਾਰੀ ਕਰਨ ਵਾਲੇ
ਮੁਜਰੇ ਬਨਣ ਵੱਲ
ਵੱਧ ਰਹੇ ਹਨ

ਹਕੂਮਤ ਦੇ ਏਲਚੀ
ਨਜ਼ਰਾਨੇ ਲੈ ਕੇ
ਮੰਚ ਉੱਤੇ, ਇੰਝ
ਸਸ਼ੋਬਤ ਹੋਏ ਹੁੰਦੇ ਹਨ-

ਜਿਵੇਂ, ਬੀਤੇ ਸਮਿਆਂ ਵਿੱਚ
ਨਵਾਬ, ਕੋਠਿਆਂ ਉੱਤੇ
ਬੈਠੇ, ਨਾਚੀਆਂ ਤੋਂ
ਝੁਕ, ਝੁਕ, ਸਲਾਮਾਂ
ਲੈਂਦੇ, ਕਦੀ, ਕਦੀ
ਸਾਹਮਣੇ ਪਏ, ਹੁੱਕਿਆਂ ਵਿੱਚ
ਗੁੜ, ਗੁੜ, ਕਰਦੇ ਸਨ-

ਨਾਚੀਆਂ-
ਉਨ੍ਹਾਂ ਨੂੰ, ਮੁਖਾਤਿਬ ਹੋ
ਝਾਂਜਰਾਂ ਦਾ ਛਣਕਾਟਾ
ਪਾਂਦੀਆਂ ਸਨ, ਆਪਣੀ
ਗਾਇਕੀ ਦਾ, ਅਲਾਪ
ਛੇੜਦੀਆਂ ਸਨ

ਝਾਂਜਰਾਂ ਦੀ ਛਨ, ਛਨ
ਦੇ ਨਾਲ, ਹਵਾ ਵਿੱਚ
ਵਾਹ, ਵਾਹ, ਵਾਹ, ਵਾਹ
ਗੂੰਜਦੀ ਸੀ-

ਨਵਾਬਾਂ, ਏਲਚੀਆਂ, ਨਾਚੀਆਂ, ਦੇ
ਨਸ਼ੇ ਵਿੱਚ ਭਿੱਜੇ, ਬੋਲ
ਸਾ...ਰੇ...ਗਾ...ਮਾ
ਸਾ...ਰੇ...ਗਾ...ਮਾ
ਸਾ...ਰੇ...ਗਾ...ਮਾ
ਕਰਦੇ, ਰਾਤ ਦੇ
ਹਨ੍ਹੇਰੇ ਵਿੱਚ
ਗੁਆਚ ਜਾਂਦੇ ਸਨ-

ਧਰਤੀ ਦੀ ਤਹਿ
ਹੇਠੋਂ, ਲੰਘ ਰਹੀ
ਭੂਚਾਲ ਦੀ, ਇੱਕ
ਕੰਬਣੀ ਬਣਕੇ
■

(ਅੰਬਾਲਾ ਛਾਉਣੀ, ਇੰਡੀਆ, ਮਾਰਚ 9, 2020)

# ਸੀਤਾ ਤੇ ਰਾਧਾ

ਕਿੱਥੇ ਤੁਰ ਗਈਆਂ
ਭਾਰਤੀ ਮਿਥਿਹਾਸ ਦੀਆਂ
ਪਿਆਰੀਆਂ ਨਾਇਕਾਵਾਂ
ਸੀਤਾ ਤੇ ਰਾਧਾ-

ਰਾਮਾਇਣ ਦੀ ਸਾਰੀ ਰੌਚਿਕਤਾ
ਸੀਤਾ ਦੇ ਨਾਮ ਨਾਲ
ਬਣੀ ਹੋਈ ਹੈ

ਵਰਿੰਦਾਵਣ, ਅੱਜ ਵੀ
ਰਾਧਾ ਦੇ ਨਾਮ ਨਾਲ
ਮਹਿਕ ਉੱਠਦਾ ਹੈ

ਸਮਾਂ ਕਿਹੋ ਜਿਹੀ
ਤੋਰ ਤੁਰ ਰਿਹਾ ਹੈ-

ਭਾਰਤੀ ਮਿਥਿਹਾਸ ਦੇ ਨਾਇਕ
ਇਕੱਲੇ ਰਹਿ ਗਏ ਹਨ

ਹੁਣ, ਕੋਈ ਵੀ
ਇੱਕ ਦੂਜੇ ਨੂੰ ਮਿਲਦਿਆਂ
ਸੀਤਾ-ਰਾਮ ਜਾਂ ਰਾਧੇ-ਕ੍ਰਿਸ਼ਨਾ
ਨਹੀਂ ਕਹਿੰਦਾ

ਹੁਣ, ਤਾਂ
ਮੰਦਿਰਾਂ ਦੇ ਪੁਜਾਰੀ ਵੀ
ਮਹਿਜ਼, ਜੈ ਰਾਮ ਜੀ ਕੀ
ਜਾਂ ਜੈ ਕ੍ਰਿਸ਼ਨਾ ਕਹਿ ਕੇ ਹੀ
ਕੋਲੋਂ ਲੰਘ ਜਾਂਦੇ ਹਨ

ਕਿੱਥੇ ਤੱਕ

ਭਾਰੂ ਹੋ ਗਈ ਹੈ
ਮਰਦਾਵੀਂ ਸੋਚ-

ਜਾਂ ਕਿਸੀ
ਅਗਿਆਤ ਕਾਰਨ
ਭਾਰਤੀ ਮਿਥਿਹਾਸ ਦੀਆਂ
ਪਿਆਰੀਆਂ ਨਾਇਕਾਵਾਂ
ਆਪਣੇ ਪੁਰਸ਼ਾਂ ਨੂੰ
ਆਪ ਹੀ, ਅਲਵਿਦਾ
ਆਖ, ਮੰਚ ਤੋਂ
ਰੁਖ਼ਸਤ ਹੋ ਗਈਆਂ ਹਨ
■

(ਮਾਲਟਨ, ਦਸੰਬਰ 20, 2019)

# ਸੰਭਾਵਨਾਵਾਂ

ਸਾਡੇ ਸਮਿਆਂ ਵਿੱਚ
ਕੁਝ ਵੀ ਵਾਪਰ ਸਕਦਾ ਹੈ-

ਇੱਕ, ਉੱਚ, ਪੁਲਿਸ ਅਫਸਰ
ਹਕੂਮਤ ਦੇ, ਕਿਸੇ
ਮੁਖੀ ਨੂੰ ਖੁਸ਼ ਕਰਨ ਲਈ
ਕਿਸੀ, ਪੁਲਵਾਮਾ ਜਿਹੀ
ਅਤਿਵਾਦੀ, ਘਟਨਾ ਨੂੰ
ਜਨਮ ਦੇ ਸਕਦਾ ਹੈ

ਇੱਕ, ਧਾਰਮਿਕ, ਸੰਸਥਾ ਦਾ
ਜ਼ਿੰਮੇਵਾਰ, ਪੁਜਾਰੀ, ਬੱਚਿਆਂ ਅੰਦਰ
ਦਹਿਸ਼ਤ ਫੈਲਾਉਣ ਲਈ, ਧਰਮ
ਸਥਾਨ ਅੰਦਰ ਹੀ, ਨਿੱਕੀਆਂ
ਨਿੱਕੀਆਂ, ਬਾਲੜੀਆਂ ਦਾ
ਬਲਾਤਕਾਰ ਕਰ ਸਕਦਾ ਹੈ

ਇੱਕ, ਸਕੂਲ ਦਾ, ਮੁੱਖ
ਅਧਿਆਪਕ, ਪ੍ਰਬੰਧਕਾਂ ਦੇ ਇਸ਼ਾਰਿਆਂ ਉੱਤੇ
ਆਪਣੀਆਂ ਹੀ, ਵਿਦਿਆਰਥਣਾਂ ਨੂੰ
ਦੇਹ-ਵਿਉਪਾਰ ਕਰਨ ਲਈ
ਮੰਡੀ ਦੇ, ਦਲਾਲਾਂ ਕੋਲ
ਵੇਚ ਸਕਦਾ ਹੈ

ਇੱਕ, ਮਕਾਰ, ਰਾਜਨੀਤੀਵਾਨ
ਚੋਣਾਂ ਜਿੱਤਣ ਲਈ, ਬਹੁ-ਗਿਣਤੀ
ਧਰਮ ਦੇ ਲੋਕਾਂ ਦੀਆਂ, ਭਾਵਨਾਵਾਂ
ਭੜਕਾਅ, ਘੱਟ-ਗਿਣਤੀ
ਧਰਮ ਦੇ ਲੋਕਾਂ ਦਾ
ਕਤਲੇਆਮ ਕਰਵਾ
ਸਕਦਾ ਹੈ

ਇੱਕ, ਲਾਲਚੀ, ਧਰਮੀ ਆਗੂ
ਆਪਣੇ ਹੀ, ਪੰਜ ਸਿਤਾਰਾ
ਹੋਟਲ ਦੀ ਉਸਾਰੀ ਖਾਤਿਰ
ਧਰਮ ਸਥਾਨ ਦੇ ਖਰਚਿਆਂ ਵਿੱਚ
ਘਾਲਾ-ਮਾਲਾ ਕਰ, ਘਪਲਾ
ਕਰ ਸਕਦਾ ਹੈ

ਇੱਕ, ਮੁਖੌਟਾਧਾਰੀ, ਵਿਸ਼ਵ ਸੰਮੇਲਨਾਂ ਦਾ
ਘੜੰਮ ਚੌਧਰੀ, ਅਲੇਖਕਾਂ ਨੂੰ
ਬਦੇਸ਼ੀ ਧਰਤੀਆਂ ਦੀ ਸੈਰ
ਕਰਵਾਉਣ ਦਾ ਝੂਠਾ ਲਾਰਾ ਲਗਾ
ਹਰ ਵਾਰ, ਹਜ਼ਾਰਾਂ ਡਾਲਰ
ਬਟੋਰ ਸਕਦਾ ਹੈ

ਸਾਡੇ ਸਮਿਆਂ ਵਿੱਚ
ਕੁਝ ਵੀ ਵਾਪਰ ਸਕਦਾ ਹੈ-

ਭਗਤ-ਜਨ
-ਗਾਵਾਂ ਨੂੰ
ਆਪਣੀਆਂ, ਮਾਵਾਂ
ਆਖ ਸਕਦੇ ਹਨ
-ਬਾਂਦਰਾਂ ਨੂੰ
ਆਪਣੇ, ਦੇਵਤੇ
ਆਖ ਸਕਦੇ ਹਨ
-ਕੁੱਤਿਆਂ ਨੂੰ
ਆਪਣੇ, ਮਿੱਤਰ
ਆਖ ਸਕਦੇ ਹਨ

ਸਾਡੇ ਸਮਿਆਂ ਵਿੱਚ
ਕੁਝ ਵੀ ਵਾਪਰ ਸਕਦਾ ਹੈ-

ਗਾਵਾਂ ਦਾ ਪਿਸ਼ਾਬ, ਲੋਕ
ਫਰਿੱਜਾਂ ਵਿੱਚ ਸਾਂਭ
ਸਕਦੇ ਹਨ

ਅਤੇ, ਦੁੱਧ
ਧਰਮ ਸਥਾਨਾਂ ਵਿੱਚ
ਪੱਥਰਾਂ ਉੱਤੇ, ਰੋੜ੍ਹ
ਸਕਦੇ ਹਨ
■

(ਅੰਬਾਲਾ ਛਾਉਣੀ, ਇੰਡੀਆ, ਫਰਵਰੀ 22, 2020)

# ਨੇਤਾ

ਨੇਤਾ, ਭਾਸ਼ਨ ਦੇ ਕੇ ਤੁਰ ਗਿਆ

ਸ਼ਬਦ, ਪਹਿਲਾਂ
ਇੱਟਾਂ, ਰੋੜਿਆਂ, ਵਿੱਚ ਬਦਲੇ
ਫਿਰ, ਲੋਹੇ ਦੀਆਂ ਰਾਡਾਂ ਵਿੱਚ
ਹੌਲੀ, ਹੌਲੀ
ਸ਼ਬਦਾਂ ਨੇ
–ਪੈਟਰੋਲ ਬੰਬਾਂ
–ਤਲਵਾਰਾਂ
–ਪਿਸਤੌਲਾਂ
ਦਾ ਰੂਪ ਧਾਰ ਲਿਆ

ਨੇਤਾ, ਭਾਸ਼ਨ ਦੇ ਕੇ ਤੁਰ ਗਿਆ

ਸ਼ਬਦ, ਪਹਿਲਾਂ
ਫਿਰਕਾਪ੍ਰਸਤੀ ਵਿੱਚ ਬਦਲੇ
ਫਿਰ, ਧਾਰਮਿਕ ਕੱਟੜਪੰਥੀ ਵਿੱਚ
ਹੌਲੀ, ਹੌਲੀ
ਸ਼ਬਦਾਂ ਨੇ
–ਧਾਰਮਿਕ ਜਨੂੰਨ
–ਜਹਾਲਤ
–ਦਹਿਸ਼ਤਗਰਦੀ
ਦਾ ਰੂਪ ਧਾਰ ਲਿਆ

ਨੇਤਾ, ਭਾਸ਼ਨ ਦੇ ਕੇ ਤੁਰ ਗਿਆ

ਸ਼ਬਦ, ਪਹਿਲਾਂ
ਘਰਾਂ ਨੂੰ ਅੱਗਾਂ ਲਗਾਉਣ ਲੱਗੇ
ਫਿਰ, ਦੁਕਾਨਾਂ ਨੂੰ
ਹੌਲੀ, ਹੌਲੀ
ਸ਼ਬਦਾਂ ਨੇ

-ਅੱਗ ਦੀਆਂ ਲਾਟਾਂ ਛੱਡਦੇ ਸਕੂਲਾਂ
-ਸੁਲਗ ਰਹੇ ਹਸਪਤਾਲਾਂ
-ਖੰਡਰ ਬਣੇ ਧਰਮੀ ਅਦਾਰਿਆਂ
ਦਾ ਰੂਪ ਧਾਰ ਲਿਆ

ਨੇਤਾ, ਭਾਸ਼ਨ ਦੇ ਕੇ ਤੁਰ ਗਿਆ

ਸ਼ਬਦ, ਪਹਿਲਾਂ
ਔਰਤਾਂ ਨੂੰ ਕਤਲ ਕਰਨ ਲੱਗੇ
ਫਿਰ, ਮਰਦਾਂ ਨੂੰ
ਫਿਰ, ਬੱਚਿਆਂ ਨੂੰ

ਨੇਤਾ, ਭਾਸ਼ਨ ਦੇ ਕੇ ਤੁਰ ਗਿਆ

ਹਕੂਮਤ, ਸੋਚ ਰਹੀ ਹੈ
ਕਤਲ ਹੋਏ ਲੋਕਾਂ ਦੇ ਵਾਰਸਾਂ ਨੂੰ
ਫੌਰਨ, ਗ੍ਰਿਫਤਾਰ ਕੀਤਾ ਜਾਵੇ

ਜਦੋਂ, ਉਨ੍ਹਾਂ ਨੂੰ ਪਤਾ ਸੀ
ਨੇਤਾ, ਅੱਗ ਲਗਾਊ
ਸ਼ਬਦਾਂ ਦੀ ਬਰਸਾਤ
ਕਰ ਚੁੱਕਾ ਹੈ-

ਤਾਂ, ਉਹ-
ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਘਰਾਂ 'ਚ
ਆਪਣੀ, ਸੁਰੱਖਿਆ ਲਈ
ਛਤਰੀਆਂ ਕਿਉਂ ਨਹੀਂ
ਤਾਣ ਸਕੇ
■

(ਅੰਬਾਲਾ ਛਾਉਣੀ, ਇੰਡੀਆ, ਫਰਵਰੀ 27, 2020)

# ਨਕਾਬਪੋਸ਼ ਹਤਿਆਰੇ

ਨਕਾਬਪੋਸ਼ ਹਤਿਆਰਿਆਂ ਦਾ
ਕੋਈ ਧਰਮ ਨਹੀਂ ਹੁੰਦਾ-

ਉਹ, ਨਫ਼ਰਤ ਦੇ ਵਣਜਾਰੇ ਹੁੰਦੇ ਹਨ
ਉਹ, ਧਰਮੀ ਮੱਠਾਂ ਵਿੱਚ ਸੱਪਾਂ ਵਾਂਗ ਪਲਦੇ ਹਨ
ਉਹ, ਬਘਿਆੜਾਂ ਵਾਂਗ ਖੂੰਖਾਰ ਦੰਦਾਂ ਵਾਲੇ ਹੁੰਦੇ ਹਨ
ਉਹ, ਹਲਕੇ ਹੋਏ ਕੁੱਤਿਆਂ ਵਾਂਗ ਮੂੰਹਾਂ 'ਚੋਂ ਝੱਗ ਸੁੱਟਦੇ ਹਨ
ਉਹ, ਅੱਖਾਂ ਤੋਂ ਅੰਨ੍ਹੇ, ਮੂੰਹਾਂ ਤੋਂ ਗੂੰਗੇ, ਕੰਨਾਂ ਤੋਂ ਬੋਲੇ ਹੁੰਦੇ ਹਨ
ਉਹ, ਤਾਨਾਸ਼ਾਹਾਂ ਦੇ ਇਸ਼ਾਰਿਆਂ ਉੱਤੇ ਤਾਂਡਵ ਨਾਚ ਕਰਦੇ ਹਨ
ਉਹ, ਡਾਇਰ-ਓਡਵਾਇਰ ਨੂੰ ਆਪਣੇ ਪਿਤਾ-ਪੁਰਖੇ ਮੰਨਦੇ ਹਨ
ਉਹ, ਨਿੱਕੀਆਂ ਬਾਲੜੀਆਂ ਦੇ ਸਮੂਹਿਕ ਬਲਾਤਕਾਰ ਕਰਦੇ ਹਨ
ਉਹ, ਵਿਸ਼ਵਵਿਦਿਆਲਿਆਂ ਵਿੱਚ ਬੇਕਸੂਰਾਂ ਉੱਤੇ ਹਮਲੇ ਕਰਦੇ ਹਨ
ਉਹ, ਗਾਂ ਦੇ ਮਲ-ਮੂਤਰ ਨੂੰ ਗੰਗਾਜਲ ਵਾਂਗ ਪਵਿੱਤਰ ਮੰਨਦੇ ਹਨ
ਉਹ, ਭ੍ਰਿਸ਼ਟ ਰਾਜਨੀਤੀਵਾਨਾਂ ਦੇ ਗੜਵਈ ਹੁੰਦੇ ਹਨ
ਉਹ, ਹਿਟਲਰ ਨੂੰ ਆਪਣਾ ਧਰਮ ਗੁਰੂ ਮੰਨਦੇ ਹਨ
ਉਹ, ਬਾਂਦਰ ਸੈਨਾ ਦੇ ਵਫ਼ਾਦਾਰ ਸਿਪਾਹੀ ਹੁੰਦੇ ਹਨ

ਨਕਾਬਪੋਸ਼ ਹਤਿਆਰਿਆਂ ਦਾ
ਕੋਈ ਈਮਾਨ ਨਹੀਂ ਹੁੰਦਾ-
ਉਹ, ਤਾਂ, ਕਿਸੇ ਵੀ
ਧਰਮ ਦੇ ਲੋਕਾਂ ਦੀਆਂ
ਲਾਸ਼ਾਂ ਦੇ ਅੰਬਾਰ
ਲਗਾ ਸਕਦੇ ਹਨ

ਨਕਾਬਪੋਸ਼ ਹਤਿਆਰਿਆਂ ਦੀ
ਕੋਈ ਸੋਚ ਨਹੀਂ ਹੁੰਦੀ-
ਉਹ, ਤਾਂ, ਆਪਣੀਆਂ
ਪੂਛਾਂ ਨੂੰ ਅੱਗ ਲਗਾ
ਹੱਸਦੇ-ਵੱਸਦੇ ਘਰਾਂ ਨੂੰ
ਕਬਰਸਤਾਨ ਬਣਾ ਸਕਦੇ ਹਨ

ਨਕਾਬਪੋਸ਼ ਹਤਿਆਰਿਆਂ ਦੀ
ਕੋਈ ਲਾਲਸਾ ਨਹੀਂ ਹੁੰਦੀ-
ਉਹ, ਤਾਂ, ਕਿਸੀ ਵੀ
ਹਕੂਮਤ ਦੀ ਕੁਰਸੀ ਦੇ
ਪਾਵੇ ਬਣ, ਦਿਨ ਰਾਤ
ਉਸਦੀ, ਆਰਤੀ
ਉਤਾਰ ਸਕਦੇ ਹਨ
■
(ਮਾਲਟਨ, ਜਨਵਰੀ 5, 2020)

# ਡਰੋਨ

ਡਰੋਨ, ਘਰਾਂ ਦੀਆਂ
ਛੱਤਾਂ ਉੱਤੇ ਪਏ, ਇੱਟਾਂ, ਪੱਥਰਾਂ
ਪੈਟਰੋਲ ਬੰਬਾਂ, ਦੀਆਂ
ਤਸਵੀਰਾਂ, ਤਾਂ
ਖਿੱਚ ਸਕਦਾ ਹੈ-
ਪਰ, ਉਹ
ਫਿਰਕੂ, ਨੇਤਾਵਾਂ ਦੀਆਂ
ਨਫ਼ਰਤ ਭਰੀਆਂ
ਹਿੰਸਾ ਭੜਕਾਊ
ਤਕਰੀਰਾਂ ਨਹੀਂ
ਸੁਣ ਸਕਦਾ

ਡਰੋਨ, ਖੇਤਾਂ ਵਿੱਚ
ਲਹਿਲਹਾਂਦੀਆਂ
ਫਸਲਾਂ ਦੀਆਂ
ਤਸਵੀਰਾਂ, ਤਾਂ
ਖਿੱਚ ਸਕਦਾ ਹੈ-
ਪਰ, ਉਹ
ਭੁੱਖਾਂ ਦੇ ਸਤਾਏ
ਲੋਕਾਂ ਦੇ
ਖਾਲੀ ਢਿੱਡਾਂ ਦੀਆਂ
ਆਵਾਜ਼ਾਂ ਨਹੀਂ
ਸੁਣ ਸਕਦਾ

ਡਰੋਨ, ਅਮਰੀਕਾ ਦੇ
ਰਾਸ਼ਟਰਪਤੀ ਟਰੰਪ ਨੂੰ
ਭਾਰਤ ਦੇ ਰਾਸ਼ਟਰਪਤੀ
ਵੱਲੋਂ ਦਿੱਤੇ ਗਏ
ਸ਼ਾਹੀ ਭੋਜ ਦੀਆਂ
ਤਸਵੀਰਾਂ, ਤਾਂ
ਖਿੱਚ ਸਕਦਾ ਹੈ-

ਪਰ, ਉਹ
ਦਿੱਲੀ ਦੀਆਂ
ਝੁੱਗੀਆਂ, ਝੌਂਪੜੀਆਂ ਵਿੱਚ
ਗੋਲ ਰੋਟੀ ਦੇ
ਟੁੱਕੜੇ ਲਈ
ਰੋਂਦੇ ਬੱਚਿਆਂ ਦੀਆਂ
ਆਵਾਜ਼ਾਂ ਨਹੀਂ
ਸੁਣ ਸਕਦਾ

ਡਰੋਨ, ਫਿਰਕੂ, ਦੰਗਿਆਂ ਨੂੰ
ਜਨਮ ਦੇਣ ਵਾਲੇ
ਹਕੂਮਤ ਦੇ ਪਾਲਤੂਆਂ
ਦੇ ਚਿਹਰਿਆਂ ਉੱਤੇ
ਖੁਸ਼ੀਆਂ ਦੇ
ਝਲਕਾਰਿਆਂ ਦੀਆਂ
ਤਸਵੀਰਾਂ, ਤਾਂ
ਖਿੱਚ ਸਕਦਾ ਹੈ-
ਪਰ, ਉਹ
ਫਿਰਕੂ, ਦੰਗਿਆਂ
ਸੰਗ ਤਬਾਹ ਹੋਏ
ਘਰਾਂ ਦੇ ਚੁੱਲ੍ਹਿਆਂ
ਵਿੱਚ ਉੱਡ ਰਹੀ
ਸਵਾਹ ਦੀ
ਆਵਾਜ਼ ਨਹੀਂ
ਸੁਣ ਸਕਦਾ
■

(ਅੰਬਾਲਾ ਛਾਉਣੀ, ਇੰਡੀਆ, ਮਾਰਚ 3, 2020)

# ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ

ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ
ਭਾਰਤ, ਜਵਾਲਾ ਮੁਖੀ ਵਾਂਗ
ਸੁਲਗ ਰਿਹਾ ਹੈ-

ਕੁਝ ਤਾਂ ਹੋਇਆ ਹੀ ਹੋਵੇਗਾ
ਮੌਤ ਦੇ ਵਣਜਾਰੇ ਨੇ
ਧਰਤੀ ਦੀ ਕੁੱਖ 'ਚ
ਜ਼ਹਿਰ ਦਾ ਬੀਜ ਹੀ
ਬੋਇਆ ਹੋਵੇਗਾ

ਦੇਸ਼ ਦੀ ਆਜ਼ਾਦੀ ਲਈ
ਭਰਾਵਾਂ ਵਾਂਗੂੰ ਮਿਲਕੇ, ਲੜੇ ਸੀ
ਸਿੱਖ, ਹਿੰਦੂ, ਮੁਸਲਿਮ, ਈਸਾਈ, ਜੈਨੀ, ਬੋਧੀ

ਫੁੱਲਾਂ ਦੇ ਇਸ ਗੁਲਦਸਤੇ ਨੂੰ
ਆਪਣੇ ਪੈਰਾਂ ਹੇਠਾਂ ਰੋਲਣ ਦਾ
ਗੱਦੀ ਤੇ ਬੈਠੇ, ਹਾਕਮ ਨੇ
ਕੋਈ ਚੰਦਰਾ, ਹੁਕਮ
ਸੁਣਾਇਆ ਹੋਵੇਗਾ

ਜਾਨ ਤਲੀ 'ਤੇ ਰੱਖ ਕੇ
ਲੋਕੀਂ, ਐਵੇਂ ਨਹੀਂ
ਸੜਕਾਂ ਉੱਤੇ ਨਿਕਲ ਆਏ

ਕਿਸੀ ਕਾਤਲ ਨੇ
ਮਖਮਲੀ ਚਿਹਰੇ ਹੇਠਾਂ
ਹਿਟਲਰ ਦਾ ਰੂਪ
ਲੁਕਾਇਆ ਹੋਵੇਗਾ

ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ
ਭਾਰਤ, ਜਵਾਲਾ ਮੁਖੀ ਵਾਂਗ
ਸੁਲਗ ਰਿਹਾ ਹੈ-

ਕੁਝ ਤਾਂ ਹੋਇਆ ਹੀ ਹੋਵੇਗਾ
ਹਾਕਮ ਨੇ, ਆਪਣੇ
ਦਰਸ਼ਨੀ ਚਿਹਰੇ ਹੇਠਾਂ
ਕਿਸੇ ਡਾਇਰ-ਉਡਵਾਇਰ ਦਾ
ਰੂਪ ਛੁਪਾਇਆ ਹੋਵੇਗਾ
■

(ਮਾਲਟਨ, ਦਸੰਬਰ 19, 2019)

# ਲਾਲ ਮਿਰਚਾਂ ਦੀ ਧੂਣੀ

ਜਹਾਲਤ ਦਾ ਤਾਂਡਵ ਨਾਚ ਕਰ ਰਹੇ
-ਜਨੂੰਨਵਾਦੀਆਂ
-ਧਾਰਮਿਕ ਕੱਟੜਵਾਦੀਆਂ
-ਫਿਰਕਾਪ੍ਰਸਤਾਂ
ਦੇ ਨਥੁਣਿਆਂ ਵਿੱਚ, ਅੱਗ ਦੇ
ਭਾਂਬੜ ਬਾਲ ਦਿੰਦੀਆਂ ਹਨ
ਲਾਲ ਮਿਰਚਾਂ ਦੀ
ਧੂਣੀ ਵਰਗੀਆਂ, ਮੇਰੀਆਂ ਨਜ਼ਮਾਂ

ਗਾਵਾਂ ਦਾ ਮਲ-ਮੂਤਰ
ਪੀ ਜਾਣ ਦੇ ਆਦੀ, ਸ਼ਕਿਜ਼ੋਫਰੇਨੀਆ ਦਾ
ਸ਼ਿਕਾਰ, ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਮਾਸੂਮਾਂ, ਬੇਗੁਨਾਹਾਂ ਨੂੰ, ਪਾਂ ਪਏ, ਹਲਕੇ ਹੋਏ
ਕੁੱਤਿਆਂ ਵਾਂਗ, ਵੱਢ ਰਹੇ
ਬਹੁ-ਰੂਪੀਏ, ਰਾਜਨੀਤੀਵਾਨਾਂ ਦੀ
ਮਾਨਸਿਕਤਾ ਵਿੱਚ ਪਲ ਰਹੇ
ਮਨੂੰਵਾਦੀ ਵਿਚਾਰਧਾਰਾ ਦੇ, ਕੀਟਾਣੂੰਆਂ ਦਾ
ਸਰਵਨਾਸ ਕਰਦੀਆਂ
ਲਾਲ ਮਿਰਚਾਂ ਦੀ
ਧੂਣੀ ਵਰਗੀਆਂ, ਮੇਰੀਆਂ ਨਜ਼ਮਾਂ

ਜੁਗਾੜਤੰਤਰ ਦਾ, ਨਿੱਤ, ਰਾਗ ਅਲਾਪਦੇ
ਲੇਖਕਾਂ, ਆਲੋਚਕਾਂ, ਪੱਤਰਕਾਰਾਂ, ਸੰਪਾਦਕਾਂ, ਦੀ
ਸੋਚ ਵਿੱਚ ਪਲ ਰਹੀਆਂ, ਜੁਗਾੜਵਾਦੀ, ਧੜੇਬੰਦਕ
ਤਾਣੇ-ਬਾਣੇ ਬੁਣਦੀਆਂ, ਮੌਕਾਪ੍ਰਸਤ
ਸੋਚਾਂ ਦਾ ਪ੍ਰਦੂਸ਼ਨ ਸਾਫ਼ ਕਰਦੀਆਂ
ਲਾਲ ਮਿਰਚਾਂ ਦੀ
ਧੂਣੀ ਵਰਗੀਆਂ, ਮੇਰੀਆਂ ਨਜ਼ਮਾਂ

ਵਿਸ਼ਵਵਿਦਿਆਲਿਆਂ, ਸਾਹਿਤ ਅਕੈਡਮੀਆਂ, ਸਾਹਿਤ ਸਭਾਵਾਂ
ਵਿੱਚ, ਖੁਸ਼ਾਮਦੀ, ਪੂਛ-ਹਿਲਾਊ, ਚਮਚਾਗੀਰੀ

ਦਾ ਮਾਹੌਲ ਸਿਰਜਦੀਆਂ, ਵਿਕਾਊ, ਗੁਲਾਮ
ਕਲਮਾਂ ਨੂੰ ਸ਼ਰਮਸਾਰ ਕਰਦੀਆਂ
ਲਾਲ ਮਿਰਚਾਂ ਦੀ
ਧੂਣੀ ਵਰਗੀਆਂ, ਮੇਰੀਆਂ ਨਜ਼ਮਾਂ

ਕਾਤਲਾਂ, ਬਲਾਤਕਾਰੀਆਂ, ਭ੍ਰਿਸ਼ਟਾਚਾਰੀਆਂ
ਦੇ ਸਿਰਾਂ ਵਿੱਚ, ਹਥੌੜਿਆਂ ਵਾਂਗ, ਵਜਦੀਆਂ
ਲਾਲ ਮਿਰਚਾਂ ਦੀ
ਧੂਣੀ ਵਰਗੀਆਂ, ਮੇਰੀਆਂ ਨਜ਼ਮਾਂ

ਮਾਸੂਮਾਂ, ਬੇਗੁਨਾਹਾਂ, ਦੱਬੇ-ਕੁਚਲਿਆਂ
ਲਈ ਹੱਕ ਦਾ ਨਾਹਰਾ ਮਾਰਦੀਆਂ
ਲਾਲ ਮਿਰਚਾਂ ਦੀ
ਧੂਣੀ ਵਰਗੀਆਂ, ਮੇਰੀਆਂ ਨਜ਼ਮਾਂ
■

(ਅੰਬਾਲਾ ਛਾਉਣੀ, ਇੰਡੀਆ, ਜਨਵਰੀ 28, 2020)

# ਗੋਡਸੇ ਦੀ ਵਾਪਸੀ

ਗਾਂਧੀ ਦੇ ਮਰਨ ਦਿਨ ਉੱਤੇ
ਫਿਰ, ਕੋਈ, ਮਿੰਨੀ ਗੋਡਸੇ
ਆ ਪਹੁੰਚਾ ਹੈ-

ਜੈ ਸ੍ਰੀ ਰਾਮ, ਜੈ ਸ੍ਰੀ ਰਾਮ
ਕਰਦਿਆਂ, ਹਵਾ ਵਿੱਚ ਪਿਸਤੌਲ ਘੁੰਮਾਂਦਿਆਂ
ਬੇਗੁਨਾਹਾਂ ਉੱਤੇ, ਗੋਲੀਆਂ ਦੀ
ਵਾਛੜ ਕਰਦਾ ਹੋਇਆ

ਉਹ, ਡਾਇਰ-ਓਡਵਾਇਰ ਨੂੰ
ਯਾਦ ਕਰਦਿਆਂ
ਆਖਦਾ ਹੈ : ਮੇਰੇ ਕੋਲ, ਕੁਝ
ਸੰਗੀ-ਸਾਥੀਆਂ ਦੀ, ਭੀੜ ਹੁੰਦੀ, ਤਾਂ
ਮੈਂ ਵੀ, ਸ਼ਾਹੀਨ ਬਾਗ਼ ਵਿੱਚ
ਆਜ਼ਾਦੀ ਦੀ ਮੰਗ ਕਰ ਰਹੇ
ਲੋਕਾਂ ਉੱਤੇ ਗੋਲੀਆਂ ਦੀ
ਬੁਛਾੜ ਕਰ, ਸ਼ਾਹੀਨ ਬਾਗ਼ ਨੂੰ
ਵੀ, ਜਲ੍ਹਿਆਂ ਵਾਲਾ ਬਾਗ਼ ਬਣਾ ਦਿੰਦਾ

ਹੇ ਭਾਰਤ !
ਡਾਇਰ-ਓਡਵਾਇਰ ਦੀ ਰੂਹ
ਦਿੱਲੀ ਦੀਆਂ ਗਲੀਆਂ ਵਿੱਚ
ਮੰਡਰਾ ਰਹੀ ਹੈ

ਇਹ, ਭਾਰਤ ਦੇ
ਅੱਛੇ ਦਿਨ ਆਉਣ ਦੀ
ਨਿਸ਼ਾਨੀ, ਹਰਗਿਜ਼, ਨਹੀਂ-

ਇਹ, ਤਾਂ
ਹਿਟਲਰ ਦੇ ਆਉਣ ਦੀਆਂ
ਭਵਿੱਖ ਬਾਣੀਆਂ

ਜਾਪਦੀਆਂ ਹਨ

■

(ਜਨਵਰੀ 31, 2020, ਅੰਬਾਲਾ ਛਾਉਣੀ, ਇੰਡੀਆ)

# ਦਿੱਲੀ, ਜਲ ਰਹੀ ਹੈ

ਦਿੱਲੀ, ਜਲ ਰਹੀ ਹੈ

ਟਰੰਪ ਦਾ ਟਰੰਪਟ
ਵੱਜ ਰਿਹਾ ਹੈ
ਪੂਰੇ ਤਰੰਨਮ ਨਾਲ
ਪੂੰਜੀਵਾਦ, ਪੂੰਜੀਵਾਦ
ਗੱਜ ਰਿਹਾ ਹੈ
ਫਾਇਲਨ, ਫਾਇਲਨ
ਦੀ ਧੁੰਨ ਕੱਢ ਰਿਹਾ ਹੈ

ਦਿੱਲੀ, ਜਲ ਰਹੀ ਹੈ

ਗੜਵੱਈਏ, ਟਰੰਪ ਨੂੰ
ਦੇਵਤਾ ਮੰਨ
ਮੰਦਰਾਂ 'ਚ, ਚੌਕੀਆਂ
ਭਰ ਰਹੇ ਹਨ
ਉਸ ਦੇ, ਪੈਰਾਂ 'ਚ
ਵਿਛ, ਵਿਛ
ਆਪਣੀ, ਗੁਲਾਮ
ਮਾਨਸਿਕਤਾ ਦਾ
ਜਨਾਜ਼ਾ ਕੱਢ ਰਹੇ ਹਨ

ਦਿੱਲੀ, ਜਲ ਰਹੀ ਹੈ

ਹਕੂਮਤਾਂ, ਹਥਿਆਰਾਂ ਦੀ
ਖ਼੍ਰੀਦੋ-ਫਰੋਖਤ ਕਰਨ ਵਿੱਚ
ਮਦਮਸਤ ਹਨ
ਜੈ ਸ੍ਰੀ ਰਾਮ, ਅੱਲਾ-ਹੂ-ਅਕਬਰ
ਨਾਹਰਿਆਂ ਨੂੰ ਲੱਗੇ ਦਸਤ ਹਨ
ਫਿਰਕਾਪ੍ਰਸਤ ਸਿਆਸਤ ਦਾ
ਹਰ ਤਰਫ ਬੋਲਬਾਲਾ ਹੈ

ਕੋਈ ਸਾਜ਼ਿਸ਼ ਰਚ ਰਿਹਾ
ਇਹ ਕੋਈ, ਸਜ਼ਿਸ਼ੀ ਟੋਲਾ ਹੈ

ਦਿੱਲੀ, ਜਲ ਰਹੀ ਹੈ

ਇਸਲਾਮਿਕ, ਦਹਿਸ਼ਤਗਰਦੀ ਨੂੰ
ਕਰੜੇ ਸ਼ਬਦਾਂ ਨਾਲ, ਕੋਸਿਆ ਜਾ ਰਿਹਾ ਹੈ
ਪਰ, ਸੜਕਾਂ, ਬਾਜ਼ਾਰਾਂ, ਚੌਰਸਤਿਆਂ 'ਚ
ਬੜੇ ਚਾਵਾਂ ਨਾਲ, ਹਿੰਦੂਤਵੀ
ਦਹਿਸ਼ਤਗਰਦੀ ਨੂੰ, ਪੈਟਰੋਲ ਬੰਬਾਂ 'ਚ
ਲਪੇਟ, ਪਰੋਸਿਆ
ਜਾ ਰਿਹਾ ਹੈ

ਦਿੱਲੀ, ਜਲ ਰਹੀ ਹੈ

ਇਹ, ਕਿਸ ਹਤਿਆਰੇ ਦੀ
ਕੋਈ, ਚਾਲ ਫਲ ਰਹੀ ਹੈ

ਦਿੱਲੀ, ਜਲ ਰਹੀ ਹੈ !
ਦਿੱਲੀ, ਜਲ ਰਹੀ ਹੈ !!
ਦਿੱਲੀ, ਜਲ ਰਹੀ ਹੈ !!!
■

(ਅੰਬਾਲਾ ਛਾਉਣੀ, ਇੰਡੀਆ, ਫਰਵਰੀ 25, 2020)

# ਦੇਵੀਆਂ ਦੇ ਬਲਾਤਕਾਰ

ਜਿੱਥੇ, ਔਰਤਾਂ ਨੂੰ
ਦੇਵੀਆਂ ਕਿਹਾ ਜਾਂਦਾ ਹੈ-
ਉੱਥੇ, ਲੋਕ, ਦੇਵੀਆਂ ਦਾ
ਸਮੂਹਿਕ ਬਲਾਤਕਾਰ
ਕਰ ਦਿੰਦੇ ਹਨ

ਕਿਉਂਕਿ, ਉਨ੍ਹਾਂ ਦੇ
ਦੇਵਤੇ ਵੀ, ਇਹੋ ਕੁਝ ਹੀ
ਕਰਦੇ ਰਹੇ ਹਨ

ਭਾਰਤੀ ਮਿਥਿਹਾਸ ਦੇ
ਨਾਮ ਉੱਤੇ, ਸਦੀਆਂ ਤੋਂ
ਲੋਕਾਂ ਦੀ ਚੇਤਨਾ ਵਿੱਚ
ਇਹੋ ਕੁਝ ਹੀ, ਕੁੱਟ ਕੁੱਟ ਕੇ
ਭਰਿਆ ਜਾਂਦਾ ਰਿਹਾ ਹੈ

ਜਿੱਥੇ, ਔਰਤ ਨੂੰ
ਮੰਦਿਰਾਂ ਵਿੱਚ, ਵੇਸਵਾ
ਬਨਣ ਦੀ ਸਿਖਲਾਈ
ਦਿੱਤੀ ਜਾਂਦੀ ਰਹੀ ਹੈ

ਜਿੱਥੇ, ਤੁਲਸੀ ਦਾਸ
ਜਿਹੇ, ਮਹਾਂ ਕਵੀ, ਔਰਤ ਨੂੰ
ਪੈਰ ਦੀ ਜੁੱਤੀ ਸਮਝਦੇ ਹੋਣ

ਜਿੱਥੇ, ਪੀਲੂ ਵਰਗੇ
ਸ਼ਾਇਰ, ਔਰਤ ਦੀ ਮੱਤ
ਗਿੱਟਿਆਂ ਵਿੱਚ ਕਹਿੰਦੇ ਹੋਣ

ਔਰਤ ਨੂੰ
ਦੇਵੀ ਬਨਣ ਦੀ

ਕੋਈ, ਲੋੜ ਨਹੀਂ-

ਉਸ ਨੂੰ
ਔਰਤ ਹੀ ਰਹਿਣ ਦੇਵੋ

ਉਸ ਨੂੰ
ਮਾਂ, ਧੀ, ਪਤਨੀ, ਭੈਣ, ਮਹਿਬੂਬਾ
ਹੀ, ਰਹਿਣ ਦੇਵੋ
■

(ਮਾਲਟਨ, ਦਸੰਬਰ 2, 2019)

# ਤੁਸੀਂ, ਕਿੰਝ ਸੋਚਦੇ ਹੋ

ਕਰਤਾਰ ਪੁਰ ਲਾਂਘਾ
ਬਰਲਿਨ ਦੀ ਦੀਵਾਰ
ਟੁੱਟਣ ਵਾਂਗ ਹੈ

ਕਰੋੜਾਂ ਲੋਕਾਂ ਦੇ
ਉਦਾਸੇ, ਚਿਹਰਿਆਂ ‘ਤੇ
ਅਚਾਨਕ, ਆਈ
ਕੋਈ, ਗੈਬੀ
ਮੁਸਕਰਾਹਟ ਹੈ

ਅਨੰਤ-
ਸੁੱਕ ਗਏ
ਨੈਣਾਂ ‘ਚੋਂ
ਹੋਈ, ਅਚਾਨਕ
ਮੂਸਲਾਧਾਰ
ਬਰਸਾਤ ਹੈ

ਉਹ, ਹੋਰ ਲੋਕ ਹੋਣਗੇ
ਜੋ, ਅਜਿਹੇ ਪਲਾਂ ਬਾਰੇ
ਆਪਣੀ ਸੋਚ ਵਿੱਚ
ਹਰ ਪਲ, ਬੀਜਦੇ ਰਹਿੰਦੇ ਨੇ
ਨਫ਼ਰਤ ਦੇ ਬੀਜ

ਇਹ, ਤਾਂ-
ਚਿਰਾਂ ਤੋਂ, ਬੰਜਰ ਹੋ ਰਹੀ
ਧਰਤ ‘ਤੇ, ਅਮਨ ਅਤੇ ਪਿਆਰ ਦੇ
ਇੱਕ, ਲੰਬੇ ਗੀਤ ਦੇ
ਬੋਲਾਂ ਦੀ ਕਿਣਮਿਣ
ਦੀ, ਹੋਈ, ਅਜੇ
ਸ਼ੁਰੂਆਤ ਹੈ

ਤੁਸੀਂ, ਕਿੰਝ ਸੋਚਦੇ ਹੋ !
ਤੁਸੀਂ, ਕਿੰਝ ਸੋਚਦੇ ਹੋ !!
ਤੁਸੀਂ, ਕਿੰਝ ਸੋਚਦੇ ਹੋ !!!

■

(ਅੰਬਾਲਾ ਛਾਉਣੀ, ਇੰਡੀਆ, ਫਰਵਰੀ 23, 2020)

# ਸੋਨੇ ਦੀਆਂ ਪਾਲਕੀਆਂ

ਸ਼ਬਦ, ਜਿਨ੍ਹਾਂ ਨੇ
ਸ਼ਾਹੀ ਮਹਿਲਾਂ ਦੇ ਹੰਕਾਰੀ ਹਰਕਾਰੇ ਨੂੰ ਵੀ
ਕੁੱਤਾ ਕਹਿ ਦੇਣਾ, ਉਹ
ਕਿੰਝ, ਸਹਿ ਲੈਣਗੇ
ਕੈਦ, ਸੋਨੇ ਦੀਆਂ
ਪਾਲਕੀਆਂ ਦੀ-

ਸੋਨੇ ਦੀਆਂ ਪਾਲਕੀਆਂ, ਤਾਂ
ਸੱਤਾ ਤੇ ਕਾਬਜ਼, ਖੂੰਖਾਰ
ਮਲਕ ਭਾਗੋਆਂ ਦੇ, ਅਹਿਲਕਾਰਾਂ
ਅਤੇ, ਦਿਨ ਰਾਤ, ਮਿੱਟੀ ਨਾਲ ਮਿੱਟੀ
ਹੁੰਦੇ, ਮਿਹਨਤਕਸ਼, ਲਾਲੋਆਂ
ਦਰਮਿਆਨ, ਮੀਲਾਂ ਦਾ
ਫਾਸਲਾ ਸਿਰਜਣ

ਸੋਨੇ ਦੀਆਂ ਪਾਲਕੀਆਂ
ਖਾਤਿਰ, ਸੱਜਣ ਠੱਗ, ਇਹ
ਦਰਿਆਵਾਂ ਦੇ ਪਾਣੀਆਂ ਵਿੱਚ
ਨਿੱਤ, ਆਪਣੀਆਂ, ਫੈਕਟਰੀਆਂ ਦਾ
ਜ਼ਹਿਰ ਘੋਲਦੇ, ਮੌਤ ਦਾ ਨੰਗਾ
ਤਾਂਡਵ ਨਾਚ ਨੱਚਦੇ
ਬੈਂਕਾਂ ਵਿੱਚ ਘੁਟਾਲੇ ਕਰਦੇ
ਗੈਂਗਸਟਰਾਂ ਦੀ ਨਿੱਤ ਪਿੱਠ ਠੋਕਦੇ
ਵੋਟ-ਮਸ਼ੀਨਾਂ ਵਿੱਚ ਹੇਰਾ-ਫੇਰੀ ਕਰਦੇ
ਪੁਲਿਸ ਥਾਣਿਆਂ ਵਿੱਚ ਉਹ ਚਿੱਟਾ ਵੇਚਣ
ਧਰਮ ਸਥਾਨਾਂ ਦੀਆਂ ਗੋਲਕਾਂ ਵਿੱਚ ਸੰਨ੍ਹ ਲਗਾਂਦੇ
ਦਾਲ, ਸਬਜ਼ੀਆਂ ਦੀਆਂ ਕੀਮਤਾਂ ਅਸਮਾਨ ਚੜ੍ਹਾਉਂਦੇ
ਊਚ-ਨੀਚ, ਜ਼ਾਤ-ਪਾਤ, ਦਾ ਮਨੂੰਵਾਦੀ ਸ਼ੋਰ ਮਚਾਂਦੇ

ਸ਼ਬਦਾਂ ਨੂੰ, ਆਜ਼ਾਦ ਫਿਜ਼ਾ ਵਿੱਚ
ਮਹਿਕਣ, ਟਹਿਕਣ, ਫੈਲਣ ਦੇਵੋ-

ਸ਼ਬਦ, ਜਿਨ੍ਹਾਂ ਨੇ
ਸ਼ਾਹੀ ਮਹਿਲਾਂ ਦੇ, ਹੰਕਾਰੀ
ਅਹਿਲਕਾਰਾਂ ਨੂੰ
ਕੁੱਤੇ ਕਹਿ ਦੇਣਾ-

ਉਹ-
ਕਿੰਝ, ਸਹਿ ਲੈਣਗੇ-
ਕੈਦ, ਸੋਨੇ ਦੀਆਂ
ਪਾਲਕੀਆਂ ਦੀ
■
(ਮਾਲਟਨ, ਨਵੰਬਰ 21, 2019)

# ਜਸਵੰਤ ਸਿੰਘ ਕੰਵਲ

ਉਹ, ਲੇਖਕ ਸੀ
ਰਾਜਨੀਤੀਵਾਨ ਨਹੀਂ-
ਜਿੱਧਰ ਦੀ ਹਵਾ ਵੱਗਦੀ
ਉਹ, ਉੱਧਰ ਹੀ
ਹਵਾ ਵਿੱਚ ਆਪਣਾ
ਪਤੰਗ ਉਡਾ ਦਿੰਦਾ

ਨਕਸਲਬਾੜੀ ਲਹਿਰ ਦੀ ਹਵਾ ਵਗੀ
ਤਾਂ, ਉਸਨੇ, 'ਲਹੂ ਦੀ ਲੋਅ'
ਨਾਵਲ ਲਿਖ ਦਿੱਤਾ

ਖਾਲਿਸਤਾਨੀ ਦਹਿਸ਼ਤਗਰਦੀ ਦੀ ਹਨ੍ਹੇਰੀ ਝੁੱਲੀ
ਤਾਂ, ਉਸਨੇ, 'ਏਨਿਆਂ 'ਚੋਂ ਉੱਠੇ ਸੂਰਮਾ'
ਨਾਵਲ ਲਿਖ ਦਿੱਤਾ

ਉਸ ਵਿਰੁੱਧ ਲੋਕ ਰੋਹ ਜਾਗਿਆ
ਤਾਂ, ਉਹ ਬੋਲਿਆ :
'ਇਹ ਵੀ ਤਾਂ ਪੰਜਾਬੀ ਮਾਵਾਂ ਦੇ
ਪੁੱਤ ਮਰ ਰਹੇ ਹਨ'

ਉਹ ਲਿਖਤਾਂ ਵਿੱਚ, ਤਾਂ
ਪ੍ਰੇਮ ਵਿਆਹਾਂ ਦੀ ਗੱਲ ਕਰਦਾ
ਪਰ, ਲੋਕਾਂ ਆਖਿਆ :
'ਉਹ, ਜ਼ਿੰਦਗੀ ਵਿੱਚ
ਇਸ ਵਿਚਾਰ ਉੱਤੇ
ਪਹਿਰਾ ਨ ਦੇ ਸਕਿਆ'

ਉਹ, ਆਪਣੀਆਂ ਲਿਖਤਾਂ ਦੇ
ਲੱਖਾਂ ਪਾਠਕ ਬਨਾਉਣ ਦੇ
ਨਾਲ, ਨਾਲ, ਇਹ
ਸੁਆਲ ਵੀ, ਸਾਡੇ ਸਾਹਮਣੇ

ਰੱਖ ਗਿਆ :
'ਕੀ ਲੇਖਕ ਦੀ, ਆਪਣੀ ਵੀ
ਕੋਈ, ਵਿਚਾਰਧਾਰਾ ਹੋਣੀ
ਚਾਹੀਦੀ ਹੈ
ਜਾਂ ਕਿ ਉਸ ਨੂੰ
ਹਵਾ ਦਾ ਰੁਖ ਦੇਖ ਕੇ ਹੀ
ਹਵਾ ਵਿੱਚ ਆਪਣਾ
ਪਤੰਗ ਉਡਾਂਦੇ ਰਹਿਣਾ
ਚਾਹੀਦਾ ਹੈ'

■

(ਅੰਬਾਲਾ ਛਾਉਣੀ, ਇੰਡੀਆ, ਫਰਵਰੀ 2, 2020)

# ਦਿੱਲੀ ਦੀਆਂ ਚੋਣਾਂ

ਬੰਦੇ ਦੀ ਜਿੱਤ ਹੋਈ
ਬਾਂਦਰ ਸੈਨਾ ਜਾ ਡਿੱਗੀ
ਢੱਠੇ ਖੂਹ ਵਿੱਚ-

ਬੰਦਾ, ਪਿਆਸਿਆਂ ਨੂੰ
ਪਾਣੀ ਪਿਲਾਂਦਾ
ਭੁੱਖਿਆਂ ਨੂੰ
ਭੋਜਨ ਖਵਾਂਦਾ
ਹਨ੍ਹੇਰੇ ਘਰਾਂ 'ਚ
ਦੀਵੇ ਜਗਾਂਦਾ
ਢਿੱਲੇ, ਮੱਠਿਆਂ ਨੂੰ
ਦੁਆ-ਦਾਰੂ ਦਿੰਦਾ
ਬੇਘਰਾਂ ਲਈ
ਰਹਿਣ ਜੋਗੀ, ਛੱਤ
ਉਸਾਰਦਾ

ਬਾਂਦਰ ਸੈਨਾ
ਦਿਨ ਚੜ੍ਹਦੇ ਹੀ, ਤੁਰ ਪੈਂਦੀ
ਵੱਸਦੇ, ਘਰ ਉਜਾੜਨ

ਰਾਹ ਜਾਂਦੇ, ਲੋਕਾਂ
ਉੱਤੇ ਹਮਲੇ ਕਰ
ਉਨ੍ਹਾਂ ਦੇ ਜਿਸਮਾਂ ਨੂੰ
ਚੀਥੜਾ, ਚੀਥੜਾ, ਕਰਨ

ਬਜ਼ੁਰਗਾਂ ਦੇ ਹੱਥਾਂ 'ਚ
ਫੜੇ ਰੋਟੀ ਦੇ ਟੁੱਕੜੇ
ਖੋਹ ਲੈ ਜਾਣ

ਨਿਆਣਿਆਂ ਦੇ
ਹਿੱਸੇ ਦਾ, ਰਸੋਈ 'ਚ

ਪਿਆ, ਦੁੱਧ ਪੀ ਜਾਣ

ਮੌਕਾ ਲੱਗਦਾ, ਤਾਂ
ਬਾਂਦਰ ਸੈਨਾ, ਆਪਣੀਆਂ
ਪੂਛਾਂ ਨੂੰ, ਅੱਗ ਲਗਾ
ਗਰੀਬਾਂ ਦੀਆਂ, ਝੌਂਪੜੀਆਂ
ਫੂਕ ਸੁੱਟਦੀ

ਬੰਦੇ ਦੀ ਜਿੱਤ ਹੋਈ
ਬਾਂਦਰ ਸੈਨਾ ਜਾ ਡਿੱਗੀ
ਢੱਠੇ ਖੂਹ ਵਿੱਚ-

ਹਰ ਕਿਸੀ ਨੇ, ਖੁਸ਼ੀ ਵਿੱਚ
ਨਾਹਰਾ ਬੁਲੰਦ ਕੀਤਾ-

ਇਨਕਲਾਬ
ਜ਼ਿੰਦਾਬਾਦ
■
(ਫਰਵਰੀ 11, 2020, ਲਾਹੌਰ, ਪਾਕਿਸਤਾਨ)

# ਡਾਇਰੀ ਦੇ ਪੰਨੇ

1.
ਬਾਬਾ

ਉਹ, ਜੋ ਉਮਰ ਭਰ
ਤਰਕਸ਼ੀਲ ਗੱਲਾਂ ਕਰਦਾ ਰਿਹਾ-
ਉਸਦੇ ਚੇਲੇ ਉਸ ਨੂੰ ਵੱਡਾ ਕਰਾਮਾਤੀ
ਸਿੱਧ ਕਰਨ ਲਈ ਜ਼ੋਰ ਲਗਾ ਰਹੇ ਨੇ

2.
ਥੜੇ

ਸ਼ਹਿਰ 'ਚ, ਹਰ ਕੋਈ
ਆਪਣਾ, ਆਪਣਾ, ਵੱਖਰਾ
ਥੜਾ ਉਸਾਰ ਰਿਹਾ-
ਭਾਵੇਂ, ਮੂੰਹ ਵਿੱਚ, ਸਾਂਝੀਵਾਲਤਾ ਦਾ
ਮੰਤਰ ਬੁੜਬੁੜ ਕਰਦਾ ਹੈ

3.
ਸਹਿਜ ਆਨੰਦ

ਉਹ, ਤਾਂ, ਸਹਿਜ ਆਨੰਦ ਦੀ
ਬਾਣੀ ਲੱਭਦੇ ਸਨ-
ਰਾਜੇ ਸ਼ੀਂਹ, ਮੁਕੱਦਮ ਕੁੱਤੇ
ਪਤਾ ਨਹੀਂ, ਕਦ ਕੋਈ
ਉਨ੍ਹਾਂ ਦੇ ਸਾਹਵੇਂ ਆਖ ਗਿਆ

4.
ਬਹਾਨਾ

ਗੁਰੂ ਬਾਬੇ ਦੀ ਯਾਦ 'ਚ
ਮਿਲ ਬੈਠਣ ਦਾ, ਤਾਂ, ਬਸ

ਇੱਕ ਨਿਰਾ ਬਹਾਨਾ ਸੀ-
ਅਸਲੀ ਮਕਸਦ, ਤਾਂ
ਮਲਿਕ ਭਾਗੋਆਂ ਸੰਗ ਬਹਿ ਕੇ
ਖੀਰਾਂ-ਪੂੜੇ ਖਾਣਾ ਸੀ

5.
ਲਾਂਘਾ

ਲਾਂਘੇ ਤੋਂ ਕਾਂਟੇਦਾਰ ਤਾਰ
ਚੁੱਕੀ, ਤਾਂ, ਹਰ ਪਾਸੇ
ਹਵਾ, ਅਮਨ, ਅਮਨ
ਸੀ ਕੂਕ ਰਹੀ-
ਪਰ, ਸ਼ਹਿਰ ਦੇ ਰਾਜੇ ਨੂੰ
ਤਾਂ, ਅਜੇ ਵੀ, ਜੰਗ ਦੇ
ਸੁਪਣੇ ਆਉਂਦੇ ਸਨ
■

(ਮਾਲਟਨ, ਨਵੰਬਰ 24, 2019)